@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 6 February 2026

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 6 ਫਰਵਰੀ 2026, 24 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 93, qpatrika@gmail.com ਫੋਨ : 9971359517 www.qaumipatrika.org

## ਆਤਿਸ਼ੀ ਵੀਡੀਓ ਮਾਮਲਾ : ਵਿਸ਼ੇਸ਼ ਅਧਿਕਾਰ ਕਮੇਟੀ ਨੇ ਪੰਜਾਬ ਦੇ ਅਧਿਕਾਰੀਆਂ ਤੋਂ ਇਕ ਹਫਤੇ 'ਚ ਮੰਗਿਆ ਜਵਾਬ

ਨਵੀਂ ਦਿੱਲੀ : 5 ਫਰਵਰੀ, ਆਤਿਸ਼ੀ ਮਾਮਲੇ ਵਿਚ ਦਿੱਲੀ ਵਿਧਾਨ ਸਭਾ ਤੇ ਪੰਜਾਬ ਪੁਲਸ ਵਿਚਾਲੇ ਤਕਰਾਰ ਲਗਾਤਾਰ ਵਧਦੀ ਜਾ ਰਹੀ ਹੈ। ਬੀਤੇ ਦਿਨ ਦਿੱਲੀ ਵਿਧਾਨ ਸਭਾ ਨੇ ਅਤਿਸ਼ੀ ਮਾਮਲੇ ਵਿਚ ਪੰਜਾਬ ਪੁਲਸ ਦੀ ਕਾਰਵਾਈ ਬਾਰੇ ਜਾਂਚ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪੀ ਸੀ ਤੇ ਹੁਣ ਕਮੇਟੀ ਵੱਲੋਂ ਪੰਜਾਬ ਦੇ ਅਧਿਕਾਰੀਆਂ ਨੂੰ ਇਕ ਹਫਤੇ ਵਿਚ ਜਵਾਬ ਦੇਣ ਲਈ ਕਿਹਾ ਗਿਆ ਹੈ।



ਸਿੱਖ ਗੁਰੂਆਂ ਵਿਰੁੱਧ ਕਥਿਤ ਇਤਰਾਜ਼ਯੋਗ ਟਿੱਪਣੀਆਂ ਦੇ ਮਾਮਲੇ ਵਿੱਚ ਦਿੱਲੀ ਵਿਧਾਨ ਸਭਾ ਨੇ ਪੰਜਾਬ ਪੁਲਸ ਦੇ ਉੱਚ ਅਧਿਕਾਰੀਆਂ ਖ਼?ਲਾਫ਼ ਸਖ਼ਤ ਰੁਖ਼ ਅਖਤਿਆਰ ਕਰ ਲਿਆ ਹੈ। ਦਿੱਲੀ ਵਿਧਾਨ ਸਭਾ ਸਕੱਤਰੇਤ ਵੱਲੋਂ ਜਾਰੀ ਕੀਤੇ ਗਏ ਇੱਕ ਅਧਿਕਾਰਤ ਪੱਤਰ ਅਨੁਸਾਰ, ਦਿੱਲੀ ਦੇ ਕਾਨੂੰਨ ਅਤੇ ਨਿਆਂ ਮੰਤਰੀ ਕਪਿਲ ਮਿਸ਼ਰਾ ਵੱਲੋਂ 02 ਫਰਵਰੀ 2026 ਨੂੰ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਵਿਰੁੱਧ ਸਿੱਖ ਗੁਰੂਆਂ ਬਾਰੇ ਕੀਤੀਆਂ ਕਥਿਤ ਟਿੱਪਣੀਆਂ ਸਬੰਧੀ ਸ਼ਿਕਾਇਤ ਦਰਜ ਕਰਵਾਈ ਗਈ ਸੀ। ਸਰੋਤਾਂ ਅਨੁਸਾਰ, ਦਿੱਲੀ ਵਿਧਾਨ ਸਭਾ ਦੇ ਮਾਨਯੋਗ ਸਪੀਕਰ ਨੇ ਪੰਜਾਬ ਪੁਲਸ ਦੇ ਅਧਿਕਾਰੀਆਂ ਦੇ ਵਤੀਰੇ ਅਤੇ ਦਸਤਾਵੇਜ਼ ਸਾਂਝੇ ਕਰਨ ਤੋਂ ਇਨਕਾਰ ਕਰਨ ਦੇ ਮਾਮਲੇ ਦੀ ਜਾਂਚ ਤੋਂ ਬਾਅਦ ਇਹ ਪਾਇਆ ਹੈ ਕਿ ਇਸ ਵਿੱਚ ਪਹਿਲੀ ਨਜ਼ਰੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਅਤੇ ਮਾਣਹਾਨੀ ਦਾ ਮਾਮਲਾ ਬਣਦਾ ਹੈ। ਇਸ ਮਾਮਲੇ ਵਿੱਚ ਵਧੀਕ ਮੁੱਖ ਸਕੱਤਰ (ਗ੍ਰਹਿ), ਡੀਜੀਪੀ ਪੰਜਾਬ ਗੌਰਵ ਯਾਦਵ, ਪੁਲਸ ਕਮਿਸ਼ਨਰ ਜਲੰਧਰ ਨੂੰ ਧਿਰ ਬਣਾਇਆ ਗਿਆ ਹੈ।

# ਜਲਦੀ ਹੀ ਬਣੇਗਾ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ: ਪ੍ਰਧਾਨ ਮੰਤਰੀ ਮੋਦੀ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**



ਨਵੀਂ ਦਿੱਲੀ-5 ਫਰਵਰੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਜ ਸਭਾ ਵਿੱਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਪ੍ਰਸਤਾਵ ਦੀ ਚਰਚਾ ਦਾ ਜਵਾਬ ਦਿੰਦਿਆਂ ਵਿਰੋਧੀ ਧਿਰ ਦੇ ਭਾਰੀ ਹੰਗਾਮੇ ਦਰਮਿਆਨ ਦੇਸ਼ ਦੇ ਵਿਕਾਸ ਅਤੇ ਭਵਿੱਖ ਦੇ ਟੀਚਿਆਂ ਬਾਰੇ ਵੱਡੇ ਦਾਅਵੇ ਕੀਤੇ ਹਨ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਭਾਰਤ ਹੁਣ ਨਾ ਰੁਕੇਗਾ ਅਤੇ ਨਾ ਹੀ ਪਿੱਛੇ ਮੁੜ ਕੇ ਦੇਖੇਗਾ, ਸਗੋਂ ਆਪਣੇ ਮਿੱਥੇ ਹੋਏ ਟੀਚਿਆਂ ਨੂੰ ਪ੍ਰਾਪਤ ਕਰੇਗਾ।

ਅਰਥਵਿਵਸਥਾ 'ਚ ਵੱਡੀ ਛਾਲ
ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਦੌਰਾਨ ਦੇਸ਼ ਦੀ ਆਰਥਿਕ ਤਰੱਕੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਦੋਂ ਉਨ੍ਹਾਂ ਨੂੰ ਸੱਤਾ ਮਿਲੀ ਸੀ, ਉਦੋਂ ਦੇਸ਼ 'ਫਰੈਜੀਲ ਫਾਈਵ' (ਕਮਜ਼ੋਰ ਪੰਜ) ਅਰਥਵਿਵਸਥਾਵਾਂ 'ਚ ਸ਼ਾਮਲ ਸੀ। ਅੱਜ ਭਾਰਤ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਚੁੱਕਾ ਹੈ ਅਤੇ ਬਹੁਤ ਜਲਦ ਤੀਜੇ ਨੰਬਰ ਦੀ ਆਰਥਿਕ ਸ਼ਕਤੀ ਬਣਨ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਅੱਜ ਤੇਜ਼ ਰਫ਼ਤਾਰ ਅਤੇ ਘੱਟ ਮਹਿੰਗਾਈ (ਲੋਅ ਇਨਫਲੇਸ਼ਨ) ਦੇ ਨਾਲ ਅੱਗੇ ਵਧ ਰਿਹਾ ਹੈ, ਜੋ ਕਿ ਇੱਕ ਦੁਰਲੱਭ ਪ੍ਰਾਪਤੀ ਹੈ। ਵਿਰੋਧੀ ਧਿਰ ਦੇ ਹੰਗਾਮੇ 'ਤੇ ਚੁਟਕੀ

ਪੀ.ਐੱਮ. ਮੋਦੀ ਦੇ ਭਾਸ਼ਣ ਦੌਰਾਨ ਵਿਰੋਧੀ ਧਿਰ ਦੇ ਮੈਂਬਰਾਂ ਨੇ ਸਦਨ ਦੇ ਵਿਚਕਾਰ (ਵੈੱਲ) ਆ ਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਹੰਗਾਮੇ 'ਤੇ ਚੁਟਕੀ ਲੈਂਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਮੱਲਿਕਾਰਜੁਨ ਖੜਗੇ ਦੀ ਉਮਰ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਬੈਠੇ-ਬੈਠੇ ਹੀ ਨਾਅਰੇ ਲਗਾਉਣ ਦੀ ਇਜਾਜ਼ਤ ਦੇ ਦਿੱਤੀ ਜਾਣੀ ਚਾਹੀਦੀ ਹੈ। ਜਦੋਂ ਵਿਰੋਧੀ ਮੈਂਬਰਾਂ ਨੇ ਸਦਨ 'ਚੋਂ ਵਾਕਆਊਟ ਕੀਤਾ ਤਾਂ ਪੀ.ਐੱਮ. ਨੇ ਤੰਜ਼ ਕਸਦਿਆਂ ਕਿਹਾ, ਜਿਹੜੇ ਲੋਕ ਥੱਕ ਗਏ ਸਨ, ਉਹ ਚਲੇ ਗਏ ਪਰ ਉਨ੍ਹਾਂ ਨੂੰ ਕਦੇ ਨਾ ਕਦੇ ਜਵਾਬ ਦੇਣਾ ਹੀ ਪਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕੋਵਿਡ ਤੋਂ ਬਾਅਦ ਬਦਲ ਰਹੀ ਵਿਸ਼ਵ ਵਿਵਸਥਾ 'ਚ ਦੁਨੀਆ ਅੱਜ ਭਾਰਤ ਵੱਲ ਉਮੀਦ ਅਤੇ ਭਰੋਸੇ ਨਾਲ ਦੇਖ ਰਹੀ ਹੈ। ਭਾਰਤ ਅੱਜ 'ਗਲੋਬਲ ਸਾਊਥ' ਦੀ ਇਕ ਬੁਲੰਦ ਆਵਾਜ਼ ਬਣ ਕੇ ਉੱਭਰਿਆ ਹੈ। ਉਨ੍ਹਾਂ ਕਾਂਗਰਸ 'ਤੇ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਪੁਰਾਣੀਆਂ ਸਰਕਾਰਾਂ ਦੀਆਂ ਗਲਤੀਆਂ ਨੂੰ ਸੁਧਾਰਨ 'ਚ ਹੀ ਸਾਡੀ ਬਹੁਤ ਸਾਰੀ ਊਰਜਾ ਲੱਗ ਰਹੀ ਹੈ। ਅਤੇ ਉਹ ਸਿਰਫ ਵੋਟ ਬੈਂਕ ਦੀ ਰਾਜਨੀਤੀ ਕਰਦੀਆਂ ਸਨ, ਜਦਕਿ ਅੱਜ ਭਾਰਤ ਦੁਨੀਆ ਨਾਲ ਮੁਕਾਬਲਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਪੀ.ਐਮ. ਮੋਦੀ ਨੇ ਕਿਹਾ ਕਿ ਅੱਜ ਦੁਨੀਆ ਭਾਰਤ ਦੇ ਉੱਦਮੀਆਂ ਨੂੰ ਬਰਾਬਰੀ ਦੀ ਨਜ਼ਰ ਨਾਲ ਦੇਖਦੀ ਹੈ। ਦੇਸ਼ ਦਾ ਐੱਮ.ਐੱਸ.ਐੱਮ.ਈ. ਨੈੱਟਵਰਕ ਜਿੰਨਾ ਸਮਰੱਥ ਹੋ ਰਿਹਾ ਹੈ, ਉਸ ਨਾਲ ਵਿਸ਼ਵ ਦਾ ਭਾਰਤ 'ਤੇ ਭਰੋਸਾ ਹੋਰ ਵਧਿਆ ਹੈ। ਉਨ੍ਹਾਂ ਯਾਦ ਦਿਵਾਇਆ ਕਿ ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਵੀ ਉਨ੍ਹਾਂ ਨੇ 'ਵਾਈਬ੍ਰੈਂਟ ਗੁਜਰਾਤ' ਰਾਹੀਂ ਦੇਸ਼ ਦੀ ਇੱਛਾ ਸ਼ਕਤੀ ਦਿਖਾਈ ਸੀ ਅਤੇ ਅੱਜ ਪੂਰਾ ਦੇਸ਼ ਆਪਣੀ ਸਮਰੱਥਾ ਦਿਖਾ ਰਿਹਾ ਹੈ।

## 140 ਕਰੋੜ ਲੋਕਾਂ ਦੀ ਊਰਜਾ ਸੁਰੱਖਿਆ ਸਭ ਤੋਂ ਪਹਿਲਾਂ', ਭਾਰਤ ਵੱਲੋਂ ਰੂਸੀ ਤੇਲ ਰੋਕਣ ਦਾ ਦਾਅਵਾ ਰੱਦ

ਨਵੀਂ ਦਿੱਲੀ : 5 ਫਰਵਰੀ, ਭਾਰਤ ਸਰਕਾਰ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਦਾਅਵੇ ਨੂੰ ਸਪੱਸ਼ਟ ਤੌਰ 'ਤੇ ਨਕਾਰ ਦਿੱਤਾ ਹੈ ਜਿਸ 'ਚ ਕਿਹਾ ਗਿਆ ਸੀ ਕਿ ਭਾਰਤ ਰੂਸ ਤੋਂ ਤੇਲ ਦੀ ਖਰੀਦ ਬੰਦ ਕਰਨ ਲਈ ਸਹਿਮਤ ਹੋ ਗਿਆ ਹੈ। ਵਿਦੇਸ਼ ਮੰਤਰਾਲੇ ਨੇ ਦੁਹਰਾਇਆ ਹੈ ਕਿ 140 ਕਰੋੜ ਲੋਕਾਂ ਲਈ ਊਰਜਾ ਸੁਰੱਖਿਆ ਯਕੀਨੀ ਬਣਾਉਣਾ ਭਾਰਤ ਸਰਕਾਰ ਦੀ ਸਰਵਉੱਚ ਤਰਜੀਹ ਹੈ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਭਾਰਤ ਦੇ ਊਰਜਾ ਸਬੰਧੀ ਫੈਸਲੇ ਰਾਸ਼ਟਰੀ ਹਿੱਤਾਂ ਅਤੇ ਬਾਜ਼ਾਰ ਦੀਆਂ ਸਥਿਤੀਆਂ ਮੁਤਾਬਕ ਲਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਊਰਜਾ ਸਰੋਤਾਂ 'ਚ ਵਿਭਿੰਨਤਾ ਲਿਆਉਣਾ ਭਾਰਤ ਦੀ ਰਣਨੀਤੀ ਦਾ ਮੁੱਖ ਹਿੱਸਾ ਹੈ ਤਾਂ ਜੋ ਅੰਤਰਰਾਸ਼ਟਰੀ ਗਤੀਸ਼ੀਲਤਾ ਦੇ ਵਿਚਕਾਰ ਦੇਸ਼ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ।

ਜ਼ਿਕਰਯੋਗ ਹੈ ਕਿ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ ਰਾਹੀਂ ਦਾਅਵਾ ਕੀਤਾ ਸੀ ਕਿ ਭਾਰਤ-ਅਮਰੀਕਾ ਵਪਾਰ ਸਮਝੌਤੇ ਤੋਂ ਬਾਅਦ ਨਵੀਂ ਦਿੱਲੀ ਰੂਸੀ ਤੇਲ ਦੀ ਖਰੀਦ ਬੰਦ ਕਰਕੇ ਅਮਰੀਕਾ ਅਤੇ ਸੰਭਾਵਿਤ ਤੌਰ 'ਤੇ ਵੈਨੇਜ਼ੁਏਲਾ ਤੋਂ ਤੇਲ ਖਰੀਦੇਗੀ। ਹਾਲਾਂਕਿ, ਭਾਰਤ ਨੇ ਸਪੱਸ਼ਟ ਕੀਤਾ ਹੈ ਕਿ ਵੈਨੇਜ਼ੁਏਲਾ ਤੋਂ ਤੇਲ ਦੀ ਖਰੀਦ ਵਪਾਰਕ ਵਿਵਹਾਰਕਤਾ 'ਤੇ ਨਿਰਭਰ ਕਰੇਗੀ। ਕੇਂਦਰੀ ਵਪਾਰ ਮੰਤਰੀ ਪੀਯੂਸ਼ ਗੋਇਲ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਭਾਰਤ ਲਈ ਆਪਣੇ ਨਾਗਰਿਕਾਂ ਦੀ ਊਰਜਾ ਸੁਰੱਖਿਆ ਸਭ ਤੋਂ ਉੱਪਰ ਹੈ। ਰੂਸ ਨੇ ਵੀ ਇਸ ਸਥਿਤੀ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਭਾਰਤ ਵੱਲੋਂ ਰੂਸ ਨਾਲ ਊਰਜਾ ਸਹਿਯੋਗ 'ਤੇ ਮੁੜ ਵਿਚਾਰ ਕਰਨ ਦਾ ਕੋਈ ਕਾਰਨ ਨਹੀਂ ਹੈ। ਰੂਸੀ ਵਿਦੇਸ਼ ਮੰਤਰਾਲੇ ਦੀ ਬੁਲਾਰਾ ਮਾਰੀਆ ਜ਼ਾਖਾਰੋਵਾ ਨੇ ਕਿਹਾ ਕਿ ਇਹ ਵਪਾਰ ਦੋਵਾਂ ਦੇਸ਼ਾਂ ਲਈ ਲਾਹੇਵੰਦ ਹੈ ਅਤੇ ਅੰਤਰਰਾਸ਼ਟਰੀ ਊਰਜਾ ਬਾਜ਼ਾਰ ਵਿੱਚ ਸਥਿਰਤਾ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ।

ਇਸ ਦੌਰਾਨ, ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅਮਰੀਕਾ ਦੇ ਦੌਰੇ 'ਤੇ ਹਨ, ਜਿੱਥੇ ਉਨ੍ਹਾਂ ਨੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨਾਲ ਮੁਲਾਕਾਤ ਕੀਤੀ। ਇਸ ਬੈਠਕ ਵਿੱਚ ਇੰਡੋ-ਪੈਸੀਫਿਕ, ਪੱਛਮੀ ਏਸ਼ੀਆ ਤੇ ਯੂਕਰੇਨ ਸੰਘਰਸ਼ ਸਮੇਤ ਕਈ ਅਹਿਮ ਵਿਸ਼ਵਵਿਆਪੀ ਮੁੱਦਿਆਂ 'ਤੇ ਚਰਚਾ ਹੋਈ।

## ਕੈਨੇਡੀਅਨ ਵ.ਫਦ ਨੇ CM ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕੀਤੀ



ਚੰਡੀਗੜ੍ਹ: 5 ਫਰਵਰੀ, ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਵੀਰਵਾਰ ਨੂੰ ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਸੰਤ ਕਬੀਰ ਕੁਟੀਰ' ਵਿਖੇ ਕੈਨੇਡਾ ਦੇ ਇਕ ਉੱਚ ਪੱਧਰੀ ਵਫ਼ਦ ਨੇ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਇਸ ਵਫ਼ਦ ਦੀ ਅਗਵਾਈ ਕੈਨੇਡਾ ਦੀ ਅਲਬਰਟਾ ਸਰਕਾਰ 'ਚ ਸਵਦੇਸ਼ੀ ਸਬੰਧਾਂ ਦੀ ਮੰਤਰੀ ਰਾਜਨ ਸਾਹਨੀ ਨੇ ਕੀਤੀ।

ਬੈਠਕ ਦੌਰਾਨ ਹਰਿਆਣਾ ਅਤੇ ਕੈਨੇਡਾ ਵਿਚਾਲੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ ਸਿੱਖਿਆ, ਹੁਨਰ ਵਿਕਾਸ, ਨਵੀਨਤਾ ਅਤੇ ਨਿਵੇਸ਼ ਵਰਗੇ ਮਹੱਤਵਪੂਰਨ ਵਿਸ਼ਿਆਂ 'ਤੇ ਵਿਸਤ੍ਰਿਤ ਚਰਚਾ ਹੋਈ।

ਮੁੱਖ ਮੰਤਰੀ ਨੇ ਦੱਸਿਆ ਕਿ ਹਰਿਆਣਾ ਦੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਕੈਨੇਡਾ 'ਚ ਉੱਚ ਸਿੱਖਿਆ ਪ੍ਰਾਪਤ ਕਰ ਰਹੇ ਹਨ, ਜਿਸ ਨਾਲ ਦੋਵਾਂ ਦੇਸ਼ਾਂ ਦੇ ਵਿਦਿਅਕ ਸਬੰਧ ਲਗਾਤਾਰ ਮਜ਼ਬੂਤ ਹੋ ਰਹੇ ਹਨ। ਇਸ ਮੌਕੇ ਭਾਰਤ, ਖਾਸ ਕਰਕੇ ਹਰਿਆਣਾ 'ਚ ਕੈਨੇਡੀਅਨ ਯੂਨੀਵਰਸਿਟੀਆਂ ਦੇ ਵਿਦੇਸ਼ੀ ਕੈਂਪਸ ਸਥਾਪਤ ਕਰਨ ਦੀਆਂ ਸੰਭਾਵਨਾਵਾਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਕੈਨੇਡੀਅਨ ਵਫ਼ਦ ਨੇ ਅਲਬਰਟਾ ਦੇ ਉੱਨਤ ਹੁਨਰ ਵਿਕਾਸ ਮਾਡਲ ਅਤੇ ਸਿੱਖਿਆ ਤੇ ਰੁਜ਼ਗਾਰ ਦੇ ਪਾੜੇ ਨੂੰ ਪੂਰਨ ਲਈ ਚਲਾਈਆਂ ਜਾ ਰਹੀਆਂ ਪਹਿਲਕਦਮੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਦੋਵਾਂ ਧਿਰਾਂ ਨੇ ਕਿੱਤਾਮੁਖੀ ਸਿੱਖਿਆ, ਉਦਯੋਗ ਅਧਾਰਤ ਸਿਖਲਾਈ ਅਤੇ ਕਾਰਜਬਲ ਵਿਕਾਸ ਪ੍ਰੋਗਰਾਮਾਂ 'ਚ ਸਹਿਯੋਗ ਵਧਾਉਣ 'ਤੇ ਸਹਿਮਤੀ ਜਤਾਈ, ਤਾਂ ਜੋ ਹਰਿਆਣਾ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕੀਤੇ ਜਾ ਸਕਣ। ਇਸ ਤੋਂ ਇਲਾਵਾ, ਬੈਠਕ 'ਚ ਊਰਜਾ, ਖੇਤੀਬਾੜੀ, ਫੂਡ ਪ੍ਰੋਸੈਸਿੰਗ, ਲੌਜਿਸਟਿਕਸ ਅਤੇ ਮੁਕਤ ਵਪਾਰ ਵਰਗੇ ਖੇਤਰਾਂ ਵਿੱਚ ਸੰਭਾਵੀ ਸਹਿਯੋਗ ਬਾਰੇ ਵੀ ਚਰਚਾ ਹੋਈ। ਮੁੱਖ ਮੰਤਰੀ ਸੈਣੀ ਨੇ ਨਵਿਆਉਣਯੋਗ ਊਰਜਾ ਅਤੇ ਖੇਤੀ ਅਧਾਰਤ ਉਦਯੋਗਾਂ 'ਚ ਹਰਿਆਣਾ ਦੀਆਂ ਵਧਦੀਆਂ ਸਮਰੱਥਾਵਾਂ ਦਾ ਜ਼ਿਕਰ ਕਰਦਿਆਂ ਕੈਨੇਡਾ ਨਾਲ ਤਕਨੀਕੀ ਸਹਿਯੋਗ ਅਤੇ ਨਿਵੇਸ਼ ਵਿੱਚ ਦਿਲਚਸਪੀ ਦਿਖਾਈ। ਉਨ੍ਹਾਂ ਨੇ ਹਰਿਆਣਾ ਸਰਕਾਰ ਵੱਲੋਂ ਦੁਵੱਲੇ ਸਹਿਯੋਗ ਅਤੇ ਆਰਥਿਕ ਭਾਈਵਾਲੀ ਨੂੰ ਉਤਸ਼ਾਹਿਤ ਕਰਨ ਲਈ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ।

## ਰਾਹੁਲ ਗਾਂਧੀ ਨੂੰ ਲੈ ਕੇ ਰਾਜ ਸਭਾ 'ਚ ਸੱਤਾਧਾਰੀ ਪਾਰਟੀ ਤੇ ਵਿਰੋਧੀ ਧਿਰ 'ਚ ਵਿਵਾਦ, ਕਾਂਗਰਸ ਨੇ ਕੀਤਾ ਵਾਕਆਊਟ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**




ਨਵੀਂ ਦਿੱਲੀ: 5 ਫਰਵਰੀ, ਕਾਂਗਰਸ ਪਾਰਟੀ ਨੇ ਵੀਰਵਾਰ ਨੂੰ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਲੋਕ ਸਭਾ ਵਿੱਚ ਬੋਲਣ ਨਾ ਦੇਣ ਦਾ ਮੁੱਦਾ ਵੀ ਉਠਾਇਆ, ਜਿਸ ਕਾਰਨ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ ਵਿਚਕਾਰ ਤਿੱਖੀ ਬਹਿਸ ਹੋਈ, ਜਿਸ ਤੋਂ ਬਾਅਦ ਕਾਂਗਰਸ ਸਦਨ ਵਿੱਚੋਂ ਵਾਕਆਊਟ ਕਰ ਗਈ। ਸਦਨ ਵਿੱਚ ਵਿਧਾਨਕ ਕਾਗਜ਼ਾਤ ਰੱਖੇ ਜਾਣ ਤੋਂ ਬਾਅਦ ਚੇਅਰਮੈਨ ਨੇ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਨੂੰ ਬੋਲਣ ਦਾ ਮੌਕਾ ਦਿੱਤਾ।

ਇਸ ਮੁੱਦੇ ਨੂੰ ਉਠਾਉਂਦੇ ਹੋਏ ਸ੍ਰੀ ਖੜਗੇ ਨੇ ਕਿਹਾ ਕਿ ਸਰਕਾਰ ਵਿਰੋਧੀ ਧਿਰ ਦੀ ਆਵਾਜ਼ ਨੂੰ ਦਬਾ ਰਹੀ ਹੈ ਅਤੇ ਲੋਕਤੰਤਰੀ ਪ੍ਰਕਿਰਿਆ ਵਿੱਚ ਵਿਘਨ ਪਾ ਰਹੀ ਹੈ। ਸਦਨ ਦੇ ਨੇਤਾ ਜਗਤ ਪ੍ਰਕਾਸ਼ ਨੱਡਾ ਅਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜੀਜੂ ਨੇ ਕਿਹਾ ਕਿ ਰਾਜ ਸਭਾ ਵਿੱਚ ਲੋਕ ਸਭਾ ਦੀਆਂ ਬਹਿਸਾਂ ਨਹੀਂ ਉਠਾਈਆਂ ਜਾ ਸਕਦੀਆਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲੋਕ ਸਭਾ ਵਿੱਚ ਰਾਸ਼ਟਰਪਤੀ ਦੇ ਭਾਸ਼ਣ ਦਾ ਜਵਾਬ ਦੇਣ ਤੋਂ ਰੋਕਣ ਤੋਂ ਬਾਅਦ, ਕਾਂਗਰਸ ਹੁਣ ਰਾਜ ਸਭਾ ਵਿੱਚ ਵੀ ਉਹੀ ਰਣਨੀਤੀ ਅਪਣਾ ਰਹੀ ਹੈ ਤਾਂ ਜੋ ਉਨ੍ਹਾਂ ਨੂੰ ਬੋਲਣ ਤੋਂ ਰੋਕਿਆ ਜਾ ਸਕੇ।

ਉਨ੍ਹਾਂ ਨੇ ਵਿਅੰਗਮਈ ਢੰਗ ਨਾਲ ਸ੍ਰੀ ਖੜਗੇ ਨੂੰ ਸੁਝਾਅ ਦਿੱਤਾ ਕਿ ਉਹ ਬਹੁਤ ਤਜਰਬੇਕਾਰ ਅਤੇ ਸੀਨੀਅਰ ਹਨ ਅਤੇ ਉਨ੍ਹਾਂ ਨੂੰ ਕਾਂਗਰਸ ਨੂੰ ਰਾਹੁਲ ਗਾਂਧੀ ਦਾ ਬੰਧਕ ਨਹੀਂ ਬਣਨ ਦੇਣਾ ਚਾਹੀਦਾ। ਚੇਅਰਮੈਨ ਸੀ.ਪੀ. ਰਾਧਾਕ੍ਰਿਸ਼ਨਨ ਨੇ ਸਾਬਕਾ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਇੱਕ ਬਿਆਨ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਨਹਿਰੂ ਨੇ ਉਸ ਸਮੇਂ ਇਹ ਵੀ ਕਿਹਾ ਸੀ ਕਿ ਲੋਕ ਸਭਾ ਅਤੇ ਰਾਜ ਸਭਾ ਨਾਲ ਸਬੰਧਤ ਮੁੱਦੇ ਦੂਜੇ ਸਦਨ ਵਿੱਚ ਉਠਾਉਣਾ ਚੰਗਾ ਅਭਿਆਸ ਨਹੀਂ ਹੈ। ਉਨ੍ਹਾਂ ਸ੍ਰੀ ਖੜਗੇ ਅਤੇ ਹੋਰ ਮੈਂਬਰਾਂ ਨੂੰ ਕਿਹਾ ਕਿ ਉਹ ਇਸ ਸਦਨ ਵਿੱਚ ਲੋਕ ਸਭਾ ਦੇ ਮੁੱਦੇ ਨਹੀਂ ਉਠਾ ਸਕਦੇ। ਇਹ ਸੰਸਦ ਦੀ ਪਰੰਪਰਾ ਦੇ ਵਿਰੁੱਧ ਹੈ। ਸ੍ਰੀ ਖੜਗੇ ਨੇ ਕਿਹਾ ਕਿ ਸੰਸਦ ਦੋਵਾਂ ਸਦਨਾਂ ਤੋਂ ਬਣੀ ਹੈ ਅਤੇ ਜੇਕਰ ਲੋਕ ਸਭਾ ਵਿੱਚ ਵਿਰੋਧੀ ਧਿਰ ਦਾ ਨੇਤਾ ਰਾਸ਼ਟਰੀ ਹਿੱਤ ਦਾ ਕੋਈ ਮੁੱਦਾ ਉਠਾਉਣਾ ਚਾਹੁੰਦਾ ਹੈ।

## ਲੋਕ ਸਭਾ ਸ਼ੁਰੂ ਹੁੰਦੀ ਹੈ ਮੁਲਤਵੀ, ਇਕ ਮਿੰਟ ਹੀ ਚੱਲੀ ਕਾਰਵਾਈ

ਨਵੀਂ ਦਿੱਲੀ- 5 ਫਰਵਰੀ, ਲੋਕ ਸਭਾ 'ਚ ਪਿਛਲੇ ਕੁਝ ਦਿਨਾਂ ਤੋਂ ਜਾਰੀ ਗਤੀਰੋਧ ਵੀਰਵਾਰ ਸਵੇਰੇ ਵੀ ਬਰਕਰਾਰ ਰਿਹਾ ਅਤੇ ਕਾਰਵਾਈ ਸ਼ੁਰੂ ਹੋਣ ਦੇ ਇਕ ਮਿੰਟ ਅੰਦਰ ਹੀ ਕਾਰਵਾਈ ਦੁਪਹਿਰ 12 ਵਜੇ ਤੱਕ ਲਈ ਮੁਲਤਵੀ ਕਰ ਦਿੱਤੀ ਗਈ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਬੁੱਧਵਾਰ ਨੂੰ ਸਦਨ 'ਚ ਕਈ ਵਿਰੋਧੀ ਮੈਂਬਰਾਂ ਦੇ ਸੱਤਾਪੱਖ ਦੀ ਗੈਲਰੀ ਵੱਲ ਪਹੁੰਚ ਕੇ ਵਿਰੋਧ ਦਰਜ ਕਰਵਾਉਣ ਦੀ ਘਟਨਾ ਨੂੰ ਲੈ ਕੇ ਨਾਰਾਜ਼ਗੀ ਜਤਾਈ ਅਤੇ ਕਿਹਾ ਕਿ ਇਹ ਘਟਨਾ ਦੇ ਸਦਨ ਦੀ ਮਰਿਆਦਾ ਦੇ ਪ੍ਰਤੀਕੂਲ ਹੈ। ਸਦਨ ਦੀ ਕਾਰਵਾਈ ਵੀਰਵਾਰ ਸਵੇਰੇ 11 ਵਜੇ ਸ਼ੁਰੂ ਹੁੰਦੇ ਹੀ ਰੌਲਾ ਸ਼ੁਰੂ ਹੋ ਗਿਆ। ਬਿਰਲਾ ਨੇ ਕਿਹਾ,"ਸਦਨ 'ਚ ਕੱਲ ਜੋ ਘਟਨਾ ਹੋਈ, ਜਿਸ ਤਰ੍ਹਾਂ ਨਾਲ ਵਿਰੋਧੀ ਧਿਰ ਦੇ ਮੈਂਬਰ ਸੱਤਾ ਪੱਖ ਵੱਲ ਪਹੁੰਚੇ... ਇਹ ਸਦਨ ਦੀ ਮਰਿਆਦਾ ਦੇ ਅਨੁਕੂਲ ਨਹੀਂ ਹੈ। ਸਦਨ ਦੀ ਮਰਿਆਦਾ ਬਣਾਏ ਰੱਖਣ ਦੀ ਜ਼ਿੰਮੇਵਾਰੀ ਸਾਡੀ ਸਾਰਿਆਂ ਦੀ ਹੈ। ਜੇਕਰ ਮਰਿਆਦਾ ਖਤਮ ਕਰ ਦੇਵਾਂਗੇ ਤਾਂ ਸਦਨ ਦੀ ਕਾਰਵਾਈ ਚਲਾਉਣਾ ਸਪੀਕਰ ਲਈ ਉੱਚਿਤ ਨਹੀਂ ਹੁੰਦਾ।" ਇਸ ਤੋਂ ਬਾਅਦ ਉਨ੍ਹਾਂ ਦੀ ਸਦਨ ਦੀ ਕਾਰਵਾਈ ਦੁਪਹਿਰ 12 ਵਜੇ ਤੱਕ ਲਈ ਮੁਲਤਵੀ ਕਰ ਦਿੱਤੀ।

## ਸੱਚ ਨੂੰ ਕੁਚਲਣ ਦੀ ਕੋਸ਼ਿਸ਼ ਕਰ ਰਹੀ 'ਆਪ' ਸਰਕਾਰ : ਜੈਰਾਮ ਠਾਕੁਰ

ਸ਼ਿਮਲਾ/ਜਲੰਧਰ- 5 ਫਰਵਰੀ, ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਆਗੂ ਜੈਰਾਮ ਠਾਕੁਰ ਨੇ ਪੰਜਾਬ ਕੇਸਰੀ ਗਰੁੱਪ ਦੇ ਜਲੰਧਰ, ਬਠਿੰਡਾ ਅਤੇ ਲੁਧਿਆਣਾ ਦਫ਼ਤਰਾਂ 'ਤੇ ਪੰਜਾਬ ਸਟੇਟ ਜੀ.ਐਸ.ਟੀ. ਵਿਭਾਗ ਵੱਲੋਂ ਮਾਰੀ ਗਈ ਰੇਡ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਨੇ ਇਸ ਕਾਰਵਾਈ ਨੂੰ ਸੱਚ ਨੂੰ ਕੁਚਲਣ ਦੀ ਇੱਕ ਸੋਚੀ-ਸਮਝੀ ਸਿਆਸੀ ਸਾਜ਼ਿਸ਼ ਕਰਾਰ ਦਿੱਤਾ ਹੈ।



ਜੈਰਾਮ ਠਾਕੁਰ ਨੇ ਟਵੀਟ ਕਰਕੇ ਕਿਹਾ ਕਿ ਅਖ਼ਬਾਰੀ ਸਮੂਹ ਵਿਰੁੱਧ ਅਜਿਹੀ ਕਾਰਵਾਈ ਆਮ ਆਦਮੀ ਪਾਰਟੀ ਦੀ ਬੌਖਲਾਹਟ ਅਤੇ ਸੱਤਾ ਦੀ ਦੁਰਵਰਤੋਂ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਜਿਸ ਅਖ਼ਬਾਰ ਨੇ ਪੰਜਾਬ ਵਿੱਚ ਅੱਤਵਾਦ ਦੇ ਕਾਲੇ ਦੌਰ ਵਿੱਚ ਵੀ ਆਪਣੀ ਕਲਮ ਨਹੀਂ ਝੁਕਣ ਦਿੱਤੀ, ਉਸ ਨੂੰ ਡਰਾਉਣ ਦੀ ਕੋਸ਼ਿਸ਼ ਇਹ ਦੱਸਦੀ ਹੈ ਕਿ 'ਆਪ' ਸਰਕਾਰ ਸੱਚ ਤੋਂ ਘਬਰਾ ਗਈ ਹੈ। ਜੈਰਾਮ ਠਾਕੁਰ ਨੇ ਇਸ ਕਾਰਵਾਈ ਨੂੰ ਲੋਕਤੰਤਰ ਦੇ ਚੌਥੇ ਸਤੰਭ (ਮੀਡੀਆ) 'ਤੇ ਸਿੱਧਾ ਹਮਲਾ ਦੱਸਿਆ ਹੈ। ਉਨ੍ਹਾਂ ਨੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਇਹ ਸਰਕਾਰ ਨਹੀਂ ਬਲਕਿ ਸੱਤਾ ਦਾ ਹੰਕਾਰ ਬੋਲ ਰਿਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸਰਕਾਰ ਦੀ ਇਸ ਤਰ੍ਹਾਂ ਦੀ ਦਬਾਅ ਬਣਾਉਣ ਵਾਲੀ ਕਾਰਵਾਈ ਦਾ ਪੁਰਜ਼ੋਰ ਵਿਰੋਧ ਕੀਤਾ ਜਾਵੇਗਾ।

ਜੈਰਾਮ ਠਾਕੁਰ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਅਜਿਹੇ ਹਥਕੰਡਿਆਂ ਨਾਲ ਪ੍ਰੈੱਸ ਦੀ ਆਜ਼ਾਦੀ ਨੂੰ ਦਬਾਇਆ ਨਹੀਂ ਜਾ ਸਕਦਾ।

## ਮੁੰਬਈ-ਪੁਣੇ ਐਕਸਪ੍ਰੈਸਵੇਅ 'ਤੇ 33 ਘੰਟਿਆਂ ਬਾਅਦ ਆਵਾਜਾਈ ਬਹਾਲ, ਪਲਟਿਆ ਗੈਸ ਟੈਂਕਰ ਹਟਾਇਆ

ਮੁੰਬਈ : : 5 ਫਰਵਰੀ, ਮੁੰਬਈ-ਪੁਣੇ ਐਕਸਪ੍ਰੈਸਵੇਅ ਦੇ ਮੁੰਬਈ ਜਾਣ ਵਾਲੇ ਹਿੱਸੇ 'ਤੇ ਆਵਾਜਾਈ ਬੁੱਧਵਾਰ ਦੇਰ ਰਾਤ ਬਹਾਲ ਕਰ ਦਿੱਤੀ ਗਈ। ਅਧਿਕਾਰੀਆਂ ਨੇ ਦੱਸਿਆ ਕਿ ਪਹਾੜੀ ਖੰਡਾਲਾ ਘਾਟ ਸੈਕਸ਼ਨ ਵਿੱਚ ਇੱਕ ਗੈਸ ਟੈਂਕਰ ਦੇ ਪਲਟਣ ਤੋਂ 33 ਘੰਟਿਆਂ ਬਾਅਦ ਸੜਕ 'ਤੇ ਆਵਾਜਾਈ ਬਹਾਲ ਕਰ ਦਿੱਤੀ ਗਈ ਹੈ। ਮਹਾਰਾਸ਼ਟਰ ਰਾਜ ਸੜਕ ਵਿਕਾਸ ਨਿਗਮ (ਐੱਮਐੱਸਆਰਡੀਸੀ) ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਬਹੁਤ ਜ਼ਿਆਦਾ ਜਲਣਸ਼ੀਲ ਪ੍ਰੋਪੀਲੀਨ ਗੈਸ ਲੈ ਕੇ ਜਾ ਰਹੇ ਟੈਂਕਰ ਨੂੰ ਘਾਟ ਸੈਕਸ਼ਨ ਵਿੱਚ ਅਦੋਸ਼ੀ ਸੁਰੰਗ ਦੇ ਨੇੜੇ ਹਾਦਸੇ ਵਾਲੀ ਥਾਂ ਤੋਂ ਹਟਾ ਦਿੱਤਾ, ਜਿਸ ਨਾਲ ਮੁੰਬਈ ਜਾਣ ਵਾਲੇ ਰੂਟ 'ਤੇ ਆਵਾਜਾਈ ਸਵੇਰੇ 1:46 ਵਜੇ ਮੁੜ ਸ਼ੁਰੂ ਹੋ ਗਈ।

ਮੁੰਬਈ-ਪੁਣੇ ਐਕਸਪ੍ਰੈਸਵੇਅ ਭਾਰਤ ਦਾ ਪਹਿਲਾ ਛੇ-ਲੇਨ ਪਹੁੰਚ-ਨਿਯੰਤਰਿਤ ਟੋਲ-ਮੁਕਤ ਐਕਸਪ੍ਰੈਸਵੇਅ ਹੈ। 94.5 ਕਿਲੋਮੀਟਰ ਲੰਬਾ ਐਕਸਪ੍ਰੈਸਵੇਅ ਮੁੰਬਈ, ਰਾਏਗੜ੍ਹ ਅਤੇ ਨਵੀਂ ਮੁੰਬਈ ਨੂੰ ਪੁਣੇ ਨਾਲ ਜੋੜਦਾ ਹੈ। ਮੰਗਲਵਾਰ ਸ਼ਾਮ 5 ਵਜੇ ਦੇ ਕਰੀਬ ਮੁੰਬਈ ਜਾਣ ਵਾਲੀ ਸੜਕ 'ਤੇ ਟੈਂਕਰ ਪਲਟ ਗਿਆ, ਜਿਸ ਕਾਰਨ ਭਾਰੀ ਟ?ਰੈਫਿਕ ਜਾਮ ਹੋ ਗਿਆ, ਜਿਸ ਕਾਰਨ ਹਜ਼ਾਰਾਂ ਵਾਹਨ ਘੰਟਿਆਂ ਤੱਕ ਵਿਅਸਤ ਐਕਸਪ੍ਰੈਸਵੇਅ 'ਤੇ ਫਸੇ ਰਹੇ। ਟ?ਰੈਫਿਕ ਜਾਮ ਇੰਨਾ ਗੰਭੀਰ ਸੀ ਕਿ ਵਾਹਨ ਲਗਭਗ 20 ਕਿਲੋਮੀਟਰ ਤੱਕ ਕਤਾਰਾਂ ਵਿੱਚ ਲੱਗੇ ਰਹੇ। ਇਸ ਟ?ਰੈਫਿਕ ਜਾਮ ਦੌਰਾਨ ਔਰਤਾਂ ਅਤੇ ਬੱਚਿਆਂ ਸਮੇਤ ਯਾਤਰੀਆਂ ਨੂੰ ਭੋਜਨ, ਪਾਣੀ ਅਤੇ ਟਾਇਲਟ ਸਹੂਲਤਾਂ ਤੋਂ ਵਾਂਝਾ ਰੱਖਿਆ ਗਿਆ।

ਐਮਐਸਆਰਡੀਸੀ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਪਲਟ ਗਏ ਟੈਂਕਰ ਤੋਂ ਪ੍ਰੋਪੀਲੀਨ ਗੈਸ ਨੂੰ ਬੁੱਧਵਾਰ ਦੇਰ ਰਾਤ ਨੂੰ ਦੂਜੇ ਟੈਂਕਰਾਂ ਵਿੱਚ ਸੁਰੱਖਿਅਤ ਢੰਗ ਨਾਲ ਤਬਦੀਲ ਕਰ ਦਿੱਤਾ ਗਿਆ ਅਤੇ ਨੁਕਸਾਨੇ ਗਏ ਵਾਹਨ ਨੂੰ ਕ੍ਰੇਨਾਂ ਦੀ ਮਦਦ ਨਾਲ ਹਟਾ ਦਿੱਤਾ ਗਿਆ। ਉਨ੍ਹਾਂ ਕਿਹਾ, ÷ਦੁਰਘਟਨਾ ਵਾਲੀ ਥਾਂ ਤੋਂ ਨੁਕਸਾਨੇ ਗਏ ਗੈਸ ਟੈਂਕਰ ਨੂੰ ਹਟਾਉਣ ਤੋਂ ਬਾਅਦ ਦੇਰ ਰਾਤ 1:46 ਵਜੇ ਮੁੰਬਈ-ਪੁਣੇ ਐਕਸਪ੍ਰੈਸਵੇਅ 'ਤੇ ਆਵਾਜਾਈ ਬਹਾਲ ਕਰ ਦਿੱਤੀ ਗਈ।÷ ਨੁਕਸਾਨੇ ਗਏ ਵਾਹਨ ਨੂੰ ਹਟਾਏ ਜਾਣ ਤੋਂ ਬਾਅਦ ਘਾਟ ਸੈਕਸ਼ਨ 'ਤੇ ਵਾਹਨਾਂ ਦੀ ਆਵਾਜਾਈ ਹੌਲੀ-ਹੌਲੀ ਆਮ ਵਾਂਗ ਹੋ ਗਈ, ਹਾਲਾਂਕਿ ਕੁਝ ਸਮੇਂ ਲਈ ਆਵਾਜਾਈ ਜਾਮ ਰਹੀ ਕਿਉਂਕਿ ਰਸਤੇ 'ਤੇ ਕਈ ਭਾਰੀ ਵਾਹਨ ਫਸੇ ਹੋਏ ਸਨ। ਪੁਲਸ ਦੇ ਇੱਕ ਅਧਿਕਾਰੀ ਨੇ ਕਿਹਾ, ਟੈਂਕਰ ਨੂੰ ਹਟਾਏ ਜਾਣ ਤੋਂ ਬਾਅਦ ਅਗਲੇ ਕੁਝ ਘੰਟਿਆਂ ਵਿੱਚ ਮੁੰਬਈ-ਪੁਣੇ ਐਕਸਪ੍ਰੈਸਵੇਅ 'ਤੇ ਆਵਾਜਾਈ ਆਮ ਵਾਂਗ ਹੋ ਗਈ।÷ ਵੀਰਵਾਰ ਸਵੇਰੇ ਲਗਭਗ 7:30 ਵਜੇ ਅਮਰੁਤਾਂਜਨ ਪੁਲ ਨੇੜੇ ਕੁਝ ਭਾਰੀ ਵਾਹਨਾਂ ਦੇ ਟੁੱਟਣ ਕਾਰਨ ਘਾਟ ਸੈਕਸ਼ਨ 'ਤੇ ਆਵਾਜਾਈ ਕੁਝ ਸਮੇਂ ਲਈ ਹੌਲੀ ਹੋ ਗਈ। ਮੰਗਲਵਾਰ ਨੂੰ ਹੋਏ ਟੈਂਕਰ ਹਾਦਸੇ ਕਾਰਨ ਮੁੰਬਈ ਜਾਣ ਵਾਲੀ ਸੜਕ ਪੂਰੀ ਤਰ੍ਹਾਂ ਬੰਦ ਹੋ ਗਈ, ਜਦੋਂ ਕਿ ਪੁਣੇ ਜਾਣ ਵਾਲੀ ਸੜਕ 'ਤੇ ਆਵਾਜਾਈ ਨੂੰ ਪੜਾਅਵਾਰ ਮੋੜ ਦਿੱਤਾ ਗਿਆ ਅਤੇ ਕੰਟਰੋਲ ਕੀਤਾ ਗਿਆ। ਭਾਰੀ ਟ?ਰੈਫਿਕ ਜਾਮ ਅਤੇ ਲੋਕਾਂ ਦੇ ਗੁੱਸੇ ਕਾਰਨ ਐਮਐਸਆਰਡੀਸੀ ਨੇ ਐਕਸਪ੍ਰੈਸਵੇਅ 'ਤੇ ਟੋਲ ਵਸੂਲੀ ਨੂੰ ਮੁਅੱਤਲ ਕਰ ਦਿੱਤਾ।

ਗੰਭੀਰ ਸਥਿਤੀ ਨਾਲ ਨਜਿੱਠਣ ਪਲਟ ਗਏ ਟੈਂਕਰ ਤੋਂ ਗੈਸ ਨੂੰ ਦੂਜੇ ਟੈਂਕਰਾਂ ਵਿੱਚ ਤਬਦੀਲ ਕਰਨ ਅਤੇ ਟੈਂਕਰ ਨੂੰ ਸੁਰੱਖਿਅਤ ਢੰਗ ਨਾਲ ਹਟਾਉਣ ਲਈ ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਬਲਰਾਜ ਆਫ਼ਤ ਪ੍ਰਤੀਕਿਰਿਆ ਬਲ ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਹਾਈਵੇਅ ਪੁਲਿਸ ਅਤੇ ਦੀਆਂ ਟੀਮਾਂ ਨੂੰ ਮੌਕੇ 'ਤੇ ਤਾਇਨਾਤ ਕੀਤਾ ਗਿਆ ਸੀ। ਲੰਬੇ ਸਮੇਂ ਤੱਕ ਚੱਲ ਰਹੇ ਵਿਘਨ ਕਾਰਨ ਜਨਤਕ ਆਵਾਜਾਈ ਵੀ ਪ੍ਰਭਾਵਿਤ ਹੋਈ, ਮਹਾਰਾਸ਼ਟਰ ਸਟੇਟ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਐਮਐਸਆਰਟੀਸੀ) ਦੀਆਂ ਕਈ ਬੱਸਾਂ ਐਕਸਪ੍ਰੈਸਵੇਅ 'ਤੇ ਫਸ ਗਈਆਂ ਅਤੇ ਵੱਡੀ ਗਿਣਤੀ ਵਿੱਚ ਨਿਯਮਤ ਸੇਵਾਵਾਂ ਰੱਦ ਕਰ ਦਿੱਤੀਆਂ ਗਈਆਂ। ਇਸ ਘਟਨਾ ਨੇ ਦੁੱਧ ਅਤੇ ਸਬਜ਼ੀਆਂ ਵਰਗੀਆਂ ਜ਼ਰੂਰੀ ਵਸਤਾਂ ਦੀ ਸਪਲਾਈ ਵਿੱਚ ਵੀ ਵਿਘਨ ਪਾਇਆ।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਉਪਦੇਸ਼ ਅਨੁਸਾਰ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਲਈ ਪੰਜਾਬ ਸਰਕਾਰ ਵਚਨਬੱਧ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

*ਮੁੱਖ ਮੰਤਰੀ ਨੇ ਲੋਕਾਂ ਨੂੰ ਸਮਾਜ ਵਿੱਚ ਪ੍ਰਚਲਿਤ ਵੱਖ-ਵੱਖ ਸਮਾਜਿਕ ਬੁਰਾਈਆਂ ਨੂੰ ਮਿਟਾਉਣ ਲਈ ਸ੍ਰੀ ਗੁਰੂ ਰਵਿਦਾਸ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ।*

ਚੰਡੀਗੜ੍ਹ, 5 ਫਰਵਰੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਸੂਬਾ ਸਰਕਾਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਵੱਲੋਂ ਦਿੱਤੇ ਉਪਦੇਸ਼ 'ਤੇ ਚੱਲਦਿਆਂ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਲਈ ਪੂਰਨ ਤੌਰ 'ਤੇ ਵਚਨਬੱਧ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਾਨ ਵਿਰਾਸਤ ਨੂੰ ਕਾਇਮ ਰੱਖਣ ਦੇ ਮੱਦੇਨਜ਼ਰ ਸੂਬਾ ਸਰਕਾਰ ਵੱਲੋਂ 6 ਫਰਵਰੀ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਸਥਿਤ ਖੁਰਾਲਗੜ੍ਹ ਵਿਖੇ ਸੂਬਾ ਪੱਧਰੀ ਸਮਾਗਮ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਗੁਰੂ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਮੁੱਚੀ ਕੈਬਨਿਟ ਸੰਗਤ ਦੇ ਨਾਲ, ਸ੍ਰੀ ਗੁਰੂ ਰਵਿਦਾਸ ਜੀ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਨ ਲਈ ਨਤਮਸਤਕ ਹੋਵੇਗੀ। ਭਗਵੰਤ ਸਿੰਘ ਮਾਨ ਨੇ ਸਮੁੱਚੀ ਸੰਗਤ ਨੂੰ ਇਸ ਸੂਬਾ ਪੱਧਰੀ ਸਮਾਗਮ ਵਿੱਚ ਪੂਰੇ ਧਾਰਮਿਕ ਉਤਸ਼ਾਹ ਅਤੇ ਵੱਧ ਚੜ੍ਹ ਕੇ ਨਾਲ ਹਾਜ਼ਰੀ ਭਰਨ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਲੋਕਾਂ ਨੂੰ ਸਮਾਜ ਵਿੱਚ ਪ੍ਰਚਲਿਤ ਵੱਖ-ਵੱਖ ਸਮਾਜਿਕ ਬੁਰਾਈਆਂ ਨੂੰ ਮਿਟਾਉਣ ਲਈ ਸ੍ਰੀ ਗੁਰੂ ਰਵਿਦਾਸ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰਾ ਹੈ ਅਤੇ ਉਨ੍ਹਾਂ ਨੇ ਪੂਰੀ ਦੁਨੀਆ ਨੂੰ ਮਾਨਵਤਾ ਦਾ ਰਸਤਾ ਦਿਖਾਇਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਇਲਾਹੀ ਬਾਣੀ ਨਾਲ ਸਮਾਜ ਨੂੰ ਵੱਖ-ਵੱਖ ਸਮੱਸਿਆਵਾਂ ਤੋਂ ਮੁਕਤ ਕੀਤਾ ਜਾ ਸਕਦਾ ਹੈ।




ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪਹਿਲਾਂ ਹੀ ਖੁਰਾਲਗੜ੍ਹ ਵਿੱਚ ਲਗਭਗ 148 ਕਰੋੜ ਰੁਪਏ ਦੀ ਲਾਗਤ ਨਾਲ ਵਿਸ਼ਵ ਪੱਧਰੀ ਯਾਦਗਾਰ ਬਣਾ ਚੁੱਕੀ ਹੈ , ਜੋ ਸੂਬਾ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਨੂੰ ਨਿਮਰ ਸ਼ਰਧਾਂਜਲੀ ਹੈ। ਉਨ੍ਹਾਂ ਕਿਹਾ ਕਿ ਇਹ ਯਾਦਗਾਰ ਸਹੂਲਤਾਂ ਨਾਲ ਲੈਸ ਇਮਾਰਤ, ਮਲਟੀਲੈਵਲ ਪਾਰਕਿੰਗ, ਮੀਨਾਰ-ਏ-ਬੇਗਮਪੁਰਾ, ਸੰਗਤ ਹਾਲ, ਅਤਿ-ਆਧੁਨਿਕ ਆਡੀਟੋਰੀਅਮ ਅਤੇ ਹੋਰ ਸਹੂਲਤਾਂ ਨਾਲ ਲੈਸ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਸਮੁੱਚੀ ਮਨੁੱਖਤਾ ਦੀ ਭਲਾਈ, ਸਮਾਜ ਦੇ ਸਾਰੇ ਵਰਗਾਂ ਦੀ ਬਰਾਬਰੀ ਦਾ ਸੰਦੇਸ਼ ਦਿੱਤਾ ਅਤੇ ਇਸ ਤਰ੍ਹਾਂ ਸਮਾਨਤਾਵਾਦੀ ਕਦਰਾਂ-ਕੀਮਤਾਂ 'ਤੇ ਅਧਾਰਤ ਸਮਾਜ ਦੀ ਸਿਰਜਣਾ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਅਜਿਹੇ ਆਦਰਸ਼ ਸਮਾਜ ਦਾ ਸੰਕਲਪ ਦਿੱਤਾ, ਜਿੱਥੇ ਕਿਸੇ ਨੂੰ ਵੀ ਕਿਸੇ ਕਿਸਮ ਦਾ ਕੋਈ ਦੁੱਖ ਜਾਂ ਤਕਲੀਫ਼ ਨਾ ਝੱਲਣੀ ਪਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਮਹਾਨ ਜੀਵਨ, ਫ਼ਲਸਫ਼ਾ ਅਤੇ ਸਿੱਖਿਆਵਾਂ ਮਨੁੱਖਤਾ ਦਾ ਮਾਰਗਦਰਸ਼ਨ ਕਰਦੀਆਂ ਰਹਿੰਦੀਆਂ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਸਮਾਜ ਦੇ ਗਰੀਬ ਅਤੇ ਪਛੜੇ ਵਰਗਾਂ ਦੇ ਰੂਹਾਨੀ ਰਹਿਬਰ ਅਤੇ ਮਸੀਹਾ ਹਨ, ਜਿਨ੍ਹਾਂ ਨੇ ਸਾਨੂੰ ਇੱਕ ਨੇਕ ਅਤੇ ਸਦਾਚਾਰਕ ਜੀਵਨ ਜਿਊਣ ਦੀ ਸਿੱਖਿਆ ਦਿੱਤੀ। ਭਗਵੰਤ ਸਿੰਘ ਮਾਨ ਸਰਕਾਰ ਨੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਪੂਰੇ ਧਾਰਮਿਕ ਉਤਸ਼ਾਹ ਨਾਲ ਮਨਾਉਣ ਲਈ ਵਿਆਪਕ ਪ੍ਰਬੰਧ ਕੀਤੇ ਹਨ, ਨਾਲ ਹੀ 2027 ਵਿੱਚ ਇਤਿਹਾਸਕ 650ਵੇਂ ਪ੍ਰਕਾਸ਼ ਪੁਰਬ ਲਈ ਸਾਲ ਭਰ ਚੱਲਣ ਵਾਲੀਆਂ ਸੂਬਾ ਪੱਧਰੀ ਤਿਆਰੀਆਂ ਸ਼ੁਰੂ ਕੀਤੀਆਂ ਹਨ। ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਤਿੰਨ ਦਿਨਾਂ ਰਾਜ ਪੱਧਰੀ ਸਮਾਗਮ ਦਾ ਆਯੋਜਨ ਕੀਤਾ ਗਿਆ ਹੈ ਹੋਵੇਗੀ ਅਤੇ 6 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਸਮਾਪਤੀ ਹੋਵੇਗੀ। ਭਗਵੰਤ ਮਾਨ ਸਰਕਾਰ ਨੇ ਸੰਗਤ ਦੀ ਸਹੂਲਤ ਲਈ ਵਿਆਪਕ ਸਹੂਲਤਾਂ ਅਤੇ ਨਿਰਵਿਘਨ ਪ੍ਰਬੰਧਾਂ ਨੂੰ ਯਕੀਨੀ ਬਣਾਇਆ ਹੈ, ਨਾਲ ਹੀ ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਪੰਜਾਬ ਦੇ ਹਰ ਪਿੰਡ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਲੈ ਕੇ ਜਾਣ ਵਾਲੇ ਪ੍ਰੋਗਰਾਮ ਸ਼ੁਰੂ ਕਰਕੇ ਲੜੀਵਾਰ ਸਮਾਗਮ ਆਰੰਭੇ ਹਨ। ਗੁਰੂ ਜੀ ਦੇ ਮਹਾਨ ਜੀਵਨ, ਦਰਸ਼ਨ ਅਤੇ ਬਰਾਬਰੀ , ਭਾਈਚਾਰਕ ਸਾਂਝ ਅਤੇ ਮਨੁੱਖਤਾ ਪ੍ਰਤੀ ਸਦੀਵੀ ਸੰਦੇਸ਼ ਦੇ ਪਸਾਰ ਲਈ ਸਾਲ ਭਰ ਵਿਦਿਅਕ, ਸੱਭਿਆਚਾਰਕ ਅਤੇ ਸਮਾਜਿਕ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ।

# ਸੱਤਾ ਦੀ ਲਾਲਸਾ 'ਚ ਬਿੱਟੂ ਨੇ ਕਾਂਗਰਸ ਨਾਲ ਕੀਤਾ ਧੋਖਾ : ਆਸ਼ੂ

ਲੁਧਿਆਣਾ, 5 ਫਰਵਰੀ : ਲੋਕਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ 'ਤੇ ਟਿੱਪਣੀ ਕਰਨ ਦੇ ਮਾਮਲੇ 'ਚ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਕਾਂਗਰਸੀਆਂ ਦੇ ਨਿਸ਼ਾਨੇ 'ਤੇ ਆ ਗਏ ਹਨ। ਕਿਸੇ ਸਮੇਂ 'ਚ ਬਿੱਟੂ ਦੇ ਬੇਹੱਦ ਕਰੀਬੀ ਦੋਸਤ ਮੰਨੇ ਜਾਂਦੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੇ ਵੀ ਰੇਲ ਰਾਜ ਮੰਤਰੀ ਬਿੱਟੂ ਵੱਲੋਂ ਰਾਹੁਲ ਗਾਂਧੀ ਨੂੰ ਦੇਸ਼ ਦਾ ਦੁਸ਼ਮਣ ਕਹੇ ਜਾਣ 'ਤੇ ਸਖਤ ਇਤਰਾਜ਼ ਜਤਾਇਆ ਹੈ। ਆਸ਼ੂ ਨੇ ਇਸ ਟਿੱਪਣੀ ਨੂੰ ਦੁੱਖਦ ਅਤੇ ਬੇਹੱਦ ਗੈਰ-ਜ਼ਿੰਮੇਦਾਰਾਨਾ ਦੱਸਿਆ।

ਇਹੀਂ ਨਹੀਂ ਆਸ਼ੂ ਨੇ ਬਿੱਟੂ ਨੂੰ ਅਜਿਹੀ ਬਿਆਨਬਾਜ਼ੀ ਤੋਂ ਪਹਿਲਾਂ ਆਤਮਮੰਥਨ ਕਰਨ ਦੀ ਸਲਾਹ ਦਿੱਤੀ। ਆਸ਼ੂ ਨੇ ਕਿਹਾ ਕਿ ਇਹ ਹੈਰਾਨ ਕਰ ਦੇਣ ਵਾਲਾ ਹੈ ਕਿ ਜਿਸ ਬਿੱਟੂ ਦਾ ਪੂਰਾ ਰਾਜਨੀਤਿਕ ਕਰੀਅਰ ਕਾਂਗਰਸ ਪਾਰਟੀ ਅਤੇ ਗਾਂਧੀ ਪਰਿਵਾਰ ਦੇ ਭਰੋਸੇ ਖੜ੍ਹਾ ਹੋਇਆ, ਉਥੇ ਹੀ ਅੱਜ ਰਾਹੁਲ ਗਾਂਧੀ ਖਿਲਾਫ ਇਸ ਤਰ੍ਹਾਂ ਦੀ ਭਾਸ਼ਾ ਦੀ ਵਰਤੋਂ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਬਿੱਟੂ ਇਹ ਕਦੇ ਨਾ ਭੁੱਲਣ ਕਿ ਕਾਂਗਰਸ ਅਤੇ ਗਾਂਧੀ ਪਰਿਵਾਰ ਦੇ ਸਾਥ ਨਾਲ ਹੀ ਬਿੱਟੂ 3 ਵਾਰ ਸੰਸਦ ਮੈਂਬਰ ਬਣੇ ਹਨ ਅਤੇ ਜਦੋਂ ਕਾਂਗਰਸ ਛੱਡੀ ਤਾਂ ਉਸ ਤੋਂ ਬਾਅਦ ਵਾਲੀ ਚੋਣ ਹੀ ਨਹੀਂ ਜਿੱਤ ਸਕੇ। ਆਸ਼ੂ ਨੇ ਕਿਹਾ ਜਿਨ੍ਹਾਂ ਨੇ ਬਿੱਟੂ 'ਤੇ ਭਰੋਸਾ ਕੀਤਾ, ਅੱਜ ਉਨ੍ਹਾਂ ਨੂੰ ਹੀ ਦੁਸ਼ਮਣ ਦੱਸਣਾ ਬੇਹੱਦ ਮੰਦਭਾਗੀ ਘਟਨਾ ਹੈ।



ਆਸ਼ੂ ਨੇ ਤੰਜ ਕੱਸਦੇ ਹੋਏ ਕਿਹਾ ਕਿ ਅੱਜ ਜੇਕਰ ਤੁਸੀਂ ਭਾਜਪਾ ਦੇ ਪੋਸਟਰ ਬੁਆਏ ਬਣ ਗਏ ਹੋ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਜਨਤਕ ਜੀਵਨ 'ਚ ਅੱਗੇ ਵਧਾਉਣ ਵਾਲਿਆਂ ਨੂੰ ਭੁੱਲ ਜਾਣ ਅਤੇ ਰਾਜਨੀਤਿਕ ਸੁਵਿਧਾ ਲਈ ਉਨ੍ਹਾਂ ਨੂੰ ਗਾਲ੍ਹਾਂ ਕੱਢਣ। ਸਾਬਕਾ ਮੰਤਰੀ ਨੇ ਕਿਹਾ ਕਿ ਬਿੱਟੂ ਦਿਲੋਂ ਜਾਣਦੇ ਹਨ ਕਿ ਗਾਂਧੀ ਪਰਿਵਾਰ ਨੇ ਉਨ੍ਹਾਂ ਨੂੰ ਕਿਸ ਤਰ੍ਹਾਂ ਅੱਗੇ ਵਧਾਇਆ ਹੈ ਅਤੇ ਕਈ ਮੌਕੇ ਦਿੱਤੇ ਅਤੇ ਰਾਜਨੀਤਿਕ ਰੂਪ ਨਾਲ ਤਿਆਰ ਵੀ ਕੀਤਾ।

ਆਸ਼ੂ ਨੇ ਦੋਸ਼ ਲਾਇਆ ਕਿ ਸੱਤਾ ਦੀ ਲਾਲਸਾ 'ਚ ਬਿੱਟੂ ਨੇ ਕਾਂਗਰਸ ਪਾਰਟੀ ਅਤੇ ਉਨ੍ਹਾਂ ਦੀ ਅਗਵਾਈ ਨਾਲ ਵਿਸ਼ਵਾਸ਼ਘਾਤ ਕਰਨ ਦਾ ਰਾਹ ਚੁਣਿਆ। ਆਸ਼ੂ ਨੇ ਇਹ ਵੀ ਕਿਹਾ ਕਿ ਇਹ ਹੋਰ ਵੀ ਜ਼ਿਆਦਾ ਦਰਦਮਈ ਹੈ ਕਿ ਅਜਿਹੇ ਸ਼ਬਦ ਉਸ ਵਿਅਕਤੀ ਵੱਲੋਂ ਆ ਰਹੇ ਹਨ, ਜਿਨ੍ਹਾਂ ਦੇ ਦਾਦਾ ਸਵ. ਬੇਅੰਤ ਸਿੰਘ ਨੇ ਭਾਜਪਾ ਦੀ ਵਿਚਾਰਧਾਰਾ ਖਿਲਾਫ ਮਜ਼ਬੂਤੀ ਨਾਲ ਖੜ੍ਹੇ ਹੋ ਕੇ ਪੰਜਾਬ ਅਤੇ ਦੇਸ਼ ਦੀ ਰੱਖਿਆ ਲਈ ਆਪਣੀ ਜ਼ਿੰਦਗੀ ਦਾਅ 'ਤੇ ਲਾ ਦਿੱਤੀ।

ਉਨ੍ਹਾਂ ਕਿਹਾ ਕਿ ਬੇਅੰਤ ਸਿੰਘ ਦੀ ਵਿਰਾਸਤ ਦਾ ਦਾਅਵਾ ਕਰਨ ਵਾਲਾ ਵਿਅਕਤੀ ਅੱਜ ਉਨ੍ਹਾਂ ਦੇ ਮੂਲਾਂ ਤੋਂ ਹੀ ਮੂੰਹ ਮੋੜ ਚੁੱਕਾ ਹੈ। ਭਾਰਤ ਭੂਸ਼ਣ ਆਸ਼ੂ ਨੇ ਕਿਹਾ ਕਿ ਗਾਂਧੀ ਪਰਿਵਾਰ ਨੇ ਦੇਸ਼ ਦੀ ਏਕਤਾ ਅਤੇ ਆਖੰਡਤਾ ਲਈ ਆਪਣੇ ਪ੍ਰਾਣਾਂ ਦਾ ਬਲੀਦਾਨ ਦਿੱਤਾ ਹੈ। ਇਹ ਭਾਰਤ ਦੇ ਇਤਿਹਾਸ ਦਾ ਹਿੱਸਾ ਹੈ। ਰਾਹੁਲ ਗਾਂਧੀ 'ਤੇ ਉਂਗਲੀ ਚੁੱਕਣ ਤੋਂ ਪਹਿਲਾਂ ਬਿੱਟੂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਬੇਅੰਤ ਸਿੰਘ ਅਤੇ ਗਾਂਧੀ ਪਰਿਵਾਰ ਨੇ ਇਕ ਹੀ ਉਦੇਸ਼ ਲਈ ਸੰਘਰਸ਼ ਕੀਤਾ ਸੀ। ਆਸ਼ੂ ਨੇ ਕਿਹਾ ਕਿ ਵਿਅਕਤੀਗਤ ਹਮਲੇ ਅਤੇ ਇਸ ਤਰ੍ਹਾਂ ਦੇ ਗੈਰ-ਜ਼ਿੰਮੇਦਾਰ ਬਿਆਨ ਜਨਤਕ ਜੀਵਨ ਦੀ ਗਰਿਮਾ ਨੂੰ ਸੁੱਟਦੇ ਹਨ ਅਤੇ ਸਚਾਈ ਨਹੀਂ, ਬਲਕਿ ਰਾਜਨੀਤਿਕ ਹਤਾਸ਼ਾ ਨੂੰ ਦਰਸਾਉਂਦੇ ਹਨ।

## ਸਿੱਖ ਕੌਮ ਦਾ ਅਪਮਾਨ ਨਹੀਂ ਰਾਹੁਲ ਗਾਂਧੀ ਦੀ ਬਿੱਟੂ ਬਾਰੇ ਟਿੱਪਣੀ : ਸੁਖਪਾਲ ਖਹਿਰਾ

ਚੰਡੀਗੜ੍ਹ/ਭੁਲੱਥ, 5 ਫਰਵਰੀ : ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੱਲੋਂ ਰਵਨੀਤ ਸਿੰਘ ਬਿੱਟੂ ਨੂੰ 'ਗੱਦਾਰ ਦੋਸਤ' ਦੱਸਣ 'ਤੇ ਕਿਹਾ ਕਿ ਇਹ ਟਿੱਪਣੀ ਕਿਸੇ ਵੀ ਤਰ੍ਹਾਂ ਸਿੱਖ ਕੌਮ ਖ਼?ਲਾਫ਼ ਨਹੀਂ ਸੀ, ਸਗੋਂ ਇਹ ਨਿੱਜੀ ਤੌਰ 'ਤੇ ਰਵਨੀਤ ਸਿੰਘ ਬਿੱਟੂ ਲਈ ਵਰਤੀ ਗਈ ਸੀ, ਜਿਨ੍ਹਾਂ ਨੇ ਮੁਸ਼ਕਲ ਸਮੇਂ 'ਚ ਕਾਂਗਰਸ ਪਾਰਟੀ ਛੱਡ ਦਿੱਤੀ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ



ਵੱਲੋਂ ਵਰਤੇ ਗਏ ਸ਼ਬਦਾਂ ਨੂੰ ਸਿੱਖ ਕੌਮ ਨਾਲ ਜੋੜ ਕੇ ਪੇਸ਼ ਕਰਨਾ ਗ਼ਲਤ ਅਤੇ ਭਰਮਾਉਣ ਵਾਲਾ ਹੈ। ਉਨ੍ਹਾਂ ਕਿਹਾ ਕਿ ਇਸ ਬਿਆਨ ਨੂੰ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਤੇ ਹੋਰ ਭਾਜਪਾ ਨੇਤਾਵਾਂ ਵੱਲੋਂ ਜਾਣ-ਬੁੱਝ ਕੇ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ ਤਾਂ ਜੋ ਸਿਆਸੀ ਲਾਭ ਹਾਸਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਗੱਲ ਸਭ ਨੂੰ ਪਤਾ ਹੈ ਕਿ ਕਾਂਗਰਸ ਪਾਰਟੀ ਨੇ ਰਵਨੀਤ ਸਿੰਘ ਬਿੱਟੂ ਤੇ ਉਨ੍ਹਾਂ ਦੇ ਪਰਿਵਾਰ ਨੂੰ ਹਮੇਸ਼ਾ ਸਨਮਾਨ ਦਿੱਤਾ। ਕਾਂਗਰਸ ਨੇ ਉਨ੍ਹਾਂ ਨੂੰ ਪੰਜਾਬ ਤੋਂ ਤਿੰਨ ਵਾਰ ਸੰਸਦ ਮੈਂਬਰ ਬਣਾਇਆ ਤੇ ਉੱਚੇ ਅਹੁਦੇ ਸੌਂਪੇ। ਇਸ ਦੇ ਬਾਵਜੂਦ ਪਾਰਟੀ ਨੂੰ ਛੱਡ ਕੇ ਜਾਣਾ ਉਨ੍ਹਾਂ ਦੀ ਆਪਣੀ ਨਿੱਜੀ ਚੋਣ ਸੀ, ਜਿਸ ਕਰਕੇ ਹੀ ਉਨ੍ਹਾਂ ਨੂੰ 'ਗੱਦਾਰ' ਕਿਹਾ ਗਿਆ। ਇਹ ਟਿੱਪਣੀ ਕਿਸੇ ਧਰਮ ਜਾਂ ਕੌਮ ਨਾਲ ਸਬੰਧਤ ਨਹੀਂ, ਸਗੋਂ ਇਕ ਵਿਅਕਤੀ ਦੇ ਸਿਆਸੀ ਵਿਵਹਾਰ ਨਾਲ ਜੁੜੀ ਹੋਈ ਹੈ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਭਾਜਪਾ ਨੇ ਇਸ ਮਾਮਲੇ ਨੂੰ ਬਿਨਾਂ ਵਜ?ਹਾ ਧਾਰਮਿਕ ਰੰਗ ਦੇਣ ਦੀ ਕੋਸ਼ਿਸ਼ ਕੀਤੀ ਹੈ।

## ਪੰਜਾਬ 'ਚ ਕੱਲ੍ਹ ਇਨ੍ਹਾਂ ਇਲਾਕਿਆਂ 'ਚ ਰਹੇਗੀ ਬੱਤੀ ਬੰਦ

ਜਲੰਧਰ, 5 ਫਰਵਰੀ : ਪੰਜਾਬ ਦੇ ਕਈ ਇਲਾਕਿਆਂ ਵਿਚ ਭਲਕੇ ਯਾਨੀ ਕਿ ਸ਼ੁਕਰਵਾਰ ਨੂੰ ਲੰਬਾ ਪਾਵਰ ਕੱਟ ਲੱਗਣ ਜਾ ਰਿਹਾ ਹੈ। ਪੰਜਾਬ ਬਿਜਲੀ ਵਿਭਾਗ ਵੱਲੋਂ ਜ਼ਰੂਰੀ ਮੁਰੰਮਤ ਕਾਰਨ ਕਈ ਥਾਈਂ ਬਿਜਲੀ ਬੰਦ ਰੱਖੀ ਜਾਵੇਗੀ, ਜਿਸ ਬਾਰੇ ਸ਼ਹਿਰਾਂ ਵਿਚ ਅਗਾਊਂ ਸੂਚਨਾ ਵੀ ਦਿੱਤੀ ਗਈ ਹੈ ਅਤੇ ਸਮਾਂ ਵੀ ਨਿਰਧਾਰਿਤ ਕੀਤਾ ਗਿਆ ਹੈ। ਟਾਂਡਾ ਉੜਮੁੜ (ਪੰਡਿਤ)-ਕੰਧਾਲਾ ਜੱਟਾਂ ਸਹਾਇਕ ਇੰਜੀਨੀਅਰ ਇੰਦਰਜੀਤ ਸਿੰਘ ਨੇ ਜਾਣਕਾਰੀ ਦਿੱਤੀ ਕਿ 6 ਫਰਵਰੀ ਨੂੰ 66 ਕੇ. ਵੀ. ਸਬ-ਸਟੇਸ਼ਨ ਕੰਧਾਲਾ ਜੱਟਾਂ ਦੀ ਸਪਲਾਈ ਜੋ 132 ਕੇ. ਵੀ. ਸਬ-ਸਟੇਸ਼ਨ ਤੋਂ ਚਲਦੀ ਹੈ।

## ਬਜ਼ੁਰਗ ਅਖ਼ਬਾਰ ਵਿਕਰੇਤਾ 'ਤੇ ਹਮਲਾ, ਬੇਰਹਿਮੀ ਨਾਲ ਕੁੱਟਮਾਰ ਕਰਕੇ ਖੋਹ ਲਈ ਨਕਦੀ ਅਤੇ ਮੋਬਾਈਲ

ਲੁਧਿਆਣਾ, 5 ਫਰਵਰੀ : ਲੁਧਿਆਣਾ ਵਿਚ ਬਦਮਾਸ਼ਾਂ ਦੇ ਹੌਸਲੇ ਇੰਨੇ ਬੁਲੰਦ ਹਨ ਕਿ ਹੁਣ ਉਹ ਬਜ਼ੁਰਗਾਂ ਨੂੰ ਵੀ ਨਹੀਂ ਬਖਸ਼ ਰਹੇ। ਥਾਣਾ ਡਵੀਜ਼ਨ ਨੰਬਰ 4 ਦੇ ਇਲਾਕੇ ਵਿਚ ਵੀਰਵਾਰ ਸਵੇਰੇ ਕਰੀਬ 6 ਵਜੇ ਮੋਟਰਸਾਈਕਲ ਸਵਾਰ ਦੋ ਬਦਮਾਸ਼ਾਂ ਨੇ ਅਖ਼ਬਾਰ ਵੰਡਣ ਵਾਲੇ ਬਜ਼ੁਰਗ ਵਿਨੋਦ ਕੁਮਾਰ ਨੂੰ ਆਪਣਾ ਨਿਸ਼ਾਨਾ ਬਣਾਇਆ। ਲੁਟੇਰਿਆਂ ਨੇ ਨਾ ਸਿਰਫ਼ ਬਜ਼ੁਰਗ ਨਾਲ ਕੁੱਟਮਾਰ ਕੀਤੀ, ਸਗੋਂ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਕੇ ਉਨ੍ਹਾਂ ਤੋਂ 4 ਹਜ਼ਾਰ ਰੁਪਏ ਅਤੇ ਮੋਬਾਈਲ ਖੋਹ ਕੇ ਫ਼ਰਾਰ ਹੋ ਗਏ। ਜ਼ਖ਼ਮੀ ਵਿਨੋਦ ਕੁਮਾਰ ਨੂੰ ਗੰਭੀਰ ਹਾਲਤ ਵਿਚ ਡੀ.ਐੱਮ.ਸੀ. ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਪੀੜਤ ਦੇ ਬੇਟੇ ਅਖਿਲ ਨੇ ਦੱਸਿਆ ਕਿ ਉਸ ਦੇ ਪਿਤਾ ਹਰ ਰੋਜ਼ ਦੀ ਤਰ੍ਹਾਂ ਆਪਣੀ ਐਕਟਿਵਾ 'ਤੇ ਘੰਟਾ ਘਰ ਵੱਲ ਅਖ਼ਬਾਰ ਲੈਣ ਜਾ ਰਹੇ ਸਨ। ਰਸਤੇ ਵਿਚ ਸ਼ਿਵਪੁਰੀ ਚੌਂਕ ਦੇ ਕੋਲ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਨੇ ਉਨ੍ਹਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਵਿਨੋਦ ਨੂੰ ਖ਼ਤਰੇ ਦਾ ਅਹਿਸਾਸ ਹੋਇਆ, ਤਾਂ ਉਨ੍ਹਾਂ ਨੇ ਸੜਕ 'ਤੇ ਜਾ ਰਹੀ ਇਕ ਟਰਾਲੀ ਦਾ ਸਹਾਰਾ ਲਿਆ ਅਤੇ ਉਸ ਦੀ ਆੜ ਵਿਚ ਲੁਕ ਕੇ ਅੱਗੇ ਨਿਕਲ ਗਏ। ਉਨ੍ਹਾਂ ਨੂੰ ਲੱਗਾ ਕਿ ਸ਼ਾਇਦ ਉਹ ਬਚ ਗਏ ਹਨ, ਪਰ ਬਦਮਾਸ਼ ਉਨ੍ਹਾਂ ਦੇ ਪਿੱਛੇ ਹੀ ਲੱਗੇ ਰਹੇ। ਕੁਝ ਹੀ ਦੂਰੀ 'ਤੇ ਟੂਟੀ ਵਾਲੇ ਮੰਦਰ ਦੇ ਕੋਲ ਬਦਮਾਸ਼ਾਂ ਨੇ ਦੁਬਾਰਾ ਉਨ੍ਹਾਂ ਦਾ ਰਸਤਾ ਰੋਕ ਲਿਆ। ਮੁਲਜ਼ਮਾਂ ਨੇ ਵਿਨੋਦ ਨੂੰ ਧੱਕਾ ਦੇ ਕੇ ਐਕਟਿਵਾ ਸਮੇਤ ਹੇਠਾਂ ਸੁੱਟ ਦਿੱਤਾ ਅਤੇ ਉਨ੍ਹਾਂ 'ਤੇ ਲੱਤਾਂ-ਮੁੱਕਿਆਂ ਨਾਲ ਹਮਲਾ ਕਰ ਦਿੱਤਾ। ਇਸ ਦੌਰਾਨ ਲੁਟੇਰਿਆਂ ਨੇ ਤੇਜ਼ਧਾਰ ਹਥਿਆਰ ਨਾਲ ਵਾਰ ਕਰਕੇ ਉਨ੍ਹਾਂ ਨੂੰ ਜ਼ਖ਼ਮੀ ਕਰ ਦਿੱਤਾ ਅਤੇ ਉਨ੍ਹਾਂ ਦੀ ਜੇਬ ਵਿਚ ਰੱਖੇ ਪੈਸੇ ਅਤੇ ਫ਼ੋਨ ਲੈ ਕੇ ਭੱਜ ਗਏ। ਇਸ ਮਾਮਲੇ ਵਿਚ ਥਾਣਾ ਪੁਲਸ ਦਾ ਕਹਿਣਾ ਹੈ ਕਿ ਉਹ ਘਟਨਾ ਵਾਲੀ ਥਾਂ ਦੇ ਆਲੇ-ਦੁਆਲੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਚੈੱਕ ਕਰ ਰਹੇ ਹਨ ਤਾਂ ਜੋ ਮੁਲਜ਼ਮਾਂ ਦਾ ਕੁਝ ਪਤਾ ਲੱਗ ਸਕੇ।

## ਪੰਜਾਬ ਦੇ ਸਭ ਤੋਂ ਮਹਿੰਗੇ ਟੋਲ ਪਲਾਜ਼ੇ 'ਤੇ ਲੱਗਿਆ 'ਪ੍ਰਾਈਵੇਟ ਟੈਕਸ'! ਵਾਹਨ ਚਾਲਕਾਂ ਤੋਂ ਹੋ ਰਹੀ ਲੁੱਟ

ਲੁਧਿਆਣਾ, 5 ਫਰਵਰੀ : ਪੰਜਾਬ ਦੇ ਸਭ ਤੋਂ ਮਹਿੰਗੇ ਟੋਲ ਪਲਾਜ਼ਾ ਲਾਡੋਵਾਲ 'ਤੇ ਅੱਜਕਲ੍ਹ ਕਾਨੂੰਨ ਦਾ ਨਹੀਂ ਬਲਕਿ ਬਦਮਾਸ਼ਾਂ ਦਾ ਰਾਜ ਚੱਲਦਾ ਦਿਖਾਈ ਦੇ ਰਿਹਾ ਹੈ। ਲੁਧਿਆਣਾ-ਜਲੰਧਰ ਨੈਸ਼ਨਲ ਹਾਈਵੇਅ 'ਤੇ ਸਥਿਤ ਇਸ ਮੁੱਖ ਟੋਲ ਪਲਾਜ਼ਾ 'ਤੇ ਕਰੀਬ 15 ਤੋਂ 20 ਅਣਪਛਾਤੇ ਬਦਮਾਸ਼ਾਂ ਨੇ ਆਪਣਾ ਰਾਜ ਚਲਾ ਰੱਖਿਆ ਹੈ। ਇਹ ਬਦਮਾਸ਼ ਦਿਨ-ਰਾਤ ਟੋਲ 'ਤੇ ਆਉਣ-ਜਾਣ ਵਾਲੇ ਭਾਰੀ ਵਾਹਨਾਂ ਅਤੇ ਟ?ਰਾਂਸਪੋਰਟਰਾਂ ਨੂੰ ਆਪਣਾ ਸ਼ਿਕਾਰ ਬਣਾ ਰਹੇ ਹਨ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੁਲਸ ਨੇ ਵੱਡੀ ਕਾਰਵਾਈ ਕੀਤੀ ਹੈ। ਥਾਣਾ ਲਾਡੋਵਾਲ ਦੀ ਪੁਲਸ ਨੇ ਅਣਪਛਾਤੇ ਬਦਮਾਸ਼ਾਂ ਦੇ ਖ਼ਿਲਾਫ਼ ਜ਼ਬਰਨ ਵਸੂਲੀ ਦੀ FIR ਦਰਜ ਕੀਤੀ ਹੈ। ਜਾਣਕਾਰੀ ਮੁਤਾਬਕ ਏ.ਐੱਸ.ਆਈ. ਮੁਹੰਮਦ ਸਦੀਕ ਨੂੰ ਸੂਚਨਾ ਮਿਲੀ ਕਿ ਲਾਡੋਵਾਲ ਟੋਲ 'ਤੇ ਗੁੰਡਾਗਰਦੀ ਸਿਖਰਾਂ 'ਤੇ ਹੈ। 15-20 ਅਣਪਛਾਤੇ ਨੌਜਵਾਨ ਟੋਲ ਪਲਾਜ਼ਾ ਦੇ ਕੋਲ ਬੈਠਦੇ ਹਨ ਅਤੇ ਲੁਧਿਆਣਾ ਤੋਂ ਜਲੰਧਰ ਵੱਲ ਜਾਣ ਵਾਲੇ ਟਰੱਕਾਂ ਅਤੇ ਹੋਰ ਭਾਰੀ ਵਾਹਨਾਂ ਨੂੰ ਟੋਲ ਬੂਥ ਤੋਂ ਪਹਿਲਾਂ ਹੀ ਰੋਕ ਲੈਂਦੇ ਹਨ। ਇਹ ਮੁਲਜ਼ਮ ਡਰਾਈਵਰਾਂ ਤੋਂ ਡਰਾ-ਧਮਕਾ ਕੇ ਟੋਲ ਦੀ ਰਕਮ ਆਪਣੀ ਜੇਬ ਵਿਚ ਭਰ ਲੈਂਦੇ ਹਨ ਅਤੇ ਬਦਮਾਸ਼ੀ ਨਾਲ ਫਿਰ ਵਾਹਨ ਫਰੀ ਵਿਚ ਨਿਕਲਵਾ ਦਿੰਦੇ ਹਨ। ਹੱਦ ਤਾਂ ਉਦੋਂ ਹੋ ਗਈ ਜਦੋਂ ਇਹ ਪਤਾ ਲੱਗਿਆ ਕਿ ਇਹ ਬਦਮਾਸ਼ ਟੋਲ ਬੂਥ 'ਤੇ ਤਾਇਨਾਤ ਕਰਮਚਾਰੀਆਂ ਨੂੰ ਵੀ ਗੰਭੀਰ ਨਤੀਜੇ ਭੁਗਤਣ ਦੀਆਂ ਧਮਕੀਆਂ ਦਿੰਦੇ ਹਨ। ਡਰ ਦੇ ਮਾਰੇ ਕਰਮਚਾਰੀ ਵੀ ਇਨ੍ਹਾਂ ਬਦਮਾਸ਼ਾਂ ਅੱਗੇ ਬੇਵੱਸ ਨਜ਼ਰ ਆਉਂਦੇ ਹਨ ਅਤੇ ਇਨ੍ਹਾਂ ਦੁਆਰਾ ਰੋਕੇ ਗਏ ਵਾਹਨਾਂ ਨੂੰ ਬਿਨਾਂ ਕਿਸੇ ਸਰਕਾਰੀ ਪਰਚੀ ਜਾਂ ਰਸੀਦ ਦੇ ਹੀ ਉੱਥੋਂ ਜਾਣ ਦਿੰਦੇ ਹਨ। ਇਸ ਤਰ੍ਹਾਂ ਮੁਲਜ਼ਮ ਨਾ ਸਿਰਫ਼ ਜਨਤਾ ਨੂੰ ਲੁੱਟ ਰਹੇ ਹਨ ਬਲਕਿ ਸਰਕਾਰੀ ਖਜ਼ਾਨੇ ਨੂੰ ਵੀ ਵੱਡਾ ਚੂਨਾ ਲਗਾ ਰਹੇ ਹਨ।

## ਰਵਨੀਤ ਬਿੱਟੂ ਦਾ ਰਾਹੁਲ ਤੇ ਪ੍ਰਿਅੰਕਾ ਗਾਂਧੀ 'ਤੇ ਤੰਜ, ਕਿਹਾ- ਜੇ ਇਹ ਅਸਲ ਕਾਂਗਰਸੀ ਹੁੰਦੇ....

ਨਵੀਂ ਦਿੱਲੀ, 5 ਫਰਵਰੀ : ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੇ ਬਿਆਨ 'ਤੇ ਪਲਟਵਾਰ ਕਰਦਿਆਂ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਾਂਗਰਸ ਹਾਈਕਮਾਂਡ ਨੂੰ ਕਰੜੇ ਹੱਥੀਂ ਲਿਆ ਹੈ। ਸੰਸਦ ਕੰਪਲੈਕਸ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਰਵਨੀਤ ਬਿੱਟੂ ਨੇ ਕਿਹਾ ਕਿ ਜਦੋਂ ਉਹ ਕਾਂਗਰਸ ਵਿੱਚ ਸਨ ਤਾਂ ਉਹ ਪਾਰਟੀ ਲਈ ਸੀਟਾਂ ਜਿੱਤ ਕੇ ਲਿਆਉਂਦੇ ਸਨ। ਉਹ ਕਦੇ ਵੀ ਪਾਰਟੀ 'ਤੇ ਬੋਝ ਨਹੀਂ ਬਣੇ। ਜਦੋਂ ਉਹ ਪਾਰਟੀ ਵਿੱਚ



ਸਨ ਤਾਂ ਉਹ ਅਤੇ ਉਨ੍ਹਾਂ ਦੇ ਸਾਥੀ ਮਿਹਨਤ ਕਰਕੇ ਸੀਟਾਂ ਜਿੱਤਦੇ ਸਨ। ਸੰਸਦ ਵਿੱਚ ਰੋਜ਼ਾਨਾ ਹੋ ਰਹੇ ਹੰਗਾਮੇ ਅਤੇ ਸਸਪੈਂਸ਼ਨ ਦੇ ਮੁੱਦੇ 'ਤੇ ਚੁਟਕੀ ਲੈਂਦਿਆਂ ਬਿੱਟੂ ਨੇ ਕਿਹਾ, ÷ਜੇਕਰ ਇਹ ਅਸਲੀ ਕਾਂਗਰਸ ਹੁੰਦੀ, ਤਾਂ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਖੁਦ ਸਭ ਤੋਂ ਪਹਿਲਾਂ ਟੇਬਲਾਂ 'ਤੇ ਚੜ੍ਹਦੇ ਅਤੇ ਆਪਣੀ ਸਸਪੈਂਸ਼ਨ ਕਰਵਾਉਂਦੇ।÷ ਪਰ ਇਨ੍ਹਾਂ ਨੇ ਅਜਿਹਾ ਨਹੀਂ ਕੀਤਾ। ਰਵਨੀਤ ਬਿੱਟੂ ਨੇ ਪਾਰਟੀ ਛੱਡਣ ਦੇ ਕਾਰਨਾਂ ਬਾਰੇ ਬੋਲਦੇ ਹੋਏ ਕਿਹਾ, ÷ਇਹ ਪਾਰਟੀ ਹੁਣ ਪੁਰਾਣੀ ਕਾਂਗਰਸ ਪਾਰਟੀ ਨਹੀਂ ਰਹੀ। ਜਦੋਂ ਇਹ ਸਾਫ਼ ਹੋ ਗਿਆ ਕਿ ਪਾਰਟੀ ਹੁਣ ਸਿਰਫ਼ ਇੱਕ ਪਰਿਵਾਰਕ ਮਾਮਲਾ ਬਣ ਕੇ ਰਹਿ ਗਈ ਹੈ ਤਾਂ ਸਾਰਿਆਂ ਨੇ ਪਾਰਟੀ ਛੱਡਣੀ ਸ਼ੁਰੂ ਕਰ ਦਿੱਤੀ।÷ ਉਨ੍ਹਾਂ ਅੱਗੇ ਕਿਹਾ ਕਿ ਜੇਕਰ ਇਹ ਅਸਲੀ ਕਾਂਗਰਸ ਹੁੰਦੀ, ਤਾਂ ਲੋਕ ਕਦੇ ਵੀ ਪਾਰਟੀ ਨਾ ਛੱਡਦੇ। ਉਨ੍ਹਾਂ ਕਿਹਾ ਕਿ ਉਧਰ ਸੋਨੀਆ ਗਾਂਧੀ ਜੀ ਅਤੇ ਇੱਧਰ ਦੋਵੇਂ ਭੈਣ-ਭਰਾ (ਰਾਹੁਲ-ਪ੍ਰਿਯਕਾ) ਖੁਦ ਅੰਦਰ ਆਰਾਮ ਨਾਲ ਬੈਠੇ ਰਹਿੰਦੇ ਅਤੇ ਸਾਨੂੰ ਰੋਜ਼ਾਨਾ ਬੁਰਾ ਬਣਵਾ ਕੇ ਸਦਨ ਤੋਂ ਆਊਟ ਕਰਵਾ ਦਿੰਦੇ ਸੀ। ਮੈਂ ਕਾਂਗਰਸ ਪਾਰਟੀ ਇਸੇ ਕਰਕੇ ਛੱਡ ਦਿੱਤੀ ਕਿਉਂਕਿ ਕਾਰਵਾਈ ਦੌਰਾਨ ਇਹ ਸਾਡੇ ਕੋਲੋਂ ਵਾਕਆਊਟ ਕਰਵਾ ਕੇ ਬਾਹਰ ਭੇਜ ਦਿੱਤੇ ਅਤੇ ਆਪ ਅੰਦਰ ਰਹਿੰਦੇ। ਸਪੀਕਰ ਦੇ ਸਾਹਮਣੇ ਇਹ ਸਾਨੂੰ ਬੁਰਾ ਬਣਾ ਦਿੰਦੇ ਸੀ, ਜਿਸ ਕਰਕੇ ਖ਼ਬਰਾਂ ਵਿਚ ਕਈ ਤਰ੍ਹਾਂ ਦੇ ਬਿਆਨ ਵਾਲੀਆਂ ਖ਼ਬਰਾਂ ਲਗਾਈਆਂ ਜਾਂਦੀਆਂ। ਵਾਕਆਊਟ ਤੋਂ ਬਾਅਦ ਸਾਨੂੰ ਕਿਹਾ ਜਾਂਦਾ ਸੀ ਕਿ ਅਸੀਂ ਆਪਣੇ ਇਲਾਕੇ ਦੀ ਗੱਲਬਾਤ ਨਹੀਂ ਕਰਦੇ। ਕਿਵੇਂ ਕਰਦੇ ਜੇ ਸਾਨੂੰ ਬਾਹਰ ਭੇਜ ਦਿੱਤਾ ਜਾਂਦਾ।

## 'ਜੇ ਮੇਰਾ ENCOUNTER ਹੋਇਆ ਤਾਂ' ਮਜੀਠੀਆ ਨੇ ਪੰਜਾਬ DGP ਨੂੰ ਲੈ ਕੇ ਆਖੀ ਵੱਡੀ ਗੱਲ

ਚੰਡੀਗੜ੍ਹ, 5 ਫਰਵਰੀ : ਸ਼ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਦਾ ਵੱਡਾ ਬਿਆਨ ਸਾਹਮਣੇ ਆਇਆ



ਹੈ। ਉਨ੍ਹਾਂ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇਕਰ ਸਿੱਧੂ ਮੂਸੇਵਾਲਾ ਵਾਂਗ ਮੇਰਾ ਐਨਕਾਊਂਟਰ ਹੋ ਗਿਆ ਤਾਂ ਇਸ ਦਾ ਸਿੱਧਾ ਜ਼ਿੰਮੇਵਾਰ ਇੱਕੋ ਵਿਅਕਤੀ ਪੰਜਾਬ ਦਾ ਡੀ. ਜੀ. ਪੀ. ਗੌਰਵ ਯਾਦਵ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਵੇਲੇ ਪੰਜਾਬ 'ਚ ਲਾਅ ਐਂਡ ਆਰਡਰ ਦੇ ਹਾਲਾਤ ਬਹੁਤ ਖ਼ਰਾਬ ਹਨ ਅਤੇ ਪੰਜਾਬ ਦਾ ਡੀ. ਜੀ. ਪੀ. ਸਿਰਫ ਭਗਵੰਤ ਮਾਨ ਅਤੇ ਕੇਜਰੀਵਾਲ ਨੂੰ ਖ਼ੁਸ਼ ਕਰ ਰਿਹਾ ਹੈ। ਮਜੀਠੀਆ ਨੇ ਕਿਹਾ ਕਿ ਮੈਨੂੰ ਕੋਈ ਫ਼ਰਕ ਨਹੀਂ ਪੈਂਦਾ ਅਤੇ ਮੈਂ ਆਪਣੀ ਲੜਾਈ ਲੜਾਂਗਾ। ਮੈਂ ਇਸ ਸਰਕਾਰ ਅੱਗੇ ਕਦੇ ਨਹੀਂ ਝੁਕਾਂਗਾ, ਭਾਵੇਂ ਫਿਰ ਮੇਰੇ 'ਤੇ ਇਕ ਛੱਡ 10 ਕੇਸ ਪਾ ਦਿੱਤੇ ਜਾਣ। ਉਨ੍ਹਾਂ ਕਿਹਾ ਕਿ ਡੀ. ਜੀ. ਪੀ. ਦੀ ਮਜਬੂਰੀ ਹੈ ਕਿ ਉਸ ਨੇ ਕੇਜਰੀਵਾਲ ਨੂੰ ਖ਼ੁਸ਼ ਰੱਖਣਾ ਹੈ ਅਤੇ ਜੇਕਰ ਉਹ ਅਜਿਹਾ ਨਹੀਂ ਕਰਦਾ ਤਾਂ ਅਗਲੀ ਸਵੇਰ ਹੀ ਲੱਥ ਜਾਵੇਗਾ। ਉਨ੍ਹਾਂ ਕਿਹਾ ਕਿ ਆਰਜ਼ੀ ਤੌਰ 'ਤੇ ਪੰਜਾਬ ਨੂੰ ਡੀ. ਜੀ. ਪੀ. ਦੀ ਲੋੜ ਨਹੀਂ ਹੈ। ਇਸ ਲਈ ਪੰਜਾਬ ਨੂੰ ਪੱਕੇ ਤੌਰ 'ਤੇ ਡੀ. ਜੀ. ਪੀ. ਚਾਹੀਦਾ ਹੈ। ਜਦੋਂ ਡੀ. ਜੀ. ਪੀ. ਨੂੰ ਪਤਾ ਹੋਵੇਗਾ ਕਿ ਮੈਨੂੰ ਕੋਈ ਹਟਾ ਹੀ ਨਹੀਂ ਸਕਦਾ ਤਾਂ ਫਿਰ ਉਹ ਕਾਨੂੰਨ ਨੂੰ ਤਵੱਜੋ ਦੇਵੇਗਾ ਨਾ ਕਿ ਕੇਜਰੀਵਾਲ ਅਤੇ ਭਗਵੰਤ ਮਾਨ ਨੂੰ। ਉਨ੍ਹਾਂ ਕਿਹਾ ਕਿ ਮੈਂ ਡੀ. ਜੀ. ਪੀ. ਦੇ ਖ਼?ਲਾਫ਼ ਨਹੀਂ ਹਾਂ ਪਰ ਡੀ. ਜੀ. ਪੀ. ਨਿਯਮਾਂ ਮੁਤਾਬਕ ਹੀ ਲਾਇਆ ਜਾਣਾ ਚਾਹੀਦਾ ਹੈ। ਮਜੀਠੀਆ ਨੇ ਕਿਹਾ ਕਿ ਕੇਜਰੀਵਾਲ ਨੇ ਪੰਜਾਬ 'ਚ ਜਿਸ ਤਰੀਕੇ ਦੇ ਹਾਲਾਤ ਬਣਾਏ ਹਨ, ਇਹ ਬਹੁਤ ਗਲਤ ਹੈ। ਉਨ੍ਹਾਂ ਵਿਰੋਧੀ ਪਾਰਟੀਆਂ ਨੂੰ ਕਿਹਾ ਕਿ ਆਪਣੇ ਹਿੱਤਾਂ ਨੂੰ ਛੱਡ ਕੇ ਸਾਨੂੰ ਪੰਜਾਬ ਦੇ ਹਿੱਤਾਂ ਲਈ ਇਕੱਠੇ ਹੋਣ ਦੀ ਲੋੜ ਹੈ।

## ਮਜੀਠੀਆ ਦੇ ਏਕੇ ਵਾਲੇ ਬਿਆਨ 'ਤੇ ਹਰਪ੍ਰੀਤ ਸਿੰਘ ਦਾ ਸਪਸ਼ਟ ਰੁਖ, 'ਸੁਖਬੀਰ ਬਾਦਲ ਪ੍ਰਧਾਨ ਰਹਿੰਦੇ ਸਮਝੌਤਾ ਨਹੀਂ'

ਅੰਮ੍ਰਿਤਸਰ, 5 ਫਰਵਰੀ : ਸ਼੍ਰੋਮਣੀ ਅਕਾਲੀ ਦਲ 'ਚ ਏਕਤਾ ਨੂੰ ਲੈ ਕੇ ਬਿਕਰਮ ਸਿੰਘ ਮਜੀਠੀਆ ਵੱਲੋਂ ਦਿੱਤੇ ਬਿਆਨ ਤੋਂ ਬਾਅਦ ਅਕਾਲੀ ਦਲ ਪੁਰਨ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਬਿਕਰਮ ਸਿੰਘ ਮਜੀਠੀਆ ਦੇ ਇਸ ਬਿਆਨ ਦਾ ਸੁਆਗਤ ਕਰਦੇ ਹਾਂ ਪਰ ਉਨ੍ਹਾਂ ਸਪਸ਼ਟ ਕੀਤਾ ਕਿ ਜਿੰਨੀ ਦੇਰ ਤੱਕ ਸੁਖਬੀਰ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹਨ, ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਸੰਭਵ ਨਹੀਂ। ਉਨ੍ਹਾਂ ਕਿਹਾ ਕਿ ਸਮਝੌਤੇ ਸੱਤਾ ਪ੍ਰਾਪਤੀ ਲਈ ਨਹੀਂ, ਸਗੋਂ ਸਿਧਾਂਤਾਂ ਦੇ ਆਧਾਰ 'ਤੇ ਹੁੰਦੇ ਹਨ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਜੇਕਰ ਕੋਈ ਸਮਝੌਤਾ ਸਿਰਫ਼ ਸੱਤਾ ਹਾਸਲ ਕਰਨ ਲਈ ਕੀਤਾ ਜਾਂਦਾ ਹੈ ਤਾਂ ਉਸ ਦੀ ਕੋਈ ਕੀਮਤ ਨਹੀਂ ਹੁੰਦੀ ਅਤੇ ਉਹ ਗੈਰ-ਵਾਜਬ ਹੈ। ਉਨ੍ਹਾਂ ਦੇ ਅਨੁਸਾਰ ਜੋ



ਸਮਝੌਤੇ ਸਿਧਾਂਤਾਂ ਦੇ ਆਧਾਰ 'ਤੇ ਹੁੰਦੇ ਹਨ, ਉਹੀ ਲੰਮੇ ਸਮੇਂ ਤੱਕ ਟਿਕ ਵੀ ਜਾਂਦੇ ਹਨ। ਉਨ੍ਹਾਂ ਨੇ ਆਪਣਾ ਰੁਖ ਹੋਰ ਸਪਸ਼ਟ ਕਰਦਿਆਂ ਕਿਹਾ ਕਿ ਜਿੰਨੀ ਦੇਰ ਅਕਾਤ ਤਖ਼ਤ ਸਾਹਿਬ ਤੋਂ ਭਗੌੜਾ ਹੋਇਆ ਸੁਖਬੀਰ ਸਿੰਘ ਬਾਦਲ ਪ੍ਰਧਾਨ ਹੈ, ਤਾਂ ਉਹ ਇਸ ਪਾਰਟੀ ਦਾ ਸਮਝੌਤਾ ਨਹੀਂ ਕਰਨਗੇ। ਉਨ੍ਹਾਂ ਕਿਹਾ ਜੇਕਰ ਸੁਖਬੀਰ ਸਿੰਘ ਬਾਦਲ ਪ੍ਰਧਾਨਗੀ ਤੋਂ ਪਿੱਛੇ ਹਟਦੇ ਹਨ ਤਾਂ ਫਿਰ ਅਸੀਂ ਸਵਾਗਤ ਵੀ ਕਰਾਂਗੇ ਤੇ ਜਤਨ ਵੀ ਕਰਾਂਗੇ। ਜ਼ਿਕਰਯੋਗ ਹੈ ਕਿ ਬਿਕਰਮ ਸਿੰਘ ਮਜੀਠੀਆ ਨੇ ਏਕੇ ਦੀ ਗੱਲ ਕਰਦਿਆਂ ਕਿਹਾ ਸੀ ਕਿ ਰੁੱਸੇ ਹੋਏ ਆਗੂਆਂ ਨੂੰ ਮਨਾਉਣ ਲਈ ਉਹ ਨੰਗੇ ਪੈਰੀਂ ਆਉਣਗੇ। ਜਿਸ ਤੋਂ ਬਾਅਦ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ ਸਾਹਮਣੇ ਆਇਆ ਹੈ। ਇਸ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਨੇ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ 'ਤੇ ਤਿੱਖਾ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਭਗੌੜੇ ਦਲ ਦਾ ਸਿਪਾਹੀ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਗੁਰਦੁਆਰਾ ਸਾਹਿਬ ਦੀ ਜ਼ਮੀਨ ਵੇਚਣਾ ਬਹੁਤ ਹੀ ਘਟੀਆ ਹਰਕਤ ਹੈ, ਇਸ ਮਾਮਲੇ 'ਚ ਸਿਪਾਹੀ ਨਹੀਂ ਕਮਾਂਡਰ ਜ਼ਿੰਮੇਵਾਰ ਹੈ।

## ਪੰਜਾਬ 'ਚ 'ਡਰ ਅਤੇ ਟੈਰਰ' ਦਾ ਵਾਤਾਵਰਣ ਪੈਦਾ ਕਰ ਰਹੀ 'ਆਪ' ਸਰਕਾਰ: ਸੁਸ਼ੀਲ ਰਿੰਕੂ

ਜਲੰਧਰ, 5 ਫਰਵਰੀ : ਪੰਜਾਬ ਕੇਸਰੀ ਗਰੁੱਪ 'ਤੇ ਪੰਜਾਬ ਜੀ. ਐੱਸ. ਟੀ. ਵਿਭਾਗ ਵੱਲੋਂ ਕੀਤੀ ਗਈ ਰੇਡ ਦੀ ਭਾਜਪਾ ਆਗੂ ਸੁਸ਼ੀਲ ਰਿੰਕੂ ਨੇ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਨੇ 'ਆਪ' ਸਰਕਾਰ ਦੇ ਵਤੀਰੇ ਦੀ ਤੁਲਨਾ ਮੁਗਲਾਂ ਅਤੇ ਅੰਗਰੇਜ਼ਾਂ ਦੇ ਰਾਜ ਨਾਲ ਕਰਦਿਆਂ ਕਿਹਾ ਕਿ ਅੱਜ ਪੰਜਾਬ 'ਚ ਮੁੜ ਉਹੀ ਇਤਿਹਾਸ ਦੁਹਰਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਮੁਗਲ ਧਰਮ ਪਰਿਵਰਤਨ ਲਈ ਜ਼ੁਲਮ ਕਰਦੇ ਸਨ ਅਤੇ ਅੰਗਰੇਜ਼ ਵਿਰੋਧੀਆਂ 'ਤੇ ਤਸ਼ੱਦਦ ਕਰਦੇ ਸਨ, ਅੱਜ ਦੀ ਸਰਕਾਰ ਵੀ ਉਸੇ ਤਰ੍ਹਾਂ ਦੇ ਹਾਲਾਤ ਪੈਦਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਡਰ ਅਤੇ ਟੈਰਰ ਦਾ ਵਾਤਾਵਰਣ ਪੈਦਾ ਕਰ ਰਹੀ ਹੈ। ਰਿੰਕੂ ਨੇ ਕਿਹਾ ਕਿ ਸਰਕਾਰ ਹਰ ਉਸ ਆਵਾਜ਼ ਅਤੇ ਕਲਮ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਉਸ ਦੇ ਗਲਤ ਕੰਮਾਂ ਖ਼?ਲਾਫ਼ ਉੱਠਦੀ ਹੈ।

ਉਨ੍ਹਾਂ ਨੇ ਦਾਅਵਾ ਕੀਤਾ ਕਿ ਸਰਕਾਰ ਨੂੰ ਸਿਰਫ਼ ਉਹ ਮੀਡੀਆ ਚਾਹੀਦਾ ਹੈ, ਜੋ ਉਸ ਦੇ ਹੁਕਮ ਮੰਨੇ, ਜਦਕਿ ਇਨਸਾਫ਼ ਦੀ ਗੱਲ ਕਰਨ ਵਾਲੇ ਅਦਾਰਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ 'ਜਗ ਬਾਣੀ' 'ਪੰਜਾਬ ਕੇਸਰੀ ਗਰੁੱਪ' ਅਤੇ ਬਾਬਾ ਗੁਰਿੰਦਰ ਸਿੰਘ ਜੀ ਢਿੱਲੋਂ (ਬਿਆਸ ਵਾਲੇ) ਵਰਗੀਆਂ



ਸਤਿਕਾਰਯੋਗ ਸ਼ਖ਼ਸੀਅਤਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਹਰ ਕਿਸੇ ਨੂੰ ਇਮਾਨਦਾਰੀ ਨਾਲ ਆਪਣਾ ਕੰਮ ਕਰਨ ਦਾ ਹੱਕ ਹੈ। ਸੁਸ਼ੀਲ ਰਿੰਕੂ ਨੇ 'ਪੰਜਾਬ ਕੇਸਰੀ ਗਰੁੱਪ' ਦੇ ਵੱਖ-ਵੱਖ ਅਦਾਰਿਆਂ 'ਤੇ ਹੋ ਰਹੀਆਂ ਸਟੇਟ ਜੀ. ਐੱਸ. ਟੀ (GST) ਦੀਆਂ ਰੇਡਾਂ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਮਾਨਯੋਗ ਸੁਪਰੀਮ ਕੋਰਟ ਨੇ ਪਹਿਲਾਂ ਵੀ ਇਸ ਗਰੁੱਪ ਦੇ ਹੱਕ ਵਿੱਚ ਫ਼ੈਸਲੇ ਦਿੱਤੇ ਹਨ ਪਰ ਸਰਕਾਰ ਫਿਰ ਵੀ ਦਬਾਅ ਦੀ ਰਾਜਨੀਤੀ ਤੋਂ ਪਿੱਛੇ ਨਹੀਂ ਹਟ ਰਹੀ। ਰਿੰਕੂ ਨੇ ਚਿੰਤਾ ਪ੍ਰਗਟਾਈ ਕਿ ਜੇਕਰ ਇੰਨੇ ਵੱਡੇ ਅਦਾਰਿਆਂ ਨਾਲ ਅਜਿਹਾ ਧੱਕਾ ਹੋ ਸਕਦਾ ਹੈ ਤਾਂ ਪੰਜਾਬ ਦਾ ਆਮ ਵਪਾਰੀ ਅਤੇ ਆਮ ਜਨਤਾ ਖ਼ੁਦ ਨੂੰ ਕਿਵੇਂ ਸੁਰੱਖਿਅਤ ਮਹਿਸੂਸ ਕਰੇਗੀ। ਉਨ੍ਹਾਂ ਸਰਕਾਰ 'ਤੇ ਪੰਜਾਬ ਵਿੱਚ 'ਡਰ ਅਤੇ ਟੈਰਰ' ਦਾ ਵਾਤਾਵਰਣ ਪੈਦਾ ਕਰਨ ਦੇ ਦੋਸ਼ ਲਾਏ। ਉਨ੍ਹਾਂ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜਿਸ ਪਰਿਵਾਰ (ਪੰਜਾਬ ਕੇਸਰੀ) ਨਾਲ ਸਰਕਾਰ ਮੱਥਾ ਲਾ ਰਹੀ ਹੈ, ਉਨ੍ਹਾਂ ਨੇ ਦੇਸ਼ ਲਈ ਸ਼ਹਾਦਤਾਂ ਦਿੱਤੀਆਂ ਹਨ ਅਤੇ ਉਹ ਇਨਸਾਫ਼ ਦੀ ਗੱਲ ਕਰਨ ਤੋਂ ਨਹੀਂ ਡਰਨਗੇ। ਰਿੰਕੂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਕਦੇ ਧੱਕਾ ਨਹੀਂ ਸਹਿਆ ਅਤੇ ਜਿੰਨਾ ਜ਼ਿਆਦਾ ਸਰਕਾਰ ਦਬਾਅ ਪਾਵੇਗੀ, ਉਹ ਉਨੀ ਹੀ ਵੱਡੀ ਤਾਕਤ ਨਾਲ ਵਾਪਸ ਆਵੇਗਾ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਆਪਣਾ ਵਤੀਰਾ ਨਾ ਬਦਲਿਆ ਤਾਂ ਆਉਣ ਵਾਲੇ ਸਮੇਂ 'ਚ ਆਮ ਆਦਮੀ ਪਾਰਟੀ ਨੂੰ ਇਸ ਦੇ ਗੰਭੀਰ ਨਤੀਜੇ ਭੁਗਤਣੇ ਪੈਣਗੇ।

## ਪੰਜਾਬ ਦੇ 38 ਲੱਖ ਰਾਸ਼ਨ ਕਾਰਡ ਧਾਰਕਾਂ ਲਈ ਬੁਰੀ ਖ਼ਬਰ, ਮੁਫ਼ਤ ਕਣਕ ਲੈਣ ਲਈ ਸਵੇਰੇ-ਸ਼ਾਮ

ਲੁਧਿਆਣਾ, 5 ਫਰਵਰੀ : ਪੰਜਾਬ ਭਰ 'ਚ 18 ਹਜ਼ਾਰ ਦੇ ਕਰੀਬ ਰਾਸ਼ਨ ਡਿਪੂਆਂ 'ਤੇ ਗਰੀਬ ਅਤੇ ਲੋੜਵੰਦ ਪਰਿਵਾਰਾਂ ਨੂੰ ਮਿਲਣ ਵਾਲੀ ਮੁਫ਼ਤ ਕਣਕ ਦੀ ਮੌਜੂਦਾ ਸਮੇਂ ਦੌਰਾਨ ਵੰਡ ਤੱਕ ਨਹੀਂ ਹੋ ਪਾਈ ਹੈ। ਇਸ ਦਾ ਸਿੱਧਾ ਅਸਰ ਯੋਜਨਾ ਨਾਲ ਜੁੜੇ ਉਨ੍ਹਾਂ ਗਰੀਬ ਅਤੇ ਲੋੜਵੰਦ ਪਰਿਵਾਰਾਂ 'ਤੇ ਪੈਂਦਾ ਦਿਖਾਈ ਦੇ ਰਿਹਾ ਹੈ, ਜੋ ਕਿ ਆਮ ਤੌਰ ਰਾਸ਼ਨ ਡਿਪੂਆਂ ਤੋਂ ਮਿਲਣ ਵਾਲੇ ਮੁਫ਼ਤ ਅਨਾਜ 'ਤੇ ਨਿਰਭਰ ਰਹਿੰਦੇ ਹਨ। ਖ਼ੁਰਾਕ ਅਤੇ ਸਪਲਾਈ ਵਿਭਾਗ ਵਲੋਂ ਸਾਂਝੇ ਕੀਤੇ ਗਏ ਅੰਕੜਿਆਂ ਮੁਤਾਬਕ ਪੰਜਾਬ 'ਚ ਕੁੱਲ 38 ਲੱਖ ਰਾਸ਼ਨ ਕਾਰਡ ਧਾਰਕਾਂ ਦੇ 1.57 ਕਰੋੜ ਮੈਂਬਰ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਤਹਿਤ ਰਾਸ਼ਨ ਡਿਪੂਆਂ ਤੋਂ ਮੁਫ਼ਤ ਕਣਕ ਦਾ ਲਾਭ ਲੈ ਰਹੇ ਹਨ, ਜਿਸ ਨੂੰ ਸਰਕਾਰ ਵਲੋਂ ਸਾਲ 'ਚ ਚਾਰ ਵਾਰ ਹਰ ਤਿੰਨ ਮਹੀਨਿਆਂ ਬਾਅਦ ਰਾਸ਼ਨ ਕਾਰਡ 'ਚ ਦਰਜ ਪ੍ਰਤੀ ਮੈਂਬਰ 5 ਕਿੱਲੋ ਦੇ ਹਿਸਾਬ ਨਾਲ 3 ਮਹੀਨਿਆਂ ਦੀ 15 ਕਿੱਲੋ ਕਣਕ ਮੁਫ਼ਤ ਮੁਹੱਈਆ ਕਰਵਾਈ ਜਾ ਰਹੀ ਹੈ। ਮੌਜੂਦਾ ਸਮੇਂ ਦੌਰਾਨ ਲਾਭਪਾਤਰੀ ਪਰਿਵਾਰਾਂ ਨੂੰ ਇਕ ਜਨਵਰੀ ਤੋਂ ਲੈ ਕੇ 31 ਮਾਰਚ ਤੱਕ ਤਿੰਨ ਮਹੀਨਿਆਂ ਦੀ ਕਣਕ ਦਾ ਲਾਭ ਮਿਲਣਾ ਤਾਂ ਦੂਰ ਦੀ ਗੱਲ ਹੈ, ਸਗੋਂ ਪੰਜਾਬ ਸਰਕਾਰ ਸਮੇਤ ਖ਼ੁਰਾਕ ਅਤੇ ਸਪਲਾਈ ਵਿਭਾਗ ਵਲੋਂ ਅਜੇ ਤੱਕ 1.57 ਕਰੋੜ ਪਰਿਵਾਰਾਂ ਨੂੰ ਵੰਡੀ ਜਾਣ ਵਾਲੀ ਕਣਕ ਦੀ ਵੰਡ (ਐਲੋਕੇਸ਼ਨ) ਦਾ ਕੰਮ ਤੱਕ ਨਹੀਂ ਨਿਪਟਾਇਆ ਗਿਆ ਹੈ। ਇਸ ਕਾਰਨ ਜ਼ਿਆਦਾਤਰ ਪਰਿਵਾਰਾਂ ਦੀ ਟੈਨਸ਼ਨ ਵੱਧ ਗਈ ਹੈ। ਅਜਿਹੇ 'ਚ ਉਕਤ ਪਰਿਵਾਰ ਪੰਜਾਬ ਸਰਕਾਰ ਅਤੇ ਖ਼ੁਰਾਕ ਅਤੇ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਲੱਭਦੇ ਹੋਏ ਦਿਖਾਈ ਦੇ ਰਹੇ ਹਨ ਕਿਉਂਕਿ ਅਧਿਕਾਰੀਆਂ ਦੀ ਨਾਲਾਇਕੀ ਕਾਰਨ ਗਰੀਬ ਅਤੇ ਲੋੜਵੰਦ ਪਰਿਵਾਰਾਂ ਨੂੰ ਉਨ੍ਹਾਂ ਦੇ ਘਰਾਂ ਦੇ ਚੁੱਲ੍ਹੇ ਠੰਡੇ ਪੈਣ ਦਾ ਡਰ ਸਤਾਉਣ ਲੱਗਾ ਹੈ। ਇੱਥੇ ਇਸ ਗੱਲ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੋਵੇਗਾ ਕਿ ਯੋਜਨਾ ਨਾਲ ਜੁੜੇ ਜ਼ਿਆਦਾਤਰ ਪਰਿਵਾਰ ਉਹ ਵੀ ਹਨ, ਜੋ ਕਿ ਸਿਰ 'ਤੇ ਇੱਟਾਂ ਢੋਣ ਵਾਲੇ ਮਜ਼ਦੂਰ ਵਰਗ, ਰਿਕਸ਼ਾ ਚਾਲਕ ਅਤੇ ਲੋਕਾਂ ਦੇ ਘਰਾਂ 'ਚ ਭਾਂਡੇ ਮਾਂਜਣ ਦਾ ਕੰਮ ਕਰਦੇ ਹਨ ਅਤੇ ਸਾਰਾ ਦਿਨ ਸਖ਼ਤ ਮਿਹਨਤ-ਮਜ਼ਦੂਰੀ ਕਰਨ ਮਗਰੋਂ ਆਪਣੇ ਮਾਸੂਮ ਬੱਚਿਆਂ ਲਈ ਬੜੀ ਮੁਸ਼ਕਲ ਨਾਲ ਦੋ ਵਕਤ ਦੀ ਰੋਟੀ ਦਾ ਜੁਗਾੜ ਕਰ ਪਾਉਂਦੇ ਹਨ। ਅਜਿਹੇ 'ਚ ਇਹ ਪਰਿਵਾਰ ਚਿੰਤਾ 'ਚ ਡੁੱਬੇ ਹੋਏ ਹਨ। ਜ਼ਿਆਦਾਤਰ ਪਰਿਵਾਰ ਆਪਣੇ ਇਲਾਕੇ ਦੇ ਰਾਸ਼ਨ ਡਿਪੂਆਂ 'ਤੇ ਸਵੇਰੇ ਅਤੇ ਸ਼ਾਮ ਨੂੰ ਚੱਕਰ ਲਾ ਕੇ ਡਿਪੂ ਹੋਲਡਰਾਂ ਨੂੰ ਸਵਾਲ ਪੁੱਛ ਰਹੇ ਹਨ ਕਿ ਉਨ੍ਹਾਂ ਦੇ ਹਿੱਸੇ ਦੀ ਕਣਕੀ ਕਦੋਂ ਤੱਕ ਆਵੇਗੀ। ਆਲ ਇੰਡੀਆ ਸ਼ੇਅਰ ਪ੍ਰਾਈਜ਼ ਡੀਲਰ ਫੈਡਰੇਸ਼ਨ ਯੂਨੀਅਨ ਦੇ ਪੰਜਾਬ ਪ੍ਰਧਾਨ ਕਰਮਜੀਤ ਸਿੰਘ ਅੜੈਚਾ ਨੇ ਪੰਜਾਬ ਸਰਕਾਰ ਨੂੰ ਜਲਦੀ ਤੋਂ ਜਲਦੀ ਰਾਸ਼ਨ ਡਿਪੂਆਂ 'ਤੇ ਗਰੀਬ ਅਤੇ ਲੋੜਵੰਦ ਪਰਿਵਾਰਾਂ ਨੂੰ ਵੰਡੀ ਜਾਣ ਵਾਲੀ ਮੁਫ਼ਤ ਕਣਕ ਦਾ ਕੋਟਾ ਜਾਰੀ ਕਰਨ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਜ਼ਿਆਦਾਤਰ ਹਿੱਸਿਆਂ 'ਚ ਅਜਿਹੇ ਪਰਿਵਾਰ ਵੀ ਹਨ, ਜੋ ਸਰਕਾਰ ਵਲੋਂ ਦਿੱਤੀ ਜਾਣ ਵਾਲੀ ਮੁਫ਼ਤ ਕਣਕ ਮਿਲਣ 'ਤੇ ਆਪਣੇ ਮਾਸੂਮ ਬੱਚਿਆਂ ਨੂੰ ਭਰ ਪੇਟ ਰੋਟੀ ਖਿਲਾਉਂਦੇ ਹਨ, ਜਿਨ੍ਹਾਂ ਲਈ ਬਜ਼ਾਰ ਤੋਂ ਕਣਕ ਦਾ ਆਟਾ ਖ਼ਰੀਦਣਾ ਕਿਸੇ ਬੁਰੇ ਸੁਫ਼ਨੇ ਤੋਂ ਘੱਟ ਨਹੀਂ ਹੈ ਕਿਉਂਕਿ ਮਹਿੰਗਾਈ ਦੀ ਮਾਰ ਕਾਰਨ ਇਹ ਪਰਿਵਾਰ ਦਿਨ ਭਰ ਸਖ਼ਤ ਮਿਹਨਤ-ਮਜ਼ਦੂਰੀ ਕਰਨ ਤੋਂ ਬਾਅਦ ਵੀ ਆਪਣੇ ਘਰਾਂ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਕਰ ਰਹੇ ਹਨ। ਪ੍ਰਧਾਨ ਕਰਮਜੀਤ ਸਿੰਘ ਨੇ ਕਿਹਾ ਕਿ ਯੋਜਨਾ ਨਾਲ ਜੁੜੇ ਪਰਿਵਾਰਾਂ ਨੂੰ ਇਕ ਅਕਤੂਬਰ ਤੋਂ ਲੈ ਕੇ 31 ਦਸੰਬਰ 2026 ਦੌਰਾਨ ਮਿਲੀ ਕਣਕ ਖ਼ਤਮ ਹੋ ਚੁੱਕੀ ਹੈ, ਜਦੋਂ ਕਿ ਜਨਵਰੀ ਤੋਂ ਲੈ ਕੇ ਮਾਰਚ ਤੱਕ ਦਾ ਕੋਟਾ ਸਰਕਾਰ ਵਲੋਂ ਜਾਰੀ ਨਾ ਕੀਤੇ ਜਾਣ ਕਾਰਨ ਉਕਤ ਪਰਿਵਾਰ ਹੁਣ ਡੂੰਘੀ ਸੋਚ 'ਚ ਪੈ ਗਏ ਹਨ।

## ਪੰਜਾਬ ਦੇ ਕਈ ਪਿੰਡਾਂ 'ਚ ਆਸਮਾਨ 'ਤੇ ਘੁੰਮ ਰਹੇ ਡਰੋਨ ਨੇ ਮਚਾਈ ਦਹਿਸ਼ਤ ! ਪੁਲਸ ਨੂੰ ਪਈਆਂ ਭਾਜੜਾਂ

ਨੂਰਪੁਰਬੇਦੀ, 5 ਫਰਵਰੀ : ਨੂਰਪੁਰਬੇਦੀ ਖੇਤਰ ਦੇ ਵੱਖ-ਵੱਖ ਪਿੰਡਾਂ 'ਚ ਸਵੇਰ ਤੋਂ ਆਸਮਾਨ 'ਚ ਘੁੰਮਦੇ ਇਕ ਡਰੋਨ ਨੇ ਅਚਾਨਕ ਲੋਕਾਂ ਨੂੰ ਡੂੰਘੀ ਚਿੰਤਾ 'ਚ ਪਾ ਦਿੱਤਾ ਹੈ, ਜਿਸ ਕਾਰਨ ਲੋਕਾਂ ਵੱਲੋਂ ਇਸ ਡਰੋਨ ਕੈਮਰੇ ਨੂੰ ਆਪਣੇ ਮੋਬਾਇਲ ਫੋਨਾਂ 'ਚ ਕੈਦ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਉਸ ਦੀ ਉੱਚਾਈ ਅਤੇ ਤੇਜ਼ ਗਤੀ ਕਾਰਨ ਜ਼ਿਆਦਾਤਰ ਲੋਕ ਇਸ 'ਚ ਸਫਲ ਨਾ ਹੋ ਸਕੇ। ਇਸ ਤੋਂ ਬਾਅਦ ਜਦੋਂ ਇਹ ਮਾਮਲਾ ਮੀਡੀਆ ਕਰਮੀਆਂ ਦੇ ਧਿਆਨ 'ਚ ਲਿਆਂਦਾ ਗਿਆ ਤਾਂ ਪੱਤਰਕਾਰਾਂ ਵੱਲੋਂ ਡਰੋਨ ਦੀ ਗਤੀਵਿਧੀ 'ਤੇ ਨਜ਼ਰ ਰੱਖਦੇ ਹੋਏ ਵੱਖ-ਵੱਖ ਪਿੰਡਾਂ ਦੇ ਲੋਕਾਂ ਨਾਲ ਫੋਨ ਰਾਹੀਂ ਤਾਲਮੇਲ ਕੀਤਾ ਗਿਆ। ਜਾਣਕਾਰੀ ਮਿਲਣ 'ਤੇ ਕਈ ਪਿੰਡਾਂ 'ਚ ਲੋਕ ਆਪਣੇ ਘਰਾਂ ਦੇ ਬਾਹਰ ਅਤੇ ਕੋਠਿਆਂ 'ਤੇ ਖੜ੍ਹ ਕੇ ਡਰੋਨ ਦੀ ਹਰਕਤ ਨੂੰ ਦੇਖਦੇ ਰਹੇ। ਕੁਝ ਪਿੰਡਾਂ ਦੇ ਲੋਕਾਂ ਵੱਲੋਂ ਦੱਸਿਆ ਗਿਆ ਕਿ ਇਹ ਡਰੋਨ ਉਨ੍ਹਾਂ ਦੇ ਘਰਾਂ ਤੋਂ ਕੁਝ ਦੂਰੀ 'ਤੇ ਆਸਮਾਨ 'ਚ ਕਾਫ਼ੀ ਉੱਚਾਈ 'ਤੇ ਚੱਕਰ ਲਗਾਉਂਦਾ ਵਿਖਾਈ ਦਿੱਤਾ। ਡਰੋਨ ਦੀ ਸ਼ੱਕੀ ਗਤੀਵਿਧੀ ਨੂੰ ਵੇਖਦੇ ਹੋਏ ਪੱਤਰਕਾਰਾਂ ਵੱਲੋਂ ਸਥਾਨਕ ਪੁਲਸ ਪ੍ਰਸ਼ਾਸਨ ਨੂੰ ਵੀ ਤੁਰੰਤ ਇਸ ਸਬੰਧੀ ਸੂਚਿਤ ਕੀਤਾ ਗਿਆ ਜਿਸ 'ਤੇ ਸਬ ਇੰਸਪੈਕਟਰ ਰੈਂਕ ਦੇ ਇਕ ਅਧਿਕਾਰੀ ਦੀ ਅਗਵਾਈ ਪੁਲਸ ਮੁਲਾਜ਼ਮ ਵੀ ਡਰੋਨ ਦੀ ਭਾਲ 'ਚ ਉਕਤ ਪਿੰਡਾਂ ਲਈ ਰਵਾਨਾ ਹੋ ਗਏ ਪਰ ਪੱਤਰਕਾਰਾਂ ਅਤੇ ਪਿੰਡ ਵਾਸੀਆਂ ਵਿਚਾਲੇ ਬਣੇ ਤਾਲਮੇਲ ਸਦਕਾ ਕਰੀਬ ਦੋ ਘੰਟਿਆਂ ਬਾਅਦ ਖੇਤਰ ਦੇ ਪਿੰਡ ਲਸਾੜੀ ਵਿਖੇ ਪੁਰਾਣੇ ਟੋਬੇ ਦੇ ਕੋਲ ਇਕ ਪਿੰਡ ਵਾਸੀ ਵੱਲੋਂ ਡਰੋਨ ਦੀ ਹਰਕਤ ਦੇਖੇ ਜਾਣ ਦੀ ਜਾਣਕਾਰੀ



ਮਿਲਣ 'ਤੇ ਤੁਰੰਤ ਪਤਾ ਚੱਲਣ 'ਤੇ ਪੁਲਸ ਅਧਿਕਾਰੀ ਉਕਤ ਸਥਾਨ 'ਤੇ ਪਹੁੰਚੇ। ਥਾਣਾ ਮੁਖੀ ਰੋਹਿਤ ਸ਼ਰਮਾ ਦੇ ਹੁਕਮਾਂ 'ਤੇ ਇੰਸਪੈਕਟਰ ਬਲਵੀਰ ਚੰਦ ਦੀ ਅਗਵਾਈ ਹੇਠ ਪੁਲਸ ਟੀਮ ਨੇ ਮੌਕੇ 'ਤੇ ਪਹੁੰਚ ਕੇ ਡਰੋਨ ਉਡਾਉਣ ਵਾਲੇ ਵਿਅਕਤੀਆਂ ਨੂੰ ਮਿਲ ਕੇ ਉਨ੍ਹਾਂ ਨੂੰ ਪੁਲਸ ਥਾਣੇ ਵਿਖੇ ਬੁਲਾ ਕੇ ਪੂਰੀ ਗਹਿਰਾਈ ਨਾਲ ਪੁੱਛ-ਗਿੱਛ ਕੀਤੀ ਜਿਸ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਹੈ ਕਿ ਸਰਵੇ ਆਫ ਇੰਡੀਆ ਵੱਲੋਂ ਪੰਜਾਬ ਸਰਕਾਰ ਦੇ ਜਲ ਸ੍ਰੋਤ ਵਿਭਾਗ ਦੀ ਬੇਨਤੀ 'ਤੇ ਸਤਲੁਜ ਦਰਿਆ ਲਈ ਹੜ੍ਹ-ਖਤਰਾ ਮੈਪ ਤਿਆਰ ਕਰਨ ਲਈ ਇਕ ਪ੍ਰਾਜੈਕਟ ਤਿਆਰ ਕੀਤਾ ਜਾ ਰਿਹਾ ਹੈ ਜਿਸ ਤਹਿਤ ਹਵਾਈ ਅਤੇ ਅੰਤਰਿਕਸ਼ ਆਧਾਰਿਤ ਤਕਨੀਕਾਂ ਦੀ ਵਰਤੋਂ ਕਰਦੇ ਹੋਏ ਲਗਭਗ 1693 ਵਰਗ ਕਿਲੋਮੀਟਰ ਖੇਤਰ ਦਾ ਸਰਵੇ ਕੀਤਾ ਜਾਵੇਗਾ, ਜਿਸ ਵਿਚ ਰੂਪਨਗਰ, ਐੱਸ.ਏ.ਐੱਸ. ਨਗਰ, ਲੁਧਿਆਣਾ, ਜਲੰਧਰ ਅਤੇ ਮੋਗਾ ਜ਼ਿਲ੍ਹੇ ਸ਼ਾਮਲ ਹਨ। ਡਾਟਾ ਇਕੱਠਾ ਕਰਨ ਦੇ ਹਿੱਸੇ ਲਈ ਐੱਮ/ਐੱਸ ਪਾਇਨੀਅਰ ਫਾਊਂਡੇਸ਼ਨ ਇੰਜੀਨੀਅਰਜ਼ ਪ੍ਰਾਈਵੇਟ ਲਿਮਿਟਡ ਅਤੇ ਐੱਮ/ਐੱਸ ਸਪਤ੍ਰਿਸ਼ੀ ਕਨਸਲਟੈਂਸੀ ਸਰਵਿਸਿਜ਼ ਲਿਮਿਟਡ ਨੂੰ ਚੁਣਿਆ ਗਿਆ ਹੈ ਅਤੇ ਉਨ੍ਹਾਂ ਨੂੰ ਆਪਣੇ-ਆਪਣੇ ਖੇਤਰ ਅਲਾਟ ਕੀਤੇ ਗਏ ਹਨ ਜਿਸ ਤਹਿਤ ਉਕਤ ਟੀਮ ਦੇ ਵੱਲੋਂ ਨੂਰਪੁਰਬੇਦੀ ਇਲਾਕੇ ਦੇ ਸਤਲੁਜ ਦਰਿਆ ਦੇ ਨਾਲ ਲੱਗਦੇ ਖੇਤਰਾਂ 'ਚ ਡਰੋਨ ਕੈਮਰੇ ਰਾਹੀਂ ਇਹ ਸਰਵੇ ਕੀਤਾ ਜਾ ਰਿਹਾ ਹੈ। ਇਸ ਦੌਰਾਨ ਪੁਲਸ ਪ੍ਰਸ਼ਾਸਨ ਨੇ ਉਕਤ ਟੀਮ ਨੂੰ ਅਗਾਹ ਕੀਤਾ ਕਿ ਉਹ ਹੋਰਨਾਂ ਪਿੰਡਾਂ 'ਚ ਜਾਣ ਤੋਂ ਪਹਿਲਾਂ ਇਸ ਦੀ ਪੁਲਸ ਨੂੰ ਅਗੇਤੀ ਸੂਚਨਾ ਦੇਣ ਤਾਂ ਜੋ ਡਿਜੀਟਲ ਮਾਧਿਅਮ ਰਾਹੀਂ ਲੋਕਾਂ ਨੂੰ ਸੂਚਿਤ ਕਰਕੇ ਉਨ੍ਹਾਂ ਦੀ ਉਤਸੁਕਤਾ ਨੂੰ ਦੂਰ ਕੀਤਾ ਜਾ ਸਕੇ।

## Flipkart ਦੇ Delivery Boy ਨਾਲ ਹੋਈ ਲੁੱਟ, ਪਾਰਸਲ ਖੋਹ ਕੇ ਲੈ ਗਏ ਲੁਟੇਰੇ

ਲੁਧਿਆਣਾ, 5 ਫਰਵਰੀ : ਮਹਾਨਗਰ ਵਿਚ ਬੇਖੌਫ਼ ਲੁਟੇਰਿਆਂ ਦਾ ਆਤੰਕ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੈ। ਹੁਣ ਲੁਟੇਰਿਆਂ ਨੇ ਇਕ ਈ-ਕਾਰਟ ਕੰਪਨੀ ਦੇ ਡਿਲੀਵਰੀ ਬੁਆਏ ਨੂੰ ਆਪਣਾ ਨਿਸ਼ਾਨਾ ਬਣਾਇਆ ਹੈ। ਲੁਟੇਰੇ ਝਾਂਸਾ ਦੇ ਕੇ ਡਿਲੀਵਰੀ ਬੁਆਏ ਤੋਂ ਕਰੀਬ 81 ਹਜ਼ਾਰ ਰੁਪਏ ਦੀ ਕੀਮਤ ਦੇ ਦੋ ਕੀਮਤੀ ਪਾਰਸਲ ਖੋਹ ਕੇ ਰਫੂਚੱਕਰ ਹੋ ਗਏ। ਪੁਲਸ ਨੂੰ ਦਿੱਤੇ ਬਿਆਨ ਵਿਚ ਡਿਲੀਵਰੀ ਬੁਆਏ ਮਨਜੀਤ ਸਿੰਘ ਨੇ ਦੱਸਿਆ ਕਿ ਉਹ ਈ-ਕਾਰਟ ਕੰਪਨੀ ਵਿਚ Flipkart ਦੇ ਪਾਰਸਲ ਡਿਲੀਵਰ ਕਰਨ ਦਾ ਕੰਮ ਕਰਦਾ ਹੈ। ਬੀਤੇ 27 ਜਨਵਰੀ ਨੂੰ ਉਸ ਨੇ ਦੋ ਕੀਮਤੀ ਪਾਰਸਲ ਡਿਲੀਵਰ ਕਰਨੇ ਸਨ। ਇਕ ਪਾਰਸਲ ਦੀ ਕੀਮਤ 35,285 ਰੁਪਏ, ਜਦਕਿ ਦੂਜੇ ਪਾਰਸਲ ਦੀ ਕੀਮਤ 46,135 ਰੁਪਏ ਸੀ। ਇਹ ਦੋਵੇਂ ਪਾਰਸਲ ਹਰਮੀਤ ਸਿੰਘ ਨਾਮਕ ਗਾਹਕ ਦੇ ਨਾਂ 'ਤੇ ਸਨ। ਜਦੋਂ ਡਿਲੀਵਰੀ ਬੁਆਏ ਨੇ ਦਿੱਤੇ ਗਏ ਨੰਬਰ 'ਤੇ ਸੰਪਰਕ ਕੀਤਾ, ਤਾਂ ਮੁਲਜ਼ਮ ਨੇ ਉਸ ਨੂੰ ਗਲੀ ਨੰਬਰ 8, ਬੰਦ ਪੈਟਰੋਲ ਪੰਪ ਵਾਲੀ ਗਲੀ ਦੇ ਕੋਲ ਬੁਲਾਇਆ। ਪੀੜਤ ਅਨੁਸਾਰ, ਜਦੋਂ ਉਹ ਦੱਸੇ ਗਏ ਪਤੇ 'ਤੇ ਪਹੁੰਚਿਆ, ਤਾਂ ਮਾਇਆ ਸ਼ਾਪ ਵਾਲੀ ਸਾਈਡ ਤੋਂ ਇਕ ਸਰਦਾਰ ਨੌਜਵਾਨ ਪੈਦਲ ਉਸ ਦੇ ਕੋਲ ਆਇਆ। ਜਦਕਿ ਉਸਦਾ ਦੂਜਾ ਸਾਥੀ ਕੁਝ ਦੂਰੀ 'ਤੇ ਐਕਟਿਵਾ ਸਟਾਰਟ ਕਰਕੇ ਖੜ੍ਹਾ ਰਿਹਾ। ਜਿਵੇਂ ਹੀ ਡਿਲੀਵਰੀ ਬੁਆਏ ਨੇ ਪਾਰਸਲ ਦਿਖਾਉਣ ਲਈ ਹੱਥ ਅੱਗੇ ਵਧਾਇਆ, ਉਕਤ ਨੌਜਵਾਨ ਨੇ ਬਿਨਾਂ ਪੈਸੇ ਦਿੱਤੇ ਦੋਵੇਂ ਪਾਰਸਲ ਉਸ ਦੇ ਹੱਥੋਂ ਝਪਟ ਲਏ ਅਤੇ ਦੌੜ ਕੇ ਆਪਣੇ ਸਾਥੀ ਦੇ ਨਾਲ ਐਕਟਿਵਾ 'ਤੇ ਸਵਾਰ ਹੋ ਕੇ ਫ਼ਰਾਰ ਹੋ ਗਿਆ। ਥਾਣਾ ਸ਼ਿਮਲਾਪੁਰੀ ਦੀ ਪੁਲਸ ਨੇ ਪੀੜਤ ਦੇ ਬਿਆਨ ਲੈ ਕੇ ਕੇਸ ਦਰਜ ਕਰ ਲਏ ਹਨ। ਇਲਾਕੇ ਵਿਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ ਤਾਂ ਜੋ ਐਕਟਿਵਾ ਸਵਾਰ ਲੁਟੇਰਿਆਂ ਦਾ ਸੁਰਾਗ ਲਗਾਇਆ ਜਾ ਸਕੇ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ''ਆਪ' ਦਾ ਸਿੱਧਾ ਹਿਸਾਬ- ਸਾਡੇ ਮੁਤਾਬਕ ਖ਼ਬਰਾਂ ਕਰੋ ਨਹੀਂ ਤਾਂ ਤੰਗ ਕਰਾਂਗੇ'': ਮਾਨਿਕ ਗੋਇਲ

ਜਲੰਧਰ, 5 ਫਰਵਰੀ : ਆਰ. ਟੀ. ਆਈ. ਕਾਰਕੁੰਨ ਮਾਨਿਕ ਗੋਇਲ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਕੇਸਰੀ ਗਰੁੱਪ ਦੇ ਦਫ਼ਤਰਾਂ 'ਤੇ ਕਰਵਾਈ ਗਈ GST ਦੀ ਰੇਡ 'ਤੇ ਤਿੱਖਾ ਪ੍ਰਤੀਕਰਮ ਦਿੱਤਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਵੱਲੋਂ ਲਗਾਤਾਰ ਮੀਡੀਆ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਗੋਇਲ ਨੇ ਕਿਹਾ ਕਿ, ÷ਸਿੱਧਾ ਹਿਸਾਬ ਹੈ- ਸਾਡੇ ਅਨੁਸਾਰ ਖ਼ਬਰਾਂ ਕਰੋ ਨਹੀਂ ਅਸੀਂ ਤੰਗ ਕਰਾਂਗੇ।"ਮਾਨਿਕ ਗੋਇਲ ਨੇ ਕਿਹਾ ਕਿ ਸੁਪਰੀਮ ਕੋਰਟ ਸਮੇਤ



ਸਾਰੀਆਂ ਅਦਾਲਤਾਂ ਨੇ ਸਾਫ਼ ਤੌਰ 'ਤੇ ਕਿਹਾ ਹੈ ਕਿ ਮੀਡੀਆ ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ, ਪਰ ਆਮ ਆਦਮੀ ਪਾਰਟੀ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਹੀ। ਉਨ੍ਹਾਂ ਸਾਰੇ ਛੋਟੇ-ਵੱਡੇ ਮੀਡੀਆ ਅਦਾਰਿਆਂ ਨੂੰ ਇਕਜੁੱਟ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਕੱਲ੍ਹ ਨੂੰ ਹੋਰ ਮੀਡੀਆ ਅਦਾਰਿਆਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਗੋਇਲ ਨੇ ਕਿਹਾ ਕਿ ਪੰਜਾਬ ਦੇ ਲੋਕ ਇਸ ਦਾ ਮੂੰਹ ਤੋੜ ਜਵਾਬ ਦੇਣਗੇ। ਮਾਨਿਕ ਗੋਇਲ ਨੇ ਸੋਸ਼ਲ ਮੀਡੀਆ 'ਤੇ ਲਿਖਿਆ, ÷ਬਹੁਤ ਹੀ ਸ਼ਰਮਨਾਕ ਹੈ ਕਿ GST ਟੀਮਾਂ ਵੱਲੋਂ ਜਲੰਧਰ ਅਤੇ ਹੋਰ ਥਾਵਾਂ 'ਤੇ ਪੰਜਾਬ ਕੇਸਰੀ ਗਰੁੱਪ ਦੇ ਦਫ਼ਤਰਾਂ 'ਤੇ ਛਾਪੇ ਮਾਰੇ ਗਏ ਹਨ।

# ਖੰਨਾ ਪੁਲਸ ਵੱਲੋਂ ਵਿਦੇਸ਼ ਬੈਠੇ ਗੈਂਗਸਟਰਾਂ ਲਈ ਕੰਮ ਕਰ ਰਹੇ ਦੋ ਸਕੇ ਭਰਾ ਸ਼ੂਟਰ ਗ੍ਰਿਫ਼ਤਾਰ

ਖੰਨਾ, 5 ਫਰਵਰੀ : ਖੰਨਾ ਪੁਲਸ ਨੇ ਸੰਗਠਿਤ ਅਪਰਾਧ ਦੇ ਖ਼ਿਲਾਫ਼ ਵੱਡੀ ਕਾਰਵਾਈ ਕਰਦੇ ਹੋਏ ਫਿਰੋਜ਼ਪੁਰ ਦੇ ਰਹਿਣ ਵਾਲੇ ਦੋ ਸਕੇ ਭਰਾਵਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਵਿਦੇਸ਼ਾਂ 'ਚ ਬੈਠੇ ਗੈਂਗਸਟਰਾਂ ਲਈ ਸ਼ੂਟਰ ਵਜੋਂ ਕੰਮ ਕਰ ਰਹੇ ਸਨ। ਫੜੇ ਗਏ ਦੋਸ਼ੀ ਅਮਰੀਕਾ 'ਚ ਬੈਠੇ ਸਰਬਜੀਤ ਸਿੰਘ ਸਾਬੀ ਅਤੇ ਕੈਨੇਡਾ 'ਚ ਬੈਠੇ ਗੋਲਡੀ ਬਰਾੜ ਗੈਂਗ ਦੇ ਸੰਪਰਕ ਵਿੱਚ ਸਨ ਅਤੇ ਪੰਜਾਬ ਵਿੱਚ ਟਾਰਗੇਟ ਕਿਲਿੰਗ ਤੇ



ਫਾਇਰਿੰਗ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਸਨ। ਗ੍ਰਿਫ਼ਤਾਰ ਦੋਸ਼ੀਆਂ ਦੀ ਪਛਾਣ ਵਿਸ਼ਾਲ (25) ਅਤੇ ਉਸ ਦੇ ਛੋਟੇ ਭਰਾ ਗੋਰਾ (23) ਵਾਸੀ ਨਿਜ਼ਾਮੂਦੀਨ ਬਸਤੀ, ਫਿਰੋਜ਼ਪੁਰ ਵਜੋਂ ਹੋਈ ਹੈ। ਦੋਵੇਂ ਕਾਫ਼ੀ ਸਮੇਂ ਤੋਂ ਪੁਲਸ ਦੀ ਰਾਡਾਰ 'ਤੇ ਸਨ ਅਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਨਾਲ ਕਈ ਹਾਈ-ਪ੍ਰੋਫ਼ਾਈਲ ਮਾਮਲਿਆਂ ਦੇ ਰਾਜ ਖੁੱਲ੍ਹੇ ਹਨ। ਐੱਸ.ਐੱਸ.ਪੀ. ਖੰਨਾ ਡਾ. ਅਰਪਣ ਆਹਲੂਵਾਲੀਆ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ 18 ਜਨਵਰੀ 2026 ਨੂੰ ਖੰਨਾ ਵਿੱਚ ਕੱਪੜਾ ਵਪਾਰੀ ਆਸ਼ੂ ਵਿਜਨ ਦੇ ਘਰ 'ਤੇ ਹੋਈ ਫਾਇਰਿੰਗ ਅਤੇ ਕਾਰ ਨੂੰ ਅੱਗ ਲਗਾਉਣ ਦੀ ਘਟਨਾ ਵਿੱਚ ਮੁੱਖ ਦੋਸ਼ੀ ਵਿਸ਼ਾਲ ਹੈ। ਇਸ ਵਾਰਦਾਤ ਨੂੰ ਵਿਸ਼ਾਲ ਨੇ ਆਪਣੇ ਇੱਕ ਹੋਰ ਸਾਥੀ ਨਾਲ ਮਿਲ ਕੇ ਅੰਜਾਮ ਦਿੱਤਾ ਸੀ। ਹਾਲਾਂਕਿ ਉਸ ਦਾ ਸਾਥੀ ਇਸ ਸਮੇਂ ਫ਼ਰਾਰ ਹੈ, ਜਿਸ ਦੀ ਗ੍ਰਿਫ਼ਤਾਰੀ ਲਈ ਪੁਲਸ ਵੱਲੋਂ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਸ ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਹੈ ਕਿ ਵਿਸ਼ਾਲ ਦੇ ਨਾਲ ਉਸਦਾ ਛੋਟਾ ਭਰਾ ਗੋਰਾ ਵੀ ਅਪਰਾਧਿਕ ਗਤੀਵਿਧੀਆਂ ਵਿੱਚ ਸਰਗਰਮ ਸੀ। ਗੋਰਾ ਨੇ ਜੁਲਾਈ 2025 ਵਿੱਚ ਮਾਛੀਵਾੜਾ ਸਾਹਿਬ ਵਿੱਚ ਫਾਇਰਿੰਗ ਦੀ ਘਟਨਾ ਨੂੰ ਅੰਜਾਮ ਦਿੱਤਾ ਸੀ। ਇਸ ਤੋਂ ਇਲਾਵਾ ਉਸਨੇ ਚਮਕੌਰ ਸਾਹਿਬ ਵਿੱਚ ਵੀ ਫਾਇਰਿੰਗ ਕਰਨ ਦੀ ਗੱਲ ਕਬੂਲ ਕੀਤੀ ਹੈ। ਇਹ ਸਾਰੀਆਂ ਵਾਰਦਾਤਾਂ ਸਰਬਜੀਤ ਸਿੰਘ ਸਾਬੀ ਦੇ ਕਹਿਣ 'ਤੇ ਕੀਤੀਆਂ ਗਈਆਂ ਸਨ। ਐੱਸ.ਐੱਸ.ਪੀ. ਦੇ ਮੁਤਾਬਕ ਦੋਵੇਂ ਦੋਸ਼ੀ ਪੇਸ਼ੇਵਰ ਸ਼ੂਟਰ ਹਨ ਅਤੇ ਟਾਰਗੇਟ ਕਿਲਿੰਗ ਦਾ ਕੰਮ ਕਰਦੇ ਰਹੇ ਹਨ। ਖੰਨਾ ਵਿੱਚ ਕੱਪੜਾ ਵਪਾਰੀ 'ਤੇ ਫਾਇਰਿੰਗ ਦੇ ਮਾਮਲੇ ਵਿੱਚ ਵਿਦੇਸ਼ 'ਚ ਬੈਠੇ ਵਿੱਕੀ ਟਹਿਲਾ ਨੇ ਵਿਸ਼ਾਲ ਅਤੇ ਉਸਦੇ ਸਾਥੀ ਨੂੰ ਹਾਇਰ ਕੀਤਾ ਸੀ, ਜਦਕਿ ਮਾਛੀਵਾੜਾ ਸਾਹਿਬ ਅਤੇ ਹੋਰ ਮਾਮਲਿਆਂ ਵਿੱਚ ਸਰਬਜੀਤ ਸਿੰਘ ਸਾਬੀ ਵੱਲੋਂ ਗੋਰਾ ਨੂੰ ਹਾਇਰ ਕੀਤਾ ਗਿਆ ਸੀ। ਜਾਂਚ ਵਿੱਚ ਇਹ ਵੀ ਖੁਲਾਸਾ ਹੋਇਆ ਹੈ ਕਿ ਖੰਨਾ ਦੀ ਵਾਰਦਾਤ ਦੇ ਬਦਲੇ ਦੋਸ਼ੀਆਂ ਨੂੰ 20 ਹਜ਼ਾਰ ਰੁਪਏ ਮਿਲੇ ਸਨ, ਜਦਕਿ ਮਾਛੀਵਾੜਾ ਸਾਹਿਬ ਦੀ ਫਾਇਰਿੰਗ ਦੇ ਬਦਲੇ 2 ਲੱਖ ਰੁਪਏ ਦਿੱਤੇ ਗਏ ਸਨ। ਇਹ ਰਕਮ ਦੋਵੇਂ ਭਰਾਵਾਂ ਨੇ ਆਪਸ ਵਿੱਚ ਵੰਡ ਲਈ। ਪੈਸਿਆਂ ਦੇ ਲਾਲਚ ਵਿੱਚ ਦੋਵੇਂ ਨੇ ਕਈ ਖ਼ਤਰਨਾਕ ਵਾਰਦਾਤਾਂ ਨੂੰ ਅੰਜਾਮ ਦਿੱਤਾ, ਜਿਸ ਨਾਲ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣਿਆ ਰਿਹਾ। ਪੁਲਿਸ ਹੁਣ ਦੋਸ਼ੀਆਂ ਦੇ ਮੋਬਾਈਲ ਫ਼ੋਨ, ਬੈਂਕ ਲੈਣ-ਦੇਣ ਅਤੇ ਵਿਦੇਸ਼ 'ਚ ਬੈਠੇ ਹੈਂਡਲਰਾਂ ਨਾਲ ਸੰਪਰਕਾਂ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਨਾਲ ਹੀ ਫ਼ਰਾਰ ਸਾਥੀ ਦੀ ਗ੍ਰਿਫ਼ਤਾਰੀ ਅਤੇ ਪੂਰੇ ਗੈਂਗ ਨੈੱਟਵਰਕ ਨੂੰ ਤੋੜਨ ਲਈ ਵੱਖ-ਵੱਖ ਟੀਮਾਂ ਬਣਾਈਆਂ ਗਈਆਂ ਹਨ। ਐੱਸ.ਐੱਸ.ਪੀ. ਡਾ. ਅਰਪਣ ਆਹਲੂਵਾਲੀਆ ਨੇ ਸਪਸ਼ਟ ਕੀਤਾ ਕਿ ਪੰਜਾਬ ਵਿੱਚ ਗੈਂਗਸਟਰ ਕਲਚਰ ਨੂੰ ਕਿਸੇ ਵੀ ਕੀਮਤ 'ਤੇ ਫੈਲਣ ਨਹੀਂ ਦਿੱਤਾ ਜਾਵੇਗਾ। ਜੋ ਵੀ ਅਪਰਾਧੀ ਵਿਦੇਸ਼ਾਂ 'ਚ ਬੈਠ ਕੇ ਪੰਜਾਬ ਦੀ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਕਾਨੂੰਨ ਦੇ ਸ਼ਿਕੰਜੇ ਵਿੱਚ ਲਿਆਂਦਾ ਜਾਵੇਗਾ।

# ਜਲੰਧਰ : ਹੈਵਾਨ ਬਣਿਆ ਪਿਓ ! ਭੁੱਖ ਨਾਲ ਤੜਫ਼ਦੀ ਧੀ ਨੂੰ ਬੇਰਹਿਮੀ ਨਾਲ ਉਤਾਰਿਆ ਮੌਤ ਦੇ ਘਾਟ

ਜਲੰਧਰ, 5 ਫਰਵਰੀ : ਜਲੰਧਰ ਵਿਚ ਰੂਹ ਕੰਬਾਊ ਵਾਰਦਾਤ ਸਾਹਮਣੇ ਆਈ ਹੈ। ਬੀਤੀ ਰਾਤ ਦੂਰਦਰਸ਼ਨ ਐਨਕਲੇਵ ਵਿਚ ਸ਼ਰਾਬੀ ਪਿਤਾ ਨੇ ਆਪਣੀ ਹੀ 5 ਸਾਲਾ ਧੀ ਦਾ ਕਤਲ ਕਰ ਦਿੱਤਾ। ਬੱਚੀ ਦਾ ਕਸੂਰ ਇੰਨਾ ਸੀ ਕਿ ਉਹ ਲਗਾਤਾਰ ਰੋ ਰਹੀ ਸੀ ਅਤੇ ਉਸ ਨੂੰ ਭੁੱਖ ਲੱਗੀ ਹੋਈ ਸੀ ਜਿਸ ਕਰਕੇ ਖਾਣ ਲਈ ਖਾਣਾ ਪਿਤਾ ਕੋਲੋਂ ਮੰਗ ਰਹੀ ਸੀ ਪਰ ਸ਼ਰਾਬ ਦੇ ਨਸ਼ੇ ਵਿਚ ਚੂਰ ਪਿਤਾ ਨੇ ਇਸੇ ਗੱਲ ਦਾ ਗੁੱਸਾ ਖਾ ਕੇ ਬੱਚੀ ਦਾ ਗਲਾ ਘੁੱਟ ਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਜਿਵੇਂ ਹੀ ਬੱਚੀ ਦੀ ਮਾਂ ਨੇ ਰੌਲਾ ਪਾਇਆ ਤਾਂ ਆਸ-ਪਾਸ ਦੇ ਲੋਕ ਇਕੱਠੇ ਹੋ ਗਏ, ਜਿਸ ਤੋਂ ਬਾਅਦ ਪੁਲਸ ਨੂੰ ਸੂਚਨਾ ਦਿੱਤੀ ਗਈ। ਪੁਲਸ ਨੇ ਵੀ ਤੁਰੰਤ ਐਕਸ਼ਨ ਲੈਂਦਿਆਂ ਬਿਨਾਂ ਸਮਾਂ ਗੁਆਏ ਮੁਲਜ਼ਮ ਪਿਤਾ ਦੇ ਫ਼ਰਾਰ ਹੋਣ ਤੋਂ ਪਹਿਲਾਂ ਹੀ ਮੌਕੇ 'ਤੇ ਪਹੁੰਚ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਮ੍ਰਿਤਕ ਬੱਚੀ ਦਾ ਨਾਂ ਨਿਹਾਰਿਕਾ ਸੀ। ਥਾਣਾ 7 ਦੇ ਮੁਖੀ ਬਲਜਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮ ਪਿਤਾ ਦੀ ਪਛਾਣ ਅਰਵਿੰਦਰ ਪੁੱਤਰ ਪ੍ਰੇਮ ਪਾਲ ਵਜੋਂ ਹੋਈ ਹੈ। ਉਹ ਮੂਲ ਰੂਪ ਵਿਚ ਛੱਤੀਸਗੜ੍ਹ ਦਾ ਰਹਿਣ ਵਾਲਾ ਹੈ ਅਤੇ ਦੂਰਦਰਸ਼ਨ ਐਨਕਲੇਵ ਵਿਚ ਕਿਰਾਏ ਦੇ ਮਕਾਨ ਵਿਚ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਵੈਲਡਰ ਦਾ ਕੰਮ ਕਰਨ ਵਾਲੇ ਅਰਵਿੰਦਰ ਦੇ ਦੋ ਬੱਚੇ ਸਨ। ਨਿਹਾਰਿਕਾ ਪੰਜ ਸਾਲ ਦੀ ਸੀ ਜਦਕਿ ਛੋਟਾ ਬੇਟਾ ਡੇਢ ਸਾਲ ਦਾ ਹੈ। ਐੱਸ. ਐੱਚ. ਓ. ਬਲਜਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮ ਸ਼ਰਾਬ ਪੀਣ ਦਾ ਆਦੀ ਹੈ। ਮੰਗਲਵਾਰ ਨੂੰ ਵੀ ਉਸ ਨੇ ਕਾਫ਼ੀ ਸ਼ਰਾਬ ਪੀਤੀ ਹੋਈ ਸੀ ਅਤੇ ਨਿਹਾਰਿਕਾ ਲਗਾਤਾਰ ਰੋ ਰਹੀ ਸੀ। ਨਿਹਾਰਿਕਾ ਦੀ ਮਾਂ ਉਸ ਨੂੰ ਚੁੱਪ ਵੀ ਕਰਵਾ ਰਹੀ ਸੀ ਪਰ ਬੱਚੀ ਰੋਣੋਂ ਨਹੀਂ ਹਟੀ। ਇਸੇ ਦੌਰਾਨ ਅਰਵਿੰਦਰ ਨੇ ਪਹਿਲਾਂ ਤਾਂ ਪਤਨੀ ਨੂੰ ਗਾਲ੍ਹਾਂ ਕੱਢੀਆਂ ਅਤੇ ਬਾਅਦ ਵਿਚ ਨਿਹਾਰਿਕਾ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ। ਪਤਨੀ ਨੇ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਆਪਣੀ ਪਤਨੀ ਨਾਲ ਵੀ ਕੁੱਟਮਾਰ ਕੀਤੀ ਅਤੇ ਬਾਅਦ ਵਿਚ ਨਿਹਾਰਿਕਾ ਦਾ ਗਲਾ ਘੁੱਟ ਕੇ ਉਸ ਦਾ ਕਤਲ ਕਰ ਦਿੱਤਾ। ਪਰਿਵਾਰ ਦੀ ਹਾਲਤ ਬਹੁਤ ਖ਼ਰਾਬ ਸੀ। ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਅਰਵਿੰਦਰ ਨਸ਼ੇੜੀ ਸੀ ਅਤੇ ਅਕਸਰ ਸ਼ਰਾਬ ਪੀਂਦਾ ਰਹਿੰਦਾ ਸੀ। ਉਹ ਦਿਹਾੜੀ ਮਜ਼ਦੂਰੀ ਕਰਦਾ ਸੀ, ਜਦਕਿ ਉਸ ਦੀ ਪਤਨੀ ਘਰਾਂ ਵਿਚ ਕੰਮ ਕਰਕੇ ਪਰਿਵਾਰ ਦਾ ਪਾਲਣ-ਪੋਸ਼ਣ ਕਰਦੀ ਸੀ। ਆਰਥਿਕ ਤੰਗੀ ਅਤੇ ਘਰੇਲੂ ਤਣਾਅ ਦੇ ਵਿਚਕਾਰ ਪੰਜ ਸਾਲਾ ਨਿਹਾਰਿਕਾ ਆਪਣੇ ਮਾਪਿਆਂ ਨਾਲ ਰਹਿੰਦੀ ਸੀ। 3 ਫਰਵਰੀ ਨੂੰ ਨਿਹਾਰਿਕਾ ਦੀ ਮਾਂ ਕੰਮ 'ਤੇ ਸੀ ਅਤੇ ਘਰ 'ਚ ਸਿਰਫ਼ ਅਰਵਿੰਦਰ ਅਤੇ ਬੱਚੀ ਹੀ ਮੌਜੂਦ ਸਨ। ਅਰਵਿੰਦਰ ਸ਼ਰਾਬ ਪੀ ਰਿਹਾ ਸੀ। ਦੁਪਹਿਰ ਲਗਭਗ ਢਾਈ ਵਜੇ ਨਿਹਾਰਿਕਾ ਭੁੱਖ ਕਾਰਨ ਰੋਣ ਲੱਗ ਪਈ।

# ਪੰਜਾਬ 'ਚ ਵੱਡੀ ਵਾਰਦਾਤ : ਪੁਰਾਣੀ ਰੰਜ਼ਿਸ਼ ਤਹਿਤ ਸਾਬਕਾ ਫੌਜੀ ਦਾ ਕਿਰਚ ਮਾਰ ਕੇ ਕਤਲ

ਪੱਟੀ, 5 ਫਰਵਰੀ : ਖੇਮਕਰਨ ਹਲਕੇ ਦੇ ਪਿੰਡ ਚੀਮਾ ਖੁਰਦ 'ਚ ਇੱਕ ਸਾਬਕਾ ਫੌਜੀ ਦਾ ਕਤਲ ਹੋ ਜਾਣ ਦੀ ਘਟਨਾ ਸਾਹਮਣੇ ਆਈ ਹੈ। ਮ੍ਰਿਤਕ ਦੀ ਪਛਾਣ ਗੁਰਮੇਜ ਸਿੰਘ (40) ਵਜੋਂ ਹੋਈ ਹੈ, ਜੋ ਕੁਝ ਸਮਾਂ ਪਹਿਲਾਂ ਫੌਜ ਵਿੱਚੋਂ ਨੌਕਰੀ ਕਰਕੇ ਵਾਪਸ ਆਪਣੇ ਪਿੰਡ ਆਇਆ ਸੀ। ਪਰਿਵਾਰਕ ਮੈਂਬਰਾਂ ਦੇ ਮੁਤਾਬਕ ਗੁਰਮੇਜ ਸਿੰਘ ਅੱਜ ਆਪਣੇ ਪਿੰਡ ਵਿੱਚ ਖੜ੍ਹਾ ਸੀ ਕਿ ਉਸ ਨਾਲ ਪੁਰਾਣੀ ਰੰਜਿਸ਼ ਰੱਖਣ ਵਾਲੇ ਲੋਕਾਂ ਨੇ ਉਸ ਨੂੰ ਘੇਰ ਲਿਆ। ਦੋਸ਼ ਲਗਾਇਆ ਗਿਆ ਹੈ ਕਿ ਪਿੰਡ ਦੇ ਮੋਹਤਬਰ, ਜੋ ਆਮ ਆਦਮੀ ਪਾਰਟੀ ਨਾਲ ਸਬੰਧਿਤ ਦੱਸੇ ਜਾ ਰਹੇ ਹਨ, ਸ਼ਰਨਜੀਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਕਿਰਚ ਨਾਲ ਹਮਲਾ ਕਰਕੇ ਗੁਰਮੇਜ ਸਿੰਘ ਦਾ ਕਤਲ ਕਰ ਦਿੱਤਾ। ਘਟਨਾ ਦੀ ਸੂਚਨਾ ਮਿਲਣ 'ਤੇ ਪੁਲਸ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕੀਤੀ ਗਈ। ਇਸ ਸਬੰਧੀ ਡੀਐੱਸਪੀ ਜਗਜੀਤ ਸਿੰਘ ਨੇ ਦੱਸਿਆ ਕਿ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਦੋਸ਼ੀਆਂ ਦੇ ਖ਼?ਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishwakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishwakarma in my minor daughter namely Anika Vishwakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that I INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLR-2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLR-0110-004425168. The actual name of mine is CHANDER VEER which may be amended accordingly

**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
Shyam Sharma (Adv)

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA, PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East Delhi, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DIN-DAYAL in my PPO No. 08/14/B/05982/1994. The actual name of mine is DINDAYAL KAPIL, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravare, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P.-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Gas Godam, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future



**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**PUBLIC NOTICE**
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or to the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.
[RUPESH KUMAR ROUSHAN]
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DISTDHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053. have changed my name ABDUL TAUWAB to ABDUL TAWWAB for all future purposes.



**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**NAME CHANGE**
I, hitherto known as GURSHARN JEET KAUR D/O RAVINDER SINGH W/O PARVINDER SINGH R/O House No-7262, Street No-4 Bhai Maha Singh Nagar, Daba Lohara Road, Millerganj, Ludhiana, Punjab-141003 have changed my name and shall hereafter be known as KAMALJEET KAUR.



**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, D BABU father of No-14842224Y Rank HAV/MT Name-ANOOP B R/O AALAYAM, VILL -KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011.Have Changed My Name To Rohini Dhanraj Bhatnagar For All Purpose

**ਪੂਰਵੋਤਰ ਰੇਲਵੇ**

ਖੁਲੀ ਈ-ਨਿਵਿਦਾ ਸੂਚਨਾ ਸੰਖਿਆ: SRDEE-TRD-IZN-2025-26-T28, Date-03.02.2026
ਖੁਲੀ ਈ-ਨਿਵਿਦਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਅਤੇ ਉਨ੍ਹਾਂ ਲਈ ਵਰਿਸ਼ਠ ਮੰਡਲ ਵਿਧੁਤ ਇੰਜੀਨਿਯਰ/ਟੀਆਰਡੀ, ਪੂਰਵੋਤਰ ਰੇਲਵੇ, ਇੱਜਤਨਗਰ ਵਲੋਂ ਹੇਠਲਿਖਿਤ ਕਾਰਜ ਹੇਤੂ "ਖੁਲੀ" ਈ-ਨਿਵਿਦਾ ਆਮੰਤ੍ਰਿਤ ਕਰਦੇ ਹੈ। **ਕ੍ਰ. ਸੰ. 1: ਕਾਰਜ ਦਾ ਨਾਮ:** ਪੂਰਵੋਤਰ ਰੇਲਵੇ, ਦੇ ਇਜੱਤਨਗਰ ਮੰਡਲ ਦੇ ਸਾਰੇ 13 ਟੀਏਸਏਮ ਵਿਚ ਪਾਵਰ ਕਵਾਲਿਟੀ ਮੀਟਰ ਦੀ ਅਪੂਰਤੀ, ਸਥਾਪਨਾ, ਪਰਿਖਣ, ਕਮੀਸ਼ਨਿੰਗ, ਗੀਡਿੰਗ, ਵਿਸ਼ਲੇਸ਼ਣ ਅਤੇ 1 ਸਾਲ ਦਾ ਸੰਚਾਲਨ ਅਤੇ ਰਖਰਖਾਵ ਤੋ ਸੰਬੰਧਿਤ ਕੰਮ। ਟੇਂਡਰ ਰਿਫਰੇਂਸ਼ ਨੰ. SRDEE-TRD-TRD-1ZN-2025-26-T28, ਕਾਰਜ ਦਾ ਅਨੁਮਾਨਿਤ ਲਾਗਤ ਰੁ. ਵਿੱਚ: ਰੁ. 48,48,921.22, ਅਮਾਨਤ ਰਾਸ਼ਿ/ਬਿਡ ਸਿਕਿਓਰਿਟੀ: ਰੁ. 97,000.00, ਨਿਵਿਦਾ ਪ੍ਰਪਤਰ ਦਾ ਮੁੱਲ ਰੁ. ਵਿੱਚ: ਰੁ. 00, ਨਿਵਿਦਾ ਬੰਦ ਹੋਣ ਦੀ ਮਿਤੀ ਅਤੇ ਸਮਾਂ: 27.02.2026, 11:00, ਕਾਰਜ ਪੂਰਾ ਕਰਨ ਦੀ ਅਵਧਿ : 06 ਮਹੀਨੇ। ਨੋਟ: * ਖੁਲੀ ਈ-ਨਿਵਿਦਾ ਮਿਤੀ 27.02.2026ਨੂੰ 11:00 ਵਜੇ ਤਕ ਜਮ੍ਹਾਂ ਕਰ ਸਕਣਗੇ। ਪੂਰਾ ਵੇਰਵਾ ਜਾਨਣ ਲਈ ਅਤੇ ਨਿਵਿਦਾ ਦੀ ਪ੍ਰਸਤੁਤੀ ਕਰਨ ਦੇ ਲਈ ਕ੍ਰਿਪਾ ਭਾਰਤੀ ਰੇਲਵੇ ਦੀ ਵੇਬਸਾਈਟ www.ireps.gov.in 'ਤੇ ਦੇਖੋ।

ਵਰਿਸ਼ਠ ਮੰਡਲ ਵਿਧੁਤ ਇੰਜੀਨਿਯਰ/ਟੀਆਰਡੀ
ਮੁਜਾਧਿ/ਵਿਧੁਤ-273 ਇਜੱਤਨਗਰ

ਗੱਡੀਆਂ ਦੀ ਛਤਾਂ 'ਤੇ ਪਾਯਦਾਨ 'ਤੇ ਕਦੀ ਵੀ ਯਾਤਰਾ ਨਾ ਕਰੋ।

# 'ਮੇਰੇ ਗੱਦਾਰ ਦੋਸਤ, ਤੁਸੀਂ ਵਾਪਸ ਆਓਗੇ'; ਸੰਸਦ ਵਿੱਚ ਰਾਹੁਲ ਗਾਂਧੀ ਤੇ ਰਵਨੀਤ ਬਿੱਟੂ ਵਿਚਕਾਰ ਤਿੱਖੀ ਬਹਿਸ

**ਨਵੀਂ ਦਿੱਲੀ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**




ਕਾਂਗਰਸ ਦੇ ਸੰਸਦ ਮੈਂਬਰਾਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ 'ਸਮਝੌਤਾ' ਕਰਨ ਦਾ ਦੋਸ਼ ਲਾਉਂਦਿਆਂ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵਿਚਕਾਰ ਤਿੱਖੀ ਤਕਰਾਰ ਹੋ ਗਈ।

ਕਾਂਗਰਸੀ ਸੰਸਦ ਮੈਂਬਰ ਸੰਸਦ ਦੇ ਬਾਹਰ ਹੱਥਾਂ ਵਿੱਚ ਤਖ਼ਤੀਆਂ ਫੜ ਕੇ ਇਕੱਠੇ ਹੋਏ ਸਨ ਜਿਨ੍ਹਾਂ 'ਤੇ ਲਿਖਿਆ ਸੀ "PM is compromised"। ਇਹ ਪ੍ਰਦਰਸ਼ਨ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੱਲੋਂ ਇੱਕ ਦਿਨ ਪਹਿਲਾਂ ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਲੈ ਕੇ ਮੀਡੀਆ ਸਾਹਮਣੇ ਕੀਤੇ ਗਏ ਦਾਅਵਿਆਂ ਨੂੰ ਦੁਹਰਾਉਣ ਲਈ ਕੀਤਾ ਗਿਆ ਸੀ। ਇਸ ਦੌਰਾਨ ਜਦੋਂ ਰੇਲ ਰਾਜ ਮੰਤਰੀ ਅਤੇ ਭਾਜਪਾ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਪ੍ਰਦਰਸ਼ਨ ਕਰ ਰਹੇ ਸੰਸਦ ਮੈਂਬਰਾਂ ਦੇ ਕੋਲੋਂ ਲੰਘੇ, ਤਾਂ ਰਾਹੁਲ ਗਾਂਧੀ ਨੇ ਉਨ੍ਹਾਂ(ਬਿੱਟੂ) ਵੱਲ ਇਸ਼ਾਰਾ ਕਰਦਿਆਂ 'ਗੱਦਾਰ ਦੋਸਤ' (traitor friend) ਕਿਹਾ। ਗਾਂਧੀ ਨੇ ਫਿਰ ਵਿਅੰਗਮਈ ਢੰਗ ਨਾਲ ਬਿੱਟੂ ਵੱਲ ਹੱਥ ਵਧਾਇਆ ਅਤੇ ਕਿਹਾ ਕਿ ਉਹ ਆਖਿਰਕਾਰ ਕਾਂਗਰਸ ਵਿੱਚ ਵਾਪਸ ਆਉਣਗੇ। ਬਿੱਟੂ ਨੇ ਹੱਥ ਮਿਲਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਗੁੱਸੇ ਵਿੱਚ ਜਵਾਬ ਦਿੰਦਿਆਂ ਗਾਂਧੀ 'ਤੇ ਦੇਸ਼ ਦੇ ਖ਼ਿਲਾਫ਼ ਹੋਣ ਦਾ ਦੋਸ਼ ਲਾਇਆ। ਦੋਵਾਂ ਨੂੰ ਕੁਝ ਦੇਰ ਲਈ ਤਿੱਖੇ ਸ਼ਬਦਾਂ ਦਾ ਆਦਾਨ-ਪ੍ਰਦਾਨ ਕਰਦੇ ਦੇਖਿਆ ਗਿਆ। ਇਸ ਜ਼ਬਾਨੀ ਜੰਗ ਨੇ ਪ੍ਰਦਰਸ਼ਨ ਦੇ ਮਾਹੌਲ ਨੂੰ ਹੋਰ ਗਰਮਾ ਦਿੱਤਾ।

ਇਹ ਟਕਰਾਅ ਲੋਕ ਸਭਾ ਵਿੱਚ ਸੈਸ਼ਨ ਦੇ ਬਾਕੀ ਰਹਿੰਦੇ ਸਮੇਂ ਲਈ ਅੱਠ ਵਿਰੋਧੀ ਸੰਸਦ ਮੈਂਬਰਾਂ ਦੀ ਮੁਅੱਤਲੀ ਤੋਂ ਬਾਅਦ ਵਧੇ ਤਣਾਅ ਦੇ ਵਿਚਕਾਰ ਹੋਇਆ ਹੈ।

ਮੁਅੱਤਲ ਕੀਤੇ ਗਏ ਮੈਂਬਰਾਂ ਵਿੱਚ ਗੁਰਜੀਤ ਸਿੰਘ ਔਜਲਾ, ਹਿਬੀ ਈਡਨ, ਡੀਨ ਕੁਰੀਆਕੋਸ, ਅਮਰਿੰਦਰ ਸਿੰਘ ਰਾਜਾ ਵੜਿੰਗ, ਬੀ ਮਾਨਿਕਮ ਟੈਗੋਰ, ਡਾ. ਪ੍ਰਸ਼ਾਂਤ ਯਾਦਵਰਾਓ ਪਡੋਲੇ, ਚਾਮਲਾ ਕਿਰਨ ਕੁਮਾਰ ਰੈਡੀ ਅਤੇ ਐਸ ਵੈਂਕਟੇਸ਼ਨ ਸ਼ਾਮਲ ਹਨ।

# ਸੁਪਰੀਮ ਕੋਰਟ ਵੱਲੋਂ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ, ਅਗਲੀ ਸੁਣਵਾਈ 9 ਫਰਵਰੀ ਨੂੰ

## ਪੱਛਮੀ ਬੰਗਾਲ ਸਰਕਾਰ ਦੀ ਪਟੀਸ਼ਨ 'ਤੇ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ

**ਨਵੀਂ ਦਿੱਲੀ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਉਸ ਪਟੀਸ਼ਨ 'ਤੇ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕੀਤਾ ਹੈ, ਜਿਸ ਵਿੱਚ ਰਾਜ ਵਿੱਚ ਵੋਟਰ ਸੂਚੀਆਂ ਦੀ ਚੱਲ ਰਹੀ ਵਿਸ਼ੇਸ਼ ਮੁੜ ਸੁਧਾਈ ਨੂੰ ਚੁਣੌਤੀ ਦਿੱਤੀ ਗਈ ਹੈ। ਇਹ ਪਹਿਲੀ ਵਾਰ ਹੈ ਜਦੋਂ ਕਿਸੇ ਰਾਜ ਦੇ ਮੌਜੂਦਾ ਮੁੱਖ ਮੰਤਰੀ ਨੇ ਨਿੱਜੀ ਤੌਰ 'ਤੇ ਸੁਪਰੀਮ ਕੋਰਟ ਵਿੱਚ ਪੇਸ਼ ਹੋ ਕੇ ਆਪਣੀਆਂ ਦਲੀਲਾਂ ਪੇਸ਼ ਕੀਤੀਆਂ ਹਨ।

ਭਾਰਤ ਦੇ ਮੁੱਖ ਜੱਜ ਸੂਰਿਆ ਕਾਂਤ, ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਵਿਪੁਲ ਐਮ ਪੰਚੋਲੀ ਦੇ ਬੈਂਚ ਨੇ SIR ਨਾਲ ਸਬੰਧਤ ਮੁੱਦਿਆਂ 'ਤੇ ਪੱਛਮੀ ਬੰਗਾਲ ਸਰਕਾਰ ਦੀ ਪਟੀਸ਼ਨ 'ਤੇ ਵੀ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕੀਤਾ ਅਤੇ ਮਾਮਲੇ ਦੀ ਅਗਲੀ ਸੁਣਵਾਈ ਸੋਮਵਾਰ ਲਈ ਤੈਅ ਕੀਤੀ ਹੈ।

ਸੀਜੇਆਈ ਨੇ ਕਿਹਾ, ਦੋਵਾਂ ਪਟੀਸ਼ਨਾਂ 'ਤੇ ਨੋਟਿਸ ਜਾਰੀ ਕਰੋ।

ਸੁਣਵਾਈ ਦੌਰਾਨ ਵਿਦਵਾਨ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਇਕ ਹੋਰ ਪਟੀਸ਼ਨ ਹੈ ਜਿਸ ਵਿਚ ਚੋਣ ਕਮਿਸ਼ਨ ਵੱਲੋਂ ਦਾਇਰ ਹਲਫ਼ਨਾਮੇ ਦਾ ਇਸ ਕੇਸ 'ਤੇ ਕੁਝ ਅਸਰ ਪਵੇਗਾ। ਉਸ ਕੇਸ ਨੂੰ ਵੀ ਸੋਮਵਾਰ ਨੂੰ ਵਿਚਾਰਿਆ ਜਾਵੇ। ਅਸੀਂ ਸੋਮਵਾਰ ਨੂੰ ਇਸ 'ਤੇ ਸੁਣਵਾਈ ਕਰਾਂਗੇ।

ਬੈਨਰਜੀ ਨੇ ਬੈਂਚ ਨੂੰ ਕਿਹਾ, ਕਿਰਪਾ ਕਰਕੇ ਲੋਕਾਂ ਦੇ ਅਧਿਕਾਰ ਦੀ ਰਾਖੀ ਕਰੋ। ਅਸੀਂ (ਤੁਹਾਡੇ) ਧੰਨਵਾਦੀ ਹਾਂ। ਉਨ੍ਹਾਂ ਸ਼ਿਕਾਇਤ ਕੀਤੀ ਕਿ ਚੋਣ ਕਮਿਸ਼ਨ ਅਭਿਆਸ ਦੌਰਾਨ ਡੋਮੀਸਾਈਲ (ਰਿਹਾਇਸ਼ੀ) ਸਰਟੀਫਿਕੇਟ ਸਵੀਕਾਰ ਨਹੀਂ ਕਰ ਰਿਹਾ ਹੈ।

ਬੈਂਚ ਨੇ ਚੋਣ ਕਮਿਸ਼ਨ ਨੂੰ ਕਿਹਾ ਕਿ ਨਾਮਾਂ ਦੇ ਮੇਲ ਨਾ ਹੋਣ ਦੇ ਆਧਾਰ 'ਤੇ ਵੋਟਰਾਂ ਨੂੰ ਨੋਟਿਸ ਭੇਜਣ ਵੇਲੇ ਸਾਵਧਾਨੀ ਵਰਤੀ ਜਾਵੇ। ਅਦਾਲਤ ਨੇ ਨੋਬਲ ਪੁਰਸਕਾਰ ਜੇਤੂ ਅਮਰਤਿਆ ਸੇਨ ਨੂੰ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਨੋਟਿਸ ਦੇ ਸੰਦਰਭ ਵਿੱਚ ਕਿਹਾ, ਕਿਰਪਾ ਕਰਕੇ ਨੋਟਿਸ ਸਾਵਧਾਨੀ ਨਾਲ ਭੇਜੋ। ਤੁਸੀਂ ਉੱਘੇ ਲੇਖਕਾਂ ਆਦਿ ਨੂੰ ਬਾਹਰ ਨਹੀਂ ਕੱਢ ਸਕਦੇ।

ਬੈਨਰਜੀ ਨੇ ਦੋਸ਼ ਲਾਇਆ ਹੈ ਕਿ ਪੱਛਮੀ ਬੰਗਾਲ ਵਿੱਚ SIR ਪ੍ਰਕਿਰਿਆ ਕਾਹਲੀ ਵਿੱਚ ਅਤੇ ਪੱਖਪਾਤੀ ਢੰਗ ਨਾਲ ਚਲਾਇਆ ਜਾ ਰਿਹਾ ਹੈ। ਇਸ ਤੋਂ ਪਹਿਲਾਂ, ਉਨ੍ਹਾਂ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਪੱਤਰ ਲਿਖ ਕੇ ਸ਼ਿਕਾਇਤ ਕੀਤੀ ਸੀ ਕਿ SIR ਪ੍ਰਕਿਰਿਆ ਲੋਕ ਪ੍ਰਤੀਨਿਧਤਾ ਐਕਟ ਅਤੇ ਇਸ ਦੇ ਨਿਯਮਾਂ ਦੀਆਂ ਵਿਵਸਥਾਵਾਂ ਦੀ ਉਲੰਘਣਾ ਕਰਦੀ ਹੈ।

# ਐੱਸ ਜੀ ਪੀ ਸੀ ਪ੍ਰਧਾਨ ਧਾਮੀ ਵੱਲੋਂ ਨੇ ਮਜੀਠੀਆ ਨਾਲ ਮੁਲਾਕਾਤ



**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਅੱਜ ਚੰਡੀਗੜ੍ਹ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਪ੍ਰਧਾਨ ਬਿਕਰਮ ਮਜੀਠੀਆ ਅਤੇ ਵਿਧਾਇਕ ਗਨੀਵ ਕੌਰ ਮਜੀਠੀਆ ਨਾਲ ਮੁਲਾਕਾਤ ਕੀਤੀ। ਜ਼ਿਕਰਯੋਗ ਹੈ ਕਿ ਬਿਕਰਮ ਮਜੀਠੀਆ ਲੰਘੇ ਦਿਨ ਜੇਲ੍ਹ ਵਿੱਚੋਂ ਬਾਹਰ ਆਉਣ ਤੋਂ ਬਾਅਦ ਚੰਡੀਗੜ੍ਹ ਸਥਿਤ ਸਰਕਾਰੀ ਰਿਹਾਇਸ਼ ਉੱਤੇ ਪਹੁੰਚੇ ਸਨ। ਇਸ ਤੋਂ ਬਾਅਦ ਅੱਜ ਸਾਰਾ ਦਿਨ ਮਜੀਠੀਆ ਨੂੰ ਮਿਲਣ ਲਈ ਰਾਜਸੀ ਆਗੂ ਪਹੁੰਚਦੇ ਰਹੇ।

# ਮਾਪਿਆਂ ਵੱਲੋਂ 'ਕੋਰੀਅਨ ਲਵ' ਆਨਲਾਈਨ ਗੇਮਿੰਗ 'ਤੇ ਇਤਰਾਜ਼ ਜਤਾਉਣ ਤੋਂ ਬਾਅਦ ਚੁੱਕਿਆ ਕਦਮ

**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਕੋਰੀਅਨ ਗੇਮ ਖੇਡਣ ਤੋਂ ਰੋਕਣ ਕਾਰਨ ਤਿੰਨ ਨਾਬਾਲਗ ਭੈਣਾਂ ਨੇ ਕਥਿਤ ਤੌਰ 'ਤੇ ਆਪਣੀ ਅਪਾਰਟਮੈਂਟ ਇਮਾਰਤ ਦੀ ਨੌਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਪੁਲੀਸ ਅਨੁਸਾਰ ਇਹ ਕਦਮ ਉਨ੍ਹਾਂ ਨੇ ਮਾਪਿਆਂ ਵੱਲੋਂ ਉਨ੍ਹਾਂ ਦੀਆਂ ਬਹੁਤ ਜ਼ਿਆਦਾ ਆਨਲਾਈਨ ਗੇਮਿੰਗ ਆਦਤਾਂ 'ਤੇ ਇਤਰਾਜ਼ ਜਤਾਉਣ ਤੋਂ ਬਾਅਦ ਚੁੱਕਿਆ। ਮ੍ਰਿਤਕਾਂ ਦੀ ਪਛਾਣ ਪਾਖੀ (12), ਪ੍ਰਾਚੀ (14) ਅਤੇ ਵਿਸ਼ਿਕਾ (16) ਵਜੋਂ ਹੋਈ ਹੈ।

ਇਹ ਘਟਨਾ ਬੁੱਧਵਾਰ ਰਾਤ ਕਰੀਬ 2 ਵਜੇ ਗਾਜ਼ੀਆਬਾਦ ਦੀ ਰਿਹਾਇਸ਼ੀ ਟਾਊਨਸ਼ਿਪ 'ਭਾਰਤ ਸਿਟੀ' ਵਿੱਚ ਵਾਪਰੀ। ਰਿਪੋਰਟਾਂ ਅਨੁਸਾਰ ਤਿੰਨੋਂ ਭੈਣਾਂ ਇੱਕ-ਦੂਜੇ ਦੇ ਬਹੁਤ ਕਰੀਬ ਸਨ ਅਤੇ ਜ਼ਿਆਦਾਤਰ ਇਕੱਠੇ ਰਹਿੰਦੀਆਂ ਸਨ।



ਪੁਲੀਸ ਨੇ ਦੱਸਿਆ ਕਿ ਲੜਕੀਆਂ ਕੋਵਿਡ-19 ਮਹਾਮਾਰੀ ਦੌਰਾਨ ਆਨਲਾਈਨ ਗੇਮਿੰਗ ਦੀਆਂ ਆਦੀ ਹੋ ਗਈਆਂ ਅਤੇ ਆਨਲਾਈਨ ਟਾਸਕ-ਅਧਾਰਿਤ 'ਕੋਰੀਅਨ ਲਵ ਗੇਮ' ਖੇਡ ਰਹੀਆਂ ਸਨ। ਦੱਸਿਆ ਗਿਆ ਹੈ ਕਿ ਲੜਕੀਆਂ ਨੇ ਨਿਯਮਤ ਤੌਰ 'ਤੇ ਸਕੂਲ ਜਾਣਾ ਬੰਦ ਕਰ ਦਿੱਤਾ ਸੀ, ਜੋ ਉਨ੍ਹਾਂ ਦੇ ਮਾਪਿਆਂ ਲਈ ਚਿੰਤਾ ਦਾ ਵੱਡਾ ਵਿਸ਼ਾ ਬਣ ਗਿਆ ਸੀ।

ਗਾਜ਼ੀਆਬਾਦ ਪੁਲੀਸ ਵੱਲੋਂ ਐਕਸ 'ਤੇ ਜਾਰੀ ਵੀਡੀਓ ਵਿੱਚ ਕਿਹਾ ਗਿਆ ਹੈ ਕਿ ਮਾਪਿਆਂ ਨੇ ਵਾਰ-ਵਾਰ ਆਪਣੀਆਂ ਧੀਆਂ ਦੀ ਗੇਮਿੰਗ ਦੀ ਆਦਤ 'ਤੇ ਇਤਰਾਜ਼ ਜਤਾਇਆ ਸੀ ਅਤੇ ਉਨ੍ਹਾਂ ਨੂੰ ਪੜ੍ਹਾਈ ਬਾਰੇ ਸਮਝਾਇਆ ਸੀ। ਮੰਗਲਵਾਰ ਰਾਤ ਨੂੰ ਇਸ ਮੁੱਦੇ 'ਤੇ ਘਰ ਵਿੱਚ ਹੋਈ ਬਹਿਸ ਤੋਂ ਬਾਅਦ, ਭੈਣਾਂ ਨੇ ਕਥਿਤ ਤੌਰ 'ਤੇ ਇਹ ਖ਼ੌਫ਼ਨਾਕ ਕਦਮ ਚੁੱਕ ਲਿਆ। ਸੁਸਾਇਟੀ ਦੇ ਵਸਨੀਕਾਂ ਨੇ ਤੜਕਸਾਰ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਪੁਲੀਸ ਨੂੰ ਸੂਚਨਾ ਦਿੱਤੀ। ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਅਪਾਰਟਮੈਂਟ ਕੰਪਲੈਕਸ ਦੇ ਅੰਦਰੋਂ ਲਾਸ਼ਾਂ ਬਰਾਮਦ ਕੀਤੀਆਂ। ਹੁਣ ਤੱਕ ਕੋਈ ਸੁਸਾਈਡ ਨੋਟ ਬਰਾਮਦ ਨਹੀਂ ਹੋਇਆ ਹੈ। ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਅਤੇ ਅਗਲੇਰੀ ਜਾਂਚ ਜਾਰੀ ਹੈ।

# ਵਿਰੋਧੀ ਧਿਰਾਂ ਦੇ ਹੰਗਾਮੇ ਤੋਂ ਬਾਅਦ ਲੋਕ ਸਭਾ ਦੀ ਕਾਰਵਾਈ 5 ਵਜੇ ਤੱਕ ਮੁਲਤਵੀ

**ਨਵੀਂ ਦਿੱਲੀ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸਾਬਕਾ ਫੌਜ ਮੁਖੀ ਐੱਮ ਐੱਮ ਨਰਵਣੇ ਦੀ ਅਣਪ੍ਰਕਾਸ਼ਿਤ 'ਯਾਦਾਂ' (memoir) ਨਾਲ ਸਬੰਧਤ ਮੁੱਦਿਆਂ 'ਤੇ ਵਿਰੋਧੀ ਧਿਰ ਦੇ ਮੈਂਬਰਾਂ ਦੇ ਜ਼ੋਰਦਾਰ ਵਿਰੋਧ ਤੋਂ ਬਾਅਦ ਬੁੱਧਵਾਰ ਨੂੰ ਲੋਕ ਸਭਾ ਦੀ ਕਾਰਵਾਈ ਦੁਪਹਿਰ 5 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਜਿਵੇਂ ਹੀ ਦੁਪਹਿਰ 2 ਵਜੇ ਸਦਨ ਦੀ ਕਾਰਵਾਈ ਦੁਬਾਰਾ ਸ਼ੁਰੂ ਹੋਈ, ਭਾਜਪਾ ਦੇ ਨਿਸ਼ੀਕਾਂਤ ਦੂਬੇ ਵੱਲੋਂ ਗਾਂਧੀ ਪਰਿਵਾਰ ਨੂੰ ਨਿਸ਼ਾਨਾ ਬਣਾਉਣ 'ਤੇ ਹੰਗਾਮੇ ਦਰਮਿਆਨ ਲੋਕ ਸਭਾ ਸ਼ਾਮ 5 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਇਸ ਤੋਂ ਪਹਿਲਾਂ 12 ਵਜੇ ਵਿਰੋਧੀ ਮੈਂਬਰਾਂ ਨੇ 2020 ਵਿੱਚ ਚੀਨ ਨਾਲ ਹੋਏ ਟਕਰਾਅ ਦੇ ਮੁੱਦੇ 'ਤੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਜਿਸ ਕਾਰਨ ਲੋਕ ਸਭਾ 2 ਘੰਟੇ ਲਈ ਮੁਲਤਵੀ ਕੀਤੀ ਗਈ ਸੀ। ਅੱਜ ਹੰਗਾਮੇ ਦੇ ਵਿਚਕਾਰ ਸਪੀਕਰ ਓਮ ਬਿਰਲਾ ਨੇ ਸਦਨ ਦੀ ਮੇਜ਼ 'ਤੇ ਸੰਸਦੀ ਕਾਗਜ਼ ਰੱਖਣ ਦੀ ਇਜਾਜ਼ਤ ਦਿੱਤੀ ਅਤੇ ਬਾਅਦ ਵਿੱਚ ਵਣਜ ਮੰਤਰੀ ਪੀਯੂਸ਼ ਗੋਇਲ ਨੇ ਭਾਰਤ-ਅਮਰੀਕਾ ਵਪਾਰ ਸਮਝੌਤੇ 'ਤੇ ਬਿਆਨ ਦਿੱਤਾ। ਕਾਂਗਰਸੀ ਮੈਂਬਰਾਂ ਨੇ ਸਾਬਕਾ ਫੌਜ ਮੁਖੀ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਦੀਆਂ ਤਸਵੀਰਾਂ ਵਾਲੇ ਬੈਨਰ ਅਤੇ ਪੋਸਟਰ ਲਹਿਰਾਏ, ਜਦੋਂ ਕਿ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਸਦਨ ਵਿੱਚ ਇੱਕ ਕਿਤਾਬ ਦਿਖਾਉਂਦੇ ਹੋਏ ਨਜ਼ਰ ਆਏ।

ਇਸ ਦੌਰਾਨ ਸਪੀਕਰ ਨੇ ਮੈਂਬਰਾਂ ਨੂੰ ਸਦਨ ਦੀ ਮਰਿਆਦਾ ਬਣਾਈ ਰੱਖਣ ਦੀ ਅਪੀਲ ਕੀਤੀ ਅਤੇ ਬੈਨਰ-ਪੋਸਟਰ ਦਿਖਾਉਣ ਲਈ ਵਿਰੋਧੀ ਮੈਂਬਰਾਂ ਦੀ ਨਿਖੇਧੀ ਕੀਤੀ। ਵਿਰੋਧੀ ਮੈਂਬਰਾਂ ਦੇ ਸ਼ਾਂਤ ਨਾ ਹੋਣ ਕਾਰਨ ਸਪੀਕਰ ਨੇ ਕਾਰਵਾਈ 2 ਵਜੇ ਤੱਕ ਮੁਲਤਵੀ ਕਰ ਦਿੱਤੀ। ਇਸ ਤੋਂ ਪਹਿਲਾਂ ਪ੍ਰਸ਼ਨ ਕਾਲ ਦੌਰਾਨ ਵੀ ਅਜਿਹਾ ਹੀ ਵਿਰੋਧ ਦੇਖਣ ਨੂੰ ਮਿਲਿਆ ਸੀ, ਜਿਸ ਕਾਰਨ ਕਾਰਵਾਈ ਪਹਿਲਾਂ 12 ਵਜੇ ਤੱਕ ਰੋਕਣੀ ਪਈ ਸੀ। ਜ਼ਿਕਰਯੋਗ ਹੈ ਕਿ ਮੰਗਲਵਾਰ ਨੂੰ ਅੱਠ ਵਿਰੋਧੀ ਮੈਂਬਰਾਂ ਨੂੰ ਗਲਤ ਵਿਵਹਾਰ ਲਈ ਪੂਰੇ ਬਜਟ ਸੈਸ਼ਨ ਲਈ ਮੁਅੱਤਲ ਕਰ ਦਿੱਤਾ ਗਿਆ ਸੀ, ਅਤੇ ਸੋਮਵਾਰ ਤੋਂ ਹੀ ਸਦਨ ਵਿੱਚ ਨਰਵਣੇ ਦੀ ਕਿਤਾਬ ਦੇ ਹਵਾਲੇ ਨੂੰ ਲੈ ਕੇ ਵਿਵਾਦ ਚੱਲ ਰਿਹਾ ਹੈ।

# ਕਿਰਤ ਕੋਡ ਦੇ ਨਿਯਮ ਸਿਰਫ਼ ਅੰਗਰੇਜ਼ੀ 'ਚ ਜਾਰੀ ਕਰਨ ਦਾ ਵਿਰੋਧ: ਭਾਸ਼ਾ ਵਿਭਾਗ ਨੇ ਦਖ਼ਲ ਦਿੱਤਾ

**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕਿਰਤ ਵਿਭਾਗ ਵੱਲੋਂ ਨਵੇਂ 'ਕਿਰਤ ਕੋਡ' (Labour Code) ਦੇ ਡਰਾਫਟ ਨਿਯਮ ਸਿਰਫ਼ ਅੰਗਰੇਜ਼ੀ ਭਾਸ਼ਾ ਵਿੱਚ ਜਾਰੀ ਕਰਨ 'ਤੇ ਵਿਵਾਦ ਖੜ੍ਹਾ ਹੋ ਗਿਆ ਹੈ। ਡਾ. ਅੰਬੇਡਕਰ ਵਰਕਰਜ਼ ਯੂਨੀਅਨ ਨੇ ਇਸ 'ਤੇ ਸਖ਼ਤ ਇਤਰਾਜ਼ ਪ੍ਰਗਟਾਉਂਦਿਆਂ ਕਿਹਾ ਕਿ ਜਿਨ੍ਹਾਂ ਕਿਰਤੀਆਂ ਲਈ ਇਹ ਕਾਨੂੰਨ ਬਣਾਏ ਜਾ ਰਹੇ ਹਨ, ਜੇਕਰ ਉਹ ਆਪਣੀ ਭਾਸ਼ਾ ਵਿੱਚ ਇਸ ਨੂੰ ਸਮਝ ਹੀ ਨਹੀਂ ਸਕਣਗੇ ਤਾਂ ਸੁਝਾਅ ਕਿਵੇਂ ਦੇਣਗੇ? ਭਾਸ਼ਾ ਵਿਭਾਗ ਨੇ ਕਿਰਤ ਵਿਭਾਗ ਨੂੰ ਪੱਤਰ ਲਿਖ ਕੇ ਡਰਾਫਟ ਨਿਯਮ ਪੰਜਾਬੀ ਵਿੱਚ ਵੀ ਜਾਰੀ ਕਰਨ ਨੂੰ ਕਿਹਾ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਰਾਜ ਭਾਸ਼ਾ ਕਾਨੂੰਨ ਦੇ ਬਾਵਜੂਦ ਕਈ ਅਹਿਮ ਕਾਨੂੰਨ ਜਿਵੇਂ ਕਿ ਮਨਰੇਗਾ ਅਤੇ ਬੀ.ਓ ਸੀ.ਡਬਲਿਊ (BOCW) ਦੇ ਪੰਜਾਬੀ ਅਨੁਵਾਦ ਲਈ ਲੋਕ ਸਾਲਾਂ ਤੋਂ ਸੰਘਰਸ਼ ਕਰ ਰਹੇ ਹਨ। ਭਾਸ਼ਾ ਵਿਭਾਗ ਪਹਿਲਾਂ ਵੀ 64 ਸਰਕਾਰੀ ਵਿਭਾਗਾਂ ਨੂੰ ਮਾਂ-ਬੋਲੀ ਵਿੱਚ ਕੰਮ ਕਰਨ ਲਈ ਨੋਟਿਸ ਜਾਰੀ ਕਰ ਚੁੱਕਾ ਹੈ, ਪਰ ਜ਼ਮੀਨੀ ਪੱਧਰ 'ਤੇ ਅਜੇ ਵੀ ਅੰਗਰੇਜ਼ੀ ਦਾ ਦਬਦਬਾ ਬਰਕਰਾਰ ਹੈ। ਕਿਰਤੀ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ 20 ਫਰਵਰੀ ਤੱਕ ਸੁਝਾਅ ਲੈਣ ਦੀ ਮਿਆਦ ਤੋਂ ਪਹਿਲਾਂ ਇਹ ਡਰਾਫਟ ਤੁਰੰਤ ਪੰਜਾਬੀ ਵਿੱਚ ਮੁਹੱਈਆ ਕਰਵਾਇਆ ਜਾਵੇ ਤਾਂ ਜੋ ਆਮ ਕਾਮੇ ਆਪਣੇ ਹੱਕਾਂ ਪ੍ਰਤੀ ਆਵਾਜ਼ ਉਠਾ ਸਕਣ।

# ਭਾਰਤ ਵਿੱਚ ਕੈਂਸਰ ਦੇ ਇਲਾਜ ਦੇ ਵਧਦੇ ਖਰਚੇ ਅਤੇ ਲੰਬੇ ਸਮੇਂ ਤੱਕ ਇਲਾਜ ਦੀ ਜ਼ਰੂਰਤ ਵਿੱਤੀ ਜੋਖਮ ਵਧਾ ਰਹੇ ਹਨ: ਕੇਅਰ ਹੈਲਥ ਇੰਸ਼ੋਰੈਂਸ

**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵ ਕੈਂਸਰ ਜਾਗਰੂਕਤਾ ਦਿਵਸ 'ਤੇ, ਕੇਅਰ ਹੈਲਥ ਇੰਸ਼ੋਰੈਂਸ ਨੇ ਦੇਸ਼ ਭਰ ਵਿੱਚ ਕੈਂਸਰ ਦੇ ਇਲਾਜ ਦੇ ਵਧਦੇ ਵਿੱਤੀ ਬੋਝ ਨੂੰ ਉਜਾਗਰ ਕੀਤਾ। ਕੰਪਨੀ ਦੇ ਦਾਅਵਿਆਂ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਕੈਂਸਰ ਦਾ ਇਲਾਜ ਲੰਮਾ ਅਤੇ ਮਹਿੰਗਾ ਹੈ, ਜਿਸ ਨਾਲ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ 'ਤੇ ਕਾਫ਼ੀ ਬੋਝ ਪੈਂਦਾ ਹੈ। ਉੱਭਰ ਰਹੇ ਰੁਝਾਨਾਂ 'ਤੇ ਟਿੱਪਣੀ ਕਰਦੇ ਹੋਏ, ਕੇਅਰ ਹੈਲਥ ਇੰਸ਼ੋਰੈਂਸ ਦੇ ਮੁੱਖ ਸੰਚਾਲਨ ਅਧਿਕਾਰੀ ਮਨੀਸ਼ ਦੋਡੇਜਾ ਨੇ ਕਿਹਾ, ਕੈਂਸਰ ਦਾ ਇਲਾਜ ਨਾ ਸਿਰਫ਼ ਡਾਕਟਰੀ ਤੌਰ 'ਤੇ ਗੁੰਝਲਦਾਰ ਹੈ ਬਲਕਿ ਇਸ ਵਿੱਚ ਇੱਕ ਲੰਮਾ ਅਤੇ ਬਹੁ-ਪੜਾਅ ਦੀ ਦੇਖਭਾਲ ਦਾ ਨਿਯਮ ਵੀ ਸ਼ਾਮਲ ਹੈ, ਜੋ ਅਕਸਰ ਕਈ ਮਹੀਨਿਆਂ ਤੱਕ ਚੱਲਦਾ ਹੈ।

ਦਾਅਵਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਚੱਲਦਾ ਹੈ ਕਿ ਕੈਂਸਰ ਦੇ ਇਲਾਜ ਦੀ ਲਾਗਤ ਤੇਜ਼ੀ ਨਾਲ ਵੱਧ ਰਹੀ ਹੈ। ਸ਼ੁਰੂਆਤੀ ਪੜਾਅ ਦੇ ਇਲਾਜ ਲਈ ਆਮ ਤੌਰ 'ਤੇ ਪ੍ਰਤੀ ਕੇਸ ?5-7 ਲੱਖ ਖਰਚ ਹੁੰਦੇ ਹਨ, ਜਦੋਂ ਕਿ ਵਧੇਰੇ ਗੁੰਝਲਦਾਰ ਕੇਸਾਂ ਅਤੇ ਉੱਨਤ ਕੈਂਸਰ ਲਈ ਪ੍ਰਤੀ ਇਲਾਜ 20-30 ਲੱਖ ਤੱਕ ਖਰਚ ਹੋ ਸਕਦਾ ਹੈ, ਜੋ ਕਿ ਲੋੜੀਂਦੀ ਦੇਖਭਾਲ, ਇਲਾਜ ਪ੍ਰੋਟੋਕੋਲ ਅਤੇ ਇਲਾਜ ਦੀ ਮਿਆਦ ਦੇ ਆਧਾਰ 'ਤੇ ਹੁੰਦਾ ਹੈ। ਇਹ ਖਾਸ ਤੌਰ 'ਤੇ ਕੇਂਦਰੀ ਬਜਟ 2026 ਦੇ ਸੰਦਰਭ ਵਿੱਚ ਢੁਕਵਾਂ ਹੈ, ਜਿਸ ਨੇ ਕਿਫਾਇਤੀ ਕੈਂਸਰ ਦੇਖਭਾਲ 'ਤੇ ਨਵਾਂ ਧਿਆਨ ਕੇਂਦਰਿਤ ਕੀਤਾ ਹੈ ਅਤੇ ਮਰੀਜ਼ਾਂ 'ਤੇ ਵਿੱਤੀ ਬੋਝ ਨੂੰ ਘਟਾਇਆ ਹੈ। ਖੋਜਾਂ ਤੋਂ ਪਤਾ ਚੱਲਦਾ ਹੈ ਕਿ ਕੈਂਸਰ ਦੇ ਇਲਾਜ ਵਿੱਚ ਲੰਬੇ ਸਮੇਂ ਵਿੱਚ ਕਈ ਪੜਾਅ ਸ਼ਾਮਲ ਹੁੰਦੇ ਹਨ, ਜੋ ਅਕਸਰ ਕਈ ਮਹੀਨੇ ਚੱਲਦੇ ਹਨ। ਮਰੀਜ਼ ਆਮ ਤੌਰ 'ਤੇ ਦੇਖਭਾਲ ਦੇ ਵੱਖ-ਵੱਖ ਪੜਾਵਾਂ ਵਿੱਚ ਕਈ ਦਾਅਵੇ ਦਾਇਰ ਕਰਦੇ ਹਨ। ਇਹ ਧਿਆਨ ਦੇਣ ਯੋਗ ਹੈ ਕਿ ਕੀਮੋਥੈਰੇਪੀ ਅਤੇ ਰੇਡੀਓਥੈਰੇਪੀ ਵੱਡੇ ਪੱਧਰ 'ਤੇ ਡੇ-ਕੇਅਰ ਪ੍ਰਕਿਰਿਆਵਾਂ ਦੇ ਰੂਪ ਵਿੱਚ ਕਵਰ ਕੀਤੇ ਜਾਂਦੇ ਹਨ, ਹਸਪਤਾਲ ਵਿੱਚ ਭਰਤੀ ਦੀਆਂ ਜ਼ਰੂਰਤਾਂ ਇਲਾਜ ਦੀ ਗੁੰਝਲਤਾ ਦੇ ਅਧਾਰ ਤੇ ਵੱਖ-ਵੱਖ ਹੁੰਦੀਆਂ ਹਨ, ਠਹਿਰਨ ਦੀ ਮਿਆਦ ਤਿੰਨ ਦਿਨਾਂ ਤੋਂ 20 ਦਿਨਾਂ ਤੱਕ ਹੁੰਦੀ ਹੈ। ਮਨੀਸ਼ ਨੇ ਅੱਗੇ ਕਿਹਾ, ÷ਇਹ ਲੰਮਾ, ਬਹੁ-ਪੜਾਅ ਵਾਲਾ ਇਲਾਜ ਅਕਸਰ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ 'ਤੇ ਇੱਕ ਮਹੱਤਵਪੂਰਨ ਵਿੱਤੀ ਬੋਝ ਪਾਉਂਦਾ ਹੈ। ਹਾਲਾਂਕਿ, ਜਿਵੇਂ ਕਿ ਨਵੇਂ ਇਲਾਜ ਵਿਧੀਆਂ ਵਿਕਸਤ ਕੀਤੀਆਂ ਜਾ ਰਹੀਆਂ ਹਨ ਅਤੇ ਸਮੇਂ ਦੇ ਨਾਲ ਵਧੇਰੇ ਪਹੁੰਚਯੋਗ ਬਣ ਰਹੀਆਂ ਹਨ, ਖਪਤਕਾਰਾਂ ਲਈ ਸਮੇਂ-ਸਮੇਂ 'ਤੇ ਆਪਣੇ ਸਿਹਤ ਬੀਮਾ ਕਵਰੇਜ ਦਾ ਮੁੜ ਮੁਲਾਂਕਣ ਕਰਨਾ ਅਤੇ ਇਲਾਜ ਦੌਰਾਨ ਢੁਕਵੀਂ ਵਿੱਤੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਮਹੱਤਵਪੂਰਨ ਹੈ।

# ਬੈਂਚ ਪ੍ਰੈੱਸ 'ਚ ਸੋਨ ਤਗਮਾ ਜਿੱਤ ਕੇ ਕੌਮ ਦਾ ਨਾਮ ਰੌਸ਼ਨ ਕਰਨ ਵਾਲੇ ਰਾਜਵਿੰਦਰ ਸਿੰਘ ਰੂਬੀ ਦਾ ਡੀਐੱਸਜੀਐੱਮਸੀ ਵੱਲੋਂ ਸਨਮਾਨ:

**ਨਵੀਂ ਦਿੱਲੀ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀਐੱਸਜੀਐੱਮਸੀ) ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਵੱਲੋਂ ਅੱਜ ਡੀਐੱਸਜੀਐੱਮਸੀ ਦਫ਼ਤਰ ਵਿਖੇ ਆਲ ਇੰਡੀਆ ਬੈਂਚ ਪ੍ਰੈੱਸ ਚੈਂਪੀਅਨਸ਼ਿਪ 2026 (ਹਰਿਆਣਾ) ਵਿੱਚ ਸੋਨ ਤਗਮਾ ਜਿੱਤਣ ਵਾਲੇ ਪ੍ਰਸਿੱਧ ਖਿਡਾਰੀ ਸਰਦਾਰ ਰਾਜਵਿੰਦਰ ਸਿੰਘ ਰੂਬੀ ਦਾ ਗਰਮਜੋਸ਼ੀ ਨਾਲ ਸਵਾਗਤ ਅਤੇ ਸਨਮਾਨ ਕੀਤਾ ਗਿਆ।

ਇਸ ਮੌਕੇ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਸਰਦਾਰ ਰਾਜਵਿੰਦਰ ਸਿੰਘ ਰੂਬੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਬੈਂਚ ਪ੍ਰੈੱਸ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਜਿੱਤ ਕੇ ਉਨ੍ਹਾਂ ਨੇ ਸਿੱਖ ਕੌਮ ਹੀ ਨਹੀਂ ਸਗੋਂ ਭਾਰਤ ਦੇਸ਼ ਦਾ ਮਾਣ ਵਧਾਇਆ ਹੈ। ਉਨ੍ਹਾਂ ਕਿਹਾ ਕਿ ਕਾਮਨਵੈਲਥ ਗੇਮਜ਼ ਅਤੇ ਏਸ਼ੀਆਈ ਖੇਡਾਂ ਲਈ ਯੋਗਤਾ ਪ੍ਰਾਪਤ ਕਰਨਾ ਇਕ ਵੱਡੀ ਪ੍ਰਾਪਤੀ ਹੈ, ਜੋ ਨੌਜਵਾਨਾਂ ਲਈ ਪ੍ਰੇਰਣਾਦਾਇਕ ਇਕ ਵੱਡੀ ਉਦਾਹਰਨ ਹੈ।

ਸਰਦਾਰ ਕਾਲਕਾ ਨੇ ਕਿਹਾ ਕਿ ਸਿੱਖ ਨੌਜਵਾਨਾਂ ਦੀ ਖੇਡਾਂ ਵਿੱਚ ਉੱਤਮ ਪ੍ਰਦਰਸ਼ਨ ਦੇਸ਼ ਅਤੇ ਕੌਮ ਦੇ ਸੁਨਿਹਰੇ ਭਵਿੱਖ ਦੀ ਨਿਸ਼ਾਨੀ ਹੈ। ਡੀਐੱਸਜੀਐੱਮਸੀ ਉਹਨਾਂ ਸਾਰੇ ਨੌਜਵਾਨਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਜੋ ਆਪਣੀ ਮਿਹਨਤ, ਅਨੁਸ਼ਾਸਨ ਅਤੇ ਕਾਬਲੀਅਤ ਨਾਲ ਪੰਥ ਅਤੇ ਦੇਸ਼ ਦਾ ਨਾਮ ਰੌਸ਼ਨ ਕਰ ਰਹੇ ਹਨ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਡੀਐੱਸਜੀਐੱਮਸੀ ਭਵਿੱਖ ਵਿੱਚ ਵੀ ਖੇਡਾਂ ਵਿੱਚ ਉੱਤਮਤਾ ਹਾਸਲ ਕਰਨ ਵਾਲੇ ਨੌਜਵਾਨਾਂ ਨੂੰ ਹਰ ਸੰਭਵ ਸਹਿਯੋਗ ਪ੍ਰਦਾਨ ਕਰਦੀ ਰਹੇਗੀ।

# ਪੀ.ਆਰ.ਟੀ.ਸੀ. ਦੇ ਚੇਅਰਮੈਨ ਹਰਪਾਲ ਜੁਨੇਜਾ ਵੱਲੋਂ ਬੋਰਡ ਆਫ ਡਾਇਰੈਕਟਰਜ਼ ਦੀ ਪਲੇਠੀ ਬੈਠਕ ਮੌਕੇ ਅਹਿਮ ਫੈਸਲੇ

**ਪਟਿਆਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੀ.ਆਰ.ਟੀ.ਸੀ. ਦੇ ਚੇਅਰਮੈਨ ਹਰਪਾਲ ਜੁਨੇਜਾ ਨੇ ਆਪਣਾ ਅਹੁਦਾ ਸੰਭਾਲਣ ਦੇ ਤੁਰੰਤ ਬਾਅਦ ਪੀ.ਆਰ.ਟੀ.ਸੀ ਦੀ ਭਲਾਈ, ਉੱਨਤੀ ਅਤੇ ਤਰੱਕੀ ਲਈ ਬਿਨਾਂ ਕਿਸੇ ਦੇਰੀ ਤੋਂ ਪੀ.ਆਰ.ਟੀ.ਸੀ. ਦੇ ਬੋਰਡ ਆਫ ਡਾਇਰੈਕਟਰਜ਼ ਦੀ ਇੱਕ ਮਹੱਤਵਪੂਰਨ ਮੀਟਿੰਗ ਕਰਕੇ ਅਹਿਮ ਫੈਸਲੇ ਲਏ।

ਬੈਠਕ ਦੀ ਪ੍ਰਧਾਨਗੀ ਕਰਦਿਆਂ ਚੇਅਰਮੈਨ ਹਰਪਾਲ ਜੁਨੇਜਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੀ.ਆਰ.ਟੀ.ਸੀ. ਨੂੰ ਹੋਰ ਉਚਾਈਆਂ ਤੱਕ ਲਿਜਾਣਾ, ਸੰਸਥਾ ਦੇ ਕਰਮਚਾਰੀਆਂ ਦੇ ਹਿੱਤਾਂ ਦੀ ਸੰਭਾਲ ਕਰਨੀ ਅਤੇ ਪੀ.ਆਰ.ਟੀ.ਸੀ. ਦੀਆਂ ਸਵਾਰੀਆਂ ਨੂੰ ਹੋਰ ਉੱਤਮ, ਸੁਰੱਖਿਅਤ ਅਤੇ ਲਾਭਕਾਰੀ ਟਰਾਂਸਪੋਰਟ ਸੇਵਾਵਾਂ ਪ੍ਰਦਾਨ ਕਰਨਾ ਹੀ ਉਨ੍ਹਾਂ ਦਾ ਪ੍ਰਮੁੱਖ ਉਦੇਸ਼ ਹੈ। ਚੇਅਰਮੈਨ ਹਰਪਾਲ ਜੁਨੇਜਾ ਨੇ ਦੱਸਿਆ ਕਿ ਇਸ ਬੈਠਕ ਮੌਕੇ ਪੀ.ਆਰ.ਟੀ.ਸੀ. ਦੇ ਬੇੜੇ ਵਿੱਚ ਨਵੀਆਂ ਬੱਸਾਂ ਪਾਉਣ ਤੋਂ ਇਲਾਵਾ ਪਟਿਆਲਾ ਦੇ ਪੁਰਾਣੇ ਬੱਸ ਸਟੈਂਡ ਵਿਖੇ ਸਵਾਰੀਆਂ ਨੂੰ ਹੋਰ ਸਹੂਲਤਾਂ ਮੁਹੱਈਆ ਕਰਵਾਉਣਾ ਬਾਬਤ ਫੈਸਲੇ ਲਏ ਗਏ। ਵੱਖ-ਵੱਖ ਮਹੱਤਵਪੂਰਨ ਏਜੰਡਿਆਂ ਤੇ ਨੀਤੀਆਂ ਨੂੰ ਬੋਰਡ ਆਫ਼ ਡਾਇਰੈਕਟਰਜ਼ ਦੇ ਮੈਂਬਰਾਂ ਨੇ ਏਜੰਡੇ ਵਿਚਾਰਦੇ ਹੋਏ ਪੀਆਰਟੀਸੀ ਦੀ ਵਿੱਤੀ ਵਰ੍ਹੇ ਦੀ ਆਮਦਨ ਨੂੰ ਵਧਾਉਣ ਬਾਬਤ ਵੀ ਵਿਚਾਰਿਆ ਗਿਆ । ਬੈਠਕ ਦੌਰਾਨ ਪਟਿਆਲਾ ਦੇ ਪੁਰਾਣੇ ਬੱਸ ਸਟੈਂਡ ਤੋਂ ਹੋਰ ਵਾਧੂ ਬੱਸਾਂ ਵੱਖ-ਵੱਖ ਰੂਟਾਂ ਉਤੇ ਚਲਾਉਣ ਦਾ ਵੀ ਫੈਸਲਾ ਹੋਇਆ ਤਾਂ ਜੋ ਸਵਾਰੀਆਂ ਨੂੰ ਨਵੇਂ ਬੱਸ ਸਟੈਂਡ ਤੋਂ ਆਉਣ ਜਾਣ ਵਿੱਚ ਕੋਈ ਮੁਸ਼ਕਿਲ ਨਾ ਆਵੇ, ਪੀਆਰਟੀਸੀ ਦੇ ਮੁੱਖ ਦਫ਼ਤਰ, ਪਟਿਆਲਾ ਡਿਪੂ ਤੇ ਸੰਗਰੂਰ ਵਿਖੇ ਡੀਜਲ ਦੇ ਰਿਟੇਲ ਆਊਟਲੈੱਟ ਸਥਾਪਤ ਕਰਨ ਤੋਂ ਇਲਾਵਾ ਪੀ.ਆਰ.ਟੀ.ਸੀ ਦੇ ਹੋਰ ਜਿੱਥੇ-ਜਿੱਥੇ ਰਿਟੇਲ ਆਊਟਲੈੱਟ ਸਬੰਧੀ ਢੁੱਕਵੀਂ ਜ਼ਮੀਨ ਉਪਲੱਬਧ ਹੈ ਵਿਖੇ ਰਿਟੇਲ ਆਊਟਲੈੱਟ ਸਬੰਧੀ ਤੁਰੰਤ ਸਰਵੇ ਕਰਵਾਉਣ ਸਮੇਤ ਪੀ.ਆਰ.ਟੀ.ਸੀ ਦੇ ਮੁੱਖ ਦਫ਼ਤਰ ਅਤੇ ਸਮੂਹ ਡਿਪੂਆਂ ਅਤੇ ਉਨ੍ਹਾਂ ਅਧੀਨ ਆਉਂਦੇ ਬੱਸ ਅੱਡਿਆਂ ਵਿਖੇ ਸੋਲਰ ਸਿਸਟਮ ਲਗਾਉਣ ਦੇ ਵੀ ਫ਼ੈਸਲੇ ਲਏ ਗਏ।

# ਅੰਮ੍ਰਿਤਸਰ 'ਚ ਸੁਨਿਆਰੇ ਤੋਂ 30 ਲੱਖ ਦੀ ਫਿਰੌਤੀ ਦੀ ਮੰਗ; ਵਿਦੇਸ਼ੀ ਨੰਬਰਾਂ ਤੋਂ ਮਿਲ ਰਹੀਆਂ ਨੇ ਜਾਨੋਂ ਮਾਰਨ ਦੀਆਂ ਧਮਕੀਆਂ: ਪੁਲੀਸ ਵੱਲੋਂ ਮਾਮਲਾ ਦਰਜ

**ਅੰਮ੍ਰਿਤਸਰ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਇਲਾਕੇ ਵਿੱਚ ਇੱਕ ਜਵੈਲਰ (ਸੁਨਿਆਰੇ) ਨੂੰ ਅਣਪਛਾਤੇ ਵਿਦੇਸ਼ੀ ਨੰਬਰਾਂ ਤੋਂ ਲਗਾਤਾਰ ਜਬਰੀ ਵਸੂਲੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਣ ਦਾ ਮਾਮਲਾ ਸਾਹਮਣੇ ਆਇਆ ਹੈ। ਪੀੜਤ ਕਾਰਤਿਕ ਮਲਹੋਤਰਾ (30), ਜੋ 'ਮਲਹੋਤਰਾ ਜਵੈਲਰ' ਨਾਮ ਦੀ ਦੁਕਾਨ ਚਲਾਉਂਦਾ ਹੈ, ਨੇ ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਤੋਂ 30 ਲੱਖ ਰੁਪਏ ਦੀ ਫਿਰੌਤੀ ਮੰਗੀ ਗਈ ਹੈ।

ਇਹ ਸਿਲਸਿਲਾ 17 ਦਸੰਬਰ ਤੋਂ ਸ਼ੁਰੂ ਹੋਇਆ ਸੀ, ਜਦੋਂ ਉਸ ਨੂੰ ਵਟਸਐਪ 'ਤੇ ਵਿਦੇਸ਼ੀ ਨੰਬਰ ਤੋਂ ਫੋਨ ਆਇਆ ਅਤੇ ਪੈਸੇ ਨਾ ਦੇਣ ਦੀ ਸੂਰਤ ਵਿੱਚ ਉਸ ਨੂੰ ਅਤੇ ਉਸ ਦੇ ਭਰਾ ਅੰਕਿਤ ਨੂੰ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ ਗਈ।

ਖ਼ੌਫ਼ ਦੇ ਮਾਰੇ ਪੀੜਤ ਨੇ ਆਪਣਾ ਵਟਸਐਪ ਖਾਤਾ ਡੀਐਕਟੀਵੇਟ ਕਰ ਦਿੱਤਾ ਸੀ, ਪਰ ਕੁਝ ਦਿਨਾਂ ਬਾਅਦ ਦੁਬਾਰਾ ਚਾਲੂ ਕਰਨ 'ਤੇ ਧਮਕੀਆਂ ਫਿਰ ਤੋਂ ਸ਼ੁਰੂ ਹੋ ਗਈਆਂ। ਪੁਲੀਸ ਨੇ ਇਸ ਮਾਮਲੇ ਵਿੱਚ ਭਾਰਤੀ ਨਿਆਂ ਸੰਹਿਤਾ (BNS) ਦੀਆਂ ਧਾਰਾਵਾਂ 308(4) ਅਤੇ 351(2) ਦੇ ਤਹਿਤ ਕੇਸ ਦਰਜ ਕਰ ਲਿਆ ਹੈ। ਐਸ.ਪੀ. (ਇਨਵੈਸਟੀਗੇਸ਼ਨ) ਆਦਿਤਿਆ ਵਾਰੀਅਰ ਨੇ ਦੱਸਿਆ ਕਿ ਪੁਲੀਸ ਇਨ੍ਹਾਂ ਕੌਮਾਂਤਰੀ ਨੰਬਰਾਂ ਦੀ ਜਾਂਚ ਕਰ ਰਹੀ ਹੈ ਅਤੇ ਕਾਲਰ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਜੋ ਮੁਲਜ਼ਮਾਂ ਨੂੰ ਜਲਦ ਕਾਬੂ ਕੀਤਾ ਜਾ ਸਕੇ।

# ਮੇਰਾ ਯੁਵਾ ਭਾਰਤ (ਮਾਈ ਭਾਰਤ ਚੰਡੀਗੜ੍ਹ ਨੇ ਮੇਰਾ ਯੁਵਾ ਭਾਰਤ (ਮਾਈ ਭਾਰਤ ਬਜਟ ਕੁਐਸਟ 2026 ਲਾਂਚ ਕੀਤਾ

**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਦੇ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਦੇ ਤਹਿਤ, ਮੇਰਾ ਯੁਵਾ ਭਾਰਤ (ਮਾਈ ਭਾਰਤ) ਚੰਡੀਗੜ੍ਹ ਨੇ ਮੇਰਾ ਯੁਵਾ ਭਾਰਤ (ਮਾਈ ਭਾਰਤ) ਬਜਟ ਕੁਐਸਟ 2026 ਲਾਂਚ ਕੀਤਾ ਹੈ। ਇਹ ਇੱਕ ਰਾਸ਼ਟਰ-ਵਿਆਪੀ ਯੁਵਾ-ਕੇਂਦ੍ਰਿਤ ਪਹਿਲ ਹੈ, ਜਿਸ ਦਾ ਉਦੇਸ਼ ਵਿਕਸਿਤ ਭਾਰਤ ਬਜਟ 2026 ਬਾਰੇ ਜਾਗਰੂਕਤਾ ਅਤੇ ਸਾਰਥਕ ਸੰਵਾਦ ਨੂੰ ਹੁਲਾਰਾ ਦੇਣਾ ਹੈ।

ਇਹ ਕੁਇਜ਼ ਹੁਣ ਮੇਰਾ ਯੁਵਾ ਭਾਰਤ (ਮਾਈ ਭਾਰਤ) ਪੋਰਟਲ 'ਤੇ ਲਾਇਵ ਹੈ। ਚੰਡੀਗੜ੍ਹ ਦੇ ਨੌਜਵਾਨ www.mybharat.gov.in/quiz 'ਤੇ ਜਾ ਕੇ ਜਾਂ ਅਧਿਕਾਰਿਤ ਪੋਸਟਰਾਂ 'ਤੇ ਉਪਲਬਧ ਕਿਊਆਰ ਕੋਡ ਨੂੰ ਸਕੈਨ ਕਰਕੇ ਇਸ ਵਿੱਚ ਹਿੱਸਾ ਲੈ ਸਕਦੇ ਹਨ। ਭਾਗੀਦਾਰੀ ਦੀ ਅੰਤਿਮ ਮਿਤੀ 17 ਫਰਵਰੀ 2026 ਹੈ। ਇਹ ਪਹਿਲ ਤਿੰਨ-ਪੜਾਵਾਂ ਵਿੱਚ ਆਯੋਜਿਤ ਕੀਤੀ ਜਾਵੇਗੀ। ਪਹਿਲੇ ਪੜਾਅ ਵਿੱਚ ਕੇਂਦਰੀ ਬਜਟ 2026 'ਤੇ ਅਧਾਰਿਤ ਇੱਕ ਰਾਸ਼ਟਰ-ਵਿਆਪੀ ਔਨਲਾਇਨ ਕੁਇਜ਼ ਹੋਵੇਗਾ। ਇਸ ਪੜਾਅ ਵਿੱਚ ਸ਼ਾਰਟਲਿਸਟ ਕੀਤੇ ਗਏ ਪ੍ਰਤੀਭਾਗੀ ਦੂਜੇ ਪੜਾਅ ਵਿੱਚ ਇੱਕ ਨਿਰਧਾਰਿਤ ਥੀਮ 'ਤੇ ਇੱਕ ਲੇਖ ਪੋਰਟਲ ਦੇ ਜ਼ਰੀਏ ਜਮ੍ਹਾਂ ਕਰਾਉਣਗੇ। ਅੰਤਿਮ ਪੜਾਅ ਵਿੱਚ ਸ਼ਾਰਟਲਿਸਟ ਕੀਤੇ ਗਏ ਨੌਜਵਾਨਾਂ ਨੂੰ ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ, ਸ਼੍ਰੀ ਨਰੇਂਦਰ ਮੋਦੀ ਜੀ ਨਾਲ ਇੱਕ ਵਿਸ਼ੇਸ਼ ਸੰਵਾਦ ਦਾ ਅਵਸਰ ਪ੍ਰਦਾਨ ਕੀਤਾ ਜਾਵੇਗਾ। ਇਸ ਪਹਿਲ 'ਤੇ ਪ੍ਰਕਾਸ਼ ਪਾਉਂਦੇ ਹੋਏ ਸ਼੍ਰੀ ਵਿਨੈ ਕੁਮਾਰ, ਜ਼ਿਲ੍ਹਾ ਯੁਵਾ ਅਧਿਕਾਰੀ, ਮੇਰਾ ਯੁਵਾ ਭਾਰਤ (ਮਾਈ ਭਾਰਤ) ਚੰਡੀਗੜ੍ਹ ਨੇ ਕਿਹਾ, ਇਹ ਮੰਚ ਚੰਡੀਗੜ੍ਹ ਦੇ ਨੌਜਵਾਨਾਂ ਨੂੰ ਬਜਟ ਨੂੰ ਸਮਝਣ ਅਤੇ ਵਿਕਸਿਤ ਭਾਰਤ ਦੇ ਵਿਜ਼ਨ ਵਿੱਚ ਸਰਗਰਮ ਯੋਗਦਾਨ ਦੇਣ ਲਈ ਸਸ਼ਕਤ ਬਣਾਉਂਦਾ ਹੈ। ਮੇਰਾ ਯੁਵਾ ਭਾਰਤ (ਮਾਈ ਭਾਰਤ) ਚੰਡੀਗੜ੍ਹ ਨੇ ਵਿਦਿਆਰਥੀਆਂ, ਯੂਥ ਵਲੰਟੀਅਰਾਂ ਅਤੇ ਸੰਸਥਾਵਾਂ ਨੂੰ ਵੱਡੀ ਗਿਣਤੀ ਵਿੱਚ ਹਿੱਸਾ ਲੈਣ ਦੀ ਤਾਕੀਦ ਕੀਤੀ ਹੈ।

# ਲੁਧਿਆਣਾ ਤੋਂ ਗੁਜਰਾਤ: ਪੰਜਾਬ ਦੀ ਸ਼ਰਾਬ ਨਾਲ ਲੱਦਿਆ ਟਰੱਕ-ਟਰਾਲਾ 'ਚ ਰਾਜਸਥਾਨ 'ਚ ਜ਼ਬਤ

**ਅਬੋਹਰ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਤੋਂ ਰਾਜਸਥਾਨ ਰਾਹੀਂ ਗੁਜਰਾਤ ਲਿਜਾਈ ਜਾ ਰਹੀ ਪੰਜਾਬ ਮਾਰਕਾ ਅੰਗਰੇਜ਼ੀ ਸ਼ਰਾਬ ਨਾਲ ਲੱਦਿਆ ਇੱਕ ਟਰੱਕ-ਟਰਾਲਾ, ਜੋ ਬਿਨਾਂ ਕਿਸੇ ਪਰਮਿਟ ਜਾਂ ਲਾਇਸੰਸ ਦੇ ਚੱਲ ਰਿਹਾ ਸੀ, ਹਨੂੰਮਾਨਗੜ੍ਹ ਵਿੱਚ ਭਾਰਤਮਾਲਾ ਪ੍ਰੋਜੈਕਟ ਰੂਟ 'ਤੇ ਪਿੰਡ ਧੀਰਦੇਸਰ ਦੇ ਨੇੜੇ ਜ਼ਬਤ ਕੀਤਾ ਗਿਆ ਹੈ।

ਗ਼ੌਰਤਲਬ ਹੈ ਕਿ ਲੁਧਿਆਣਾ ਤੋਂ 225 ਕਿਲੋਮੀਟਰ ਦੂਰ ਅੰਤਰਰਾਜੀ ਸਰਹੱਦ 'ਤੇ ਸੰਗਰੀਆ ਨੇੜੇ ਜ਼ਿਲ੍ਹਾ ਟਰਾਂਸਪੋਰਟ ਵਿਭਾਗ, ਪੁਲੀਸ ਅਤੇ ਆਬਕਾਰੀ ਵਿਭਾਗ ਦੀ ਸਾਂਝੀ ਚੈੱਕ ਪੋਸਟ ਹੈ। ਇਹ ਟਰੱਕ ਬਿਨਾਂ ਕਿਸੇ ਜਾਂਚ ਦੇ ਇਸ ਚੈੱਕ ਪੋਸਟ ਨੂੰ ਵੀ ਪਾਰ ਕਰ ਗਿਆ ਅਤੇ ਭਾਰਤਮਾਲਾ ਪ੍ਰੋਜੈਕਟ ਰੋਡ 'ਤੇ ਦਾਖਲ ਹੋ ਗਿਆ। ਜੇ ਅੰਤਰਰਾਜੀ ਸਰਹੱਦ 'ਤੇ ਟਰੱਕ ਦੀ ਚੈਕਿੰਗ ਕੀਤੀ ਗਈ ਹੁੰਦੀ ਅਤੇ ਇਸ ਦੇ ਕੰਸਾਈਨਮੈਂਟ ਨੋਟ ਬਾਰੇ ਪੁੱਛਿਆ ਗਿਆ ਹੁੰਦਾ, ਤਾਂ ਸ਼ਰਾਬ ਉੱਥੇ ਹੀ ਫੜੀ ਜਾ ਸਕਦੀ ਸੀ। ਇਸ ਲਾਪਰਵਾਹੀ ਕਾਰਨ ਪੰਜਾਬ ਨੂੰ ਆਬਕਾਰੀ ਡਿਊਟੀ ਦਾ ਵੀ ਵੱਡਾ ਨੁਕਸਾਨ ਹੋਇਆ ਹੈ।

ਹਨੂੰਮਾਨਗੜ੍ਹ ਦੇ ਪੁਲੀਸ ਸੁਪਰਡੈਂਟ ਹਰੀ ਸ਼ੰਕਰ ਨੇ ਦੱਸਿਆ ਕਿ ਪੱਲੂ ਥਾਣੇ ਅਤੇ ਜ਼ਿਲ੍ਹਾ ਸਪੈਸ਼ਲ ਟੀਮ (DST) ਦੀ ਸਾਂਝੀ ਟੀਮ ਨੇ ਸ਼ੱਕੀ ਹੋਣ 'ਤੇ ਭਾਰਤਮਾਲਾ ਪ੍ਰੋਜੈਕਟ ਰੋਡ 'ਤੇ ਟਰੱਕ-ਟਰਾਲੇ ਨੂੰ ਰੋਕਿਆ। ਤਲਾਸ਼ੀ ਲੈਣ 'ਤੇ ਟਰੱਕ 'ਚੋਂ ਰਾਇਲ ਚੈਲੇਂਜ, ਰਾਇਲ ਸਟੈਗ ਅਤੇ ਆਲ ਸੀਜ਼ਨ ਬ੍ਰਾਂਡਾਂ ਦੀ ਅੰਗਰੇਜ਼ੀ ਸ਼ਰਾਬ ਦੀਆਂ ਕੁੱਲ 1503 ਪੇਟੀਆਂ ਬਰਾਮਦ ਹੋਈਆਂ। ਟਰੱਕ ਡਰਾਈਵਰ ਪ੍ਰਕਾਸ਼ ਕੁਮਾਰ ਬਿਸ਼ਨੋਈ (22), ਵਾਸੀ ਵਦਾਨਿਆ, ਜ਼ਿਲ੍ਹਾ ਜਾਲੌਰ ਨੂੰ ਗ੍ਰਿਫ਼ਤਾਰ ਕਰਕੇ ਉਸ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

ਪੁਲੀਸ ਸੂਤਰਾਂ ਅਨੁਸਾਰ ਪ੍ਰਕਾਸ਼ ਬਿਸ਼ਨੋਈ ਨੂੰ ਸ਼ਰਾਬ ਤਸਕਰਾਂ ਨੇ ਲੁਧਿਆਣਾ ਤੋਂ ਗੁਜਰਾਤ ਤੱਕ ਖੇਪ ਪਹੁੰਚਾਉਣ ਬਦਲੇ ਮਾਮੂਲੀ ਰਕਮ ਦੇਣ ਦਾ ਲਾਲਚ ਦਿੱਤਾ ਸੀ। ਲੁਧਿਆਣਾ ਵਿੱਚ ਕੁਝ ਲੋਕ ਪ੍ਰਕਾਸ਼ ਦਾ ਟਰੱਕ ਕਿਸੇ ਅਣਪਛਾਤੀ ਥਾਂ 'ਤੇ ਲੈ ਗਏ ਅਤੇ ਬਾਅਦ ਵਿੱਚ ਸ਼ਰਾਬ ਨਾਲ ਲੱਦ ਕੇ ਉਸ ਨੂੰ ਵਾਪਸ ਕਰ ਦਿੱਤਾ। ਰਾਜਸਥਾਨ-ਗੁਜਰਾਤ ਸਰਹੱਦ ਦੇ ਨੇੜੇ ਪਹੁੰਚਣ 'ਤੇ ਪ੍ਰਕਾਸ਼ ਨੂੰ ਅਗਲੀਆਂ ਹਦਾਇਤਾਂ ਮਿਲਣੀਆਂ ਸਨ ਕਿ ਟਰੱਕ ਕਿੱਥੇ ਪਹੁੰਚਾਉਣਾ ਹੈ। ਪੁਲੀਸ ਨੂੰ ਪ੍ਰਕਾਸ਼ ਦੇ ਮੋਬਾਈਲ 'ਤੇ ਇੱਕ ਸ਼ੱਕੀ ਨੰਬਰ ਮਿਲਿਆ ਹੈ, ਜਿਸ ਨੂੰ ਤਸਕਰਾਂ ਦਾ ਪਤਾ ਲਗਾਉਣ ਲਈ ਟਰੈਕ ਕੀਤਾ ਜਾ ਰਿਹਾ ਹੈ।

ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਬਰਾਮਦ ਕੀਤੀ ਗਈ ਸ਼ਰਾਬ ਪੰਜਾਬ ਵਿੱਚ ਬਣੀ ਸੀ, ਪਰ ਬੋਤਲਾਂ ਤੋਂ ਅਸਲੀ ਬੈਚ ਮਾਰਕ ਹਟਾ ਕੇ ਨਕਲੀ ਲੇਬਲ ਲਗਾ ਦਿੱਤੇ ਗਏ ਸਨ। ਮੁੱਢਲੀ ਜਾਂਚ ਤੋਂ ਸੰਕੇਤ ਮਿਲਦਾ ਹੈ ਕਿ ਗੁਜਰਾਤ ਦੇ ਤਸਕਰਾਂ ਨੇ ਇੰਨੀ ਵੱਡੀ ਮਾਤਰਾ ਵਿੱਚ ਨਜਾਇਜ਼ ਸ਼ਰਾਬ ਮੰਗਵਾਉਣ ਲਈ ਪੰਜਾਬ ਦੇ ਕਿਸੇ ਠੇਕੇਦਾਰ ਨਾਲ ਸੰਪਰਕ ਕੀਤਾ ਸੀ।

ਇਸ ਮਾਮਲੇ ਦਾ ਸਭ ਤੋਂ ਹੈਰਾਨੀਜਨਕ ਪਹਿਲੂ ਇਹ ਹੈ ਕਿ ਟਰੱਕ ਵਿੱਚ ਸ਼ਰਾਬ ਦੀਆਂ ਪੇਟੀਆਂ ਤੋਂ ਇਲਾਵਾ ਹੋਰ ਕੁਝ ਨਹੀਂ ਸੀ। ਸ਼ਰਾਬ ਕਿਸੇ ਹੋਰ ਸਾਮਾਨ ਦੀ ਆੜ ਵਿੱਚ ਨਹੀਂ ਲਿਜਾਈ ਜਾ ਰਹੀ ਸੀ। ਡਰਾਈਵਰ ਕੋਲ ਕਿਸੇ ਕਿਸਮ ਦਾ ਕੋਈ ਬਿੱਲ ਜਾਂ ਦਸਤਾਵੇਜ਼ ਨਹੀਂ ਸੀ। ਇਸ ਤੋਂ ਵੀ ਵੱਧ ਹੈਰਾਨੀ ਦੀ ਗੱਲ ਇਹ ਹੈ ਕਿ ਲੁਧਿਆਣਾ ਤੋਂ ਰਾਜਸਥਾਨ ਵੱਲ ਰਵਾਨਾ ਹੋਏ ਟਰੱਕ ਨੂੰ ਪੰਜਾਬ ਵਿੱਚ ਕਿਸੇ ਵੀ ਫਲਾਇੰਗ ਸਕੁਐਡ ਜਾਂ ਚੈੱਕ ਪੋਸਟ 'ਤੇ ਨਾ ਤਾਂ ਕੰਸਾਈਨਮੈਂਟ ਨੋਟ ਬਾਰੇ ਪੁੱਛਿਆ ਗਿਆ ਅਤੇ ਨਾ ਹੀ ਉਸ ਦੀ ਜਾਂਚ ਕੀਤੀ ਗਈ।

# ਗੁਰਦੁਆਰਾ ਸ੍ਰੀ ਅੰਬ ਸਾਹਿਬ ਮੋਹਾਲੀ ਨਾਲ ਸਬੰਧਤ ਜ਼ਮੀਨ ਦੀ ਵਿਕਰੀ ਧੋਖਾਧੜੀ ਨਾਲ ਕਰਨ ਦੇ ਮਾਮਲੇ 'ਚ ਮੈਨੇਜਰ ਮੁਅੱਤਲ, ਕਾਨੂੰਨੀ ਕਾਰਵਾਈ ਦੇ ਆਦੇਸ਼ ਜਾਰੀ

**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦੁਆਰਾ ਸ੍ਰੀ ਅੰਬ ਸਾਹਿਬ ਪਾਤਸ਼ਾਹੀ ਸੱਤਵੀਂ ਲੰਬੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੀ ਪਿੰਡ ਸੈਣੀਮਾਜਰਾ (ਪ੍ਰੇਮਗੜ੍ਹ) ਵਿਖੇ ਪੈਂਦੀ 1 ਵਿਘਾ, 6 ਵਿਸਬੇ, 10 ਵਿਸਬਾਸੀਆਂ ਜ਼ਮੀਨ ਅਮਾਨਤ ਵਿੱਚ ਖਿਆਨਤ ਤੇ ਧੋਖਾਧੜੀ ਕਰਕੇ ਫ਼ਰਜ਼ੀ ਢੰਗ ਨਾਲ ਵੇਚਣ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਕਾਰਵਾਈ ਕਰਦਿਆਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਸ. ਰਜਿੰਦਰ ਸਿੰਘ ਨੂੰ ਮੁਅੱਤਲ ਕਰਨ ਦੇ ਨਾਲ-ਨਾਲ ਮੈਨੇਜਰ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦਾ ਆਦੇਸ਼ ਕੀਤਾ ਹੈ। ਜੇਕਰ ਮੈਨੇਜਰ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਦੀ ਵੀ ਇਸ ਮਾਮਲੇ ਵਿੱਚ ਸ਼ਮੂਲੀਅਤ ਪਾਈ ਜਾਂਦੀ ਹੈ ਤਾਂ ਉਨ੍ਹਾਂ ਵਿਰੁੱਧ ਵੀ ਵਿਭਾਗੀ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮਾਮਲੇ ਵਿੱਚ ਵਧੇਰੀ ਜਾਂਚ ਲਈ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ 'ਤੇ ਅਧਾਰਤ ਇੱਕ ਕਮੇਟੀ ਬਣਾਈ ਗਈ ਹੈ ਅਤੇ ਮੈਨੇਜਰ ਵੱਲੋਂ ਕਰਵਾਈ ਗਈ ਰਜਿਸਟਰੀ ਨੂੰ ਰੱਦ ਕਰਨ ਦੀ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਗਈ ਹੈ। ਇਸ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਚੰਡੀਗੜ੍ਹ ਉਪ-ਦਫ਼ਤਰ ਵਿਖੇ ਪ੍ਰੈਸ ਵਾਰਤਾ ਦੌਰਾਨ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਕਿਸੇ ਵੀ ਅਧਿਕਾਰੀ ਜਾਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਨੂੰ ਇਹ ਅਧਿਕਾਰ ਨਹੀਂ ਹੈ ਕਿ ਉਹ ਆਪਣੇ ਪੱਧਰ ਉੱਤੇ ਗੁਰੂ ਘਰ ਨਾਲ ਸਬੰਧਤ ਕਿਸੇ ਜਾਇਦਾਦ ਨੂੰ ਵੇਚ ਸਕੇ। ਉਨ੍ਹਾਂ ਕਿਹਾ ਕਿ ਜੇਕਰ ਸਿੱਖ ਸੰਸਥਾ ਨੇ ਕੋਈ ਜ਼ਮੀਨ ਵੇਚਣੀ ਜਾਂ ਖਰੀਦਣੀ ਹੋਵੇ ਤਾਂ ਇਹ ਕਾਰਵਾਈ ਬਾਕਾਇਦਾ ਨਿਯਮਾਂ ਅਨੁਸਾਰ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਤੋਂ ਬਾਅਦ ਸਬੰਧਤ ਗੁਰਦੁਆਰਾ ਸਾਹਿਬ ਦੀ ਜਾਇਦਾਦ ਸਬ-ਕਮੇਟੀ ਰਾਹੀਂ ਹੀ ਕੀਤੀ ਜਾ ਸਕਦੀ ਹੈ। ਐਡਵੋਕਟ ਧਾਮੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਵਧੇਰੀ ਵਿਭਾਗੀ ਜਾਂਚ ਪੜਤਾਲ ਲਈ ਇੱਕ ਪੰਜ-ਮੈਂਬਰੀ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਬੀਬੀ ਹਰਜਿੰਦਰ ਕੌਰ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਸ. ਚਰਨਜੀਤ ਸਿੰਘ ਕਾਲੇਵਾਲ, ਸ. ਸੁਰਜੀਤ ਸਿੰਘ ਭਿੱਟੇਵੱਡ ਅਤੇ ਸ. ਪਰਮਜੀਤ ਸਿੰਘ ਲੱਖੇਵਾਲ ਨੂੰ ਸ਼ਾਮਲ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਗੁਰਦੁਆਰਾ ਸ੍ਰੀ ਅੰਬ ਸਾਹਿਬ ਮੋਹਾਲੀ ਦੇ ਮੈਨੇਜਰ ਸ. ਰਜਿੰਦਰ ਸਿੰਘ ਨੇ ਬਿਨਾਂ ਕਿਸੇ ਦਫ਼ਤਰੀ ਪ੍ਰਵਾਨਗੀ ਦੇ ਗੁਰਦੁਆਰਾ ਸ੍ਰੀ ਅੰਬ ਸਾਹਿਬ ਦੀ ਪਿੰਡ ਸੈਣੀਮਾਜਰਾ ਵਿੱਚ ਇਹ ਜ਼ਮੀਨ 4 ਖਰੀਦਦਾਰਾਂ ਨੂੰ ਵਿਕਰੀ ਕੀਤੀ ਹੈ, ਜਿਸ ਦੀ ਰਜਿਸਟਰੀ 02 ਦਸੰਬਰ 2025 ਨੂੰ ਵੱਖ-ਵੱਖ ਲੋਕਾਂ ਦੇ ਨਾਮ ਧੋਖੇ ਨਾਲ ਕਰ ਦਿੱਤੀ ਗਈ। ਇਹ ਮਾਮਲਾ ਦਫ਼ਤਰ ਦੇ ਧਿਆਨ ਵਿੱਚ ਆਉਣ 'ਤੇ ਇਸ ਦੀ ਤੁਰੰਤ ਪੜਤਾਲ ਕਰਵਾਈ ਗਈ ਹੈ। ਮੁੱਢਲੀ ਪੜਤਾਲ ਦੌਰਾਨ ਸਾਹਮਣੇ ਆਇਆ ਕਿ ਗੁਰਦੁਆਰਾ ਸਾਹਿਬ ਦੇ ਮੈਨੇਜਰ ਸ. ਰਜਿੰਦਰ ਸਿੰਘ ਵੱਲੋਂ ਅਧਿਕਾਰ ਪ੍ਰਾਪਤ ਕਰਨ ਲਈ ਦਫ਼ਤਰ ਦੇ ਲੈਟਰਪੈਡ ਤੇ ਖੁਦ ਇੱਕ ਜਾਹਲੀ ਚਿੱਠੀ ਤਿਆਰ ਕੀਤੀ ਗਈ ਹੈ, ਜੋ ਇਹ ਖੁਦ ਲਿਖਤੀ ਤੌਰ ਉੱਤੇ ਮੰਨਿਆ ਵੀ ਹੈ।

# ਪਟਿਆਲਾ ਦੀ ਨੇਹਾ ਦੀਵਾਨ ਕਰਕਰਾ ਹਾਇਰ ਜੁਡੀਸ਼ੀਅਲ ਸਰਵਿਸ ਪ੍ਰੀਖਿਆ ਪਾਸ ਕਰ ਕੇ ਬਣੀ ਐਡੀਸ਼ਨਲ ਸੈਸ਼ਨ ਜੱਜ

**ਪਟਿਆਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਇਕ ਸ਼ਾਨਦਾਰ ਉਪਲੱਬਧੀ ਹਾਸਲ ਕਰਦਿਆਂ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਪ੍ਰੈਕਟਿਸ ਕਰ ਰਹੀ ਪਟਿਆਲਾ ਦੀ ਐਡਵੋਕੇਟ ਨੇਹਾ ਦੀਵਾਨ ਕਰਕਰਾ ਨੇ 2025 ਵਿਚ ਪੰਜਾਬ ਅਤੇ ਹਰਿਆਣਾ ਦੋਹਾਂ ਰਾਜਾਂ ਦੀ ਹਾਇਰ ਜੁਡੀਸ਼ੀਅਲ ਸਰਵਿਸ ਪ੍ਰੀਖਿਆ ਪਾਸ ਕਰ ਕੇ ਐਡੀਸ਼ਨਲ ਸੈਸ਼ਨ ਜੱਜ ਬਣ ਗਏ ਹਨ। ਹਾਇਰ ਜੁਡੀਸ਼ੀਅਲ ਸਰਵਿਸ ਪ੍ਰੀਖਿਆ ਵਿਚ ਚੁਣੀ ਜਾਣ ਵਾਲੀ ਇਕੱਲੀ ਮਹਿਲਾ ਵਕੀਲ ਹੈ। ਖ਼ਾਸ ਗੱਲ ਇਹ ਹੈ ਕਿ ਉਸ ਨੇ ਆਪਣੀ ਪਹਿਲੀ ਹੀ ਕੋਸ਼ਿਸ਼ 'ਚ ਇਹ ਵੱਕਾਰੀ ਉੱਚ: ਨਿਆਂਪਾਲਿਕਾ ਪ੍ਰੀਖਿਆ ਕਲੀਅਰ ਕੀਤੀ।

ਹਰਿਆਣਾ ਦੇ ਜ਼ਿਲਾ ਜੀਂਦ ਦੇ ਛੋਟੇ ਸ਼ਹਿਰ ਨਰਵਾਣਾ ਦੀ ਜੰਮਪਲ ਨੇਹਾ ਦੀਵਾਨ ਕਰਕਰਾ ਦੀ ਇਹ ਸਫਲਤਾ ਉਸ ਦੀ ਮਿਹਨਤ, ਅਕਾਦਮਿਕ ਕਾਬਲੀਅਤ ਅਤੇ ਪੇਸ਼ੇਵਰ ਸਮਰਪਣ ਦਾ ਪ੍ਰਮਾਣ ਹੈ।

ਨੇਹਾ ਦੀਵਾਨ ਕਰਕਰਾ ਨੇ ਆਪਣਾ ਕਾਨੂੰਨੀ ਕਰੀਅਰ 2018-19 ਦੌਰਾਨ ਪਟਿਆਲਾ ਬਾਰ ਤੋਂ ਸ਼ੁਰੂ ਕੀਤਾ, ਜਿਥੇ ਉਸ ਨੂੰ ਆਪਣੇ ਸਹੁਰਾ ਸਾਹਿਬ ਅਤੇ ਪਟਿਆਲਾ ਦੇਨਾਮੀ ਐਡਵੋਕੇਟ ਸਤੀਸ਼ ਕਰਕਰਾ ਵੱਲੋਂ ਮਾਰਗਦਰਸ਼ਨ ਅਤੇ ਪ੍ਰੇਰਣਾ ਮਿਲੀ। 2019 ਤੋਂ ਉਹ ਆਪਣੇ ਪਤੀ ਮਯੂਰ ਕਾਰਕਰਾ ਨਾਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ 'ਚ ਪ੍ਰੈਕਟਿਸ ਕਰ ਰਹੀ ਹੈ।

ਸਰਗਰਮ ਕਾਨੂੰਨੀ ਪ੍ਰੈਕਟਿਸ ਦੇ ਨਾਲ-ਨਾਲ ਨੇਹਾ ਦੀਵਾਨ ਕਰਕਰਾ ਅਕਾਦਮਿਕ ਖੇਤਰ 'ਚ ਵੀ ਗਹਿਰਾਈ ਨਾਲ ਜੁੜੀ ਹੋਈ ਹੈ। ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇਕਾਨੂੰਨ ਵਿਭਾਗ 'ਚ ਗੈਸਟ ਫੈਕਲਟੀ ਲੈਕਚਰਾਰ ਵਜੋਂ

ਸੇਵਾਵਾਂ ਨਿਭਾ ਰਹੀ ਹੈ। ਉਹ ਵਿਦਿਆਰਥੀਆਂ ਤੇ ਸਟਾਫ 'ਚ ਇਕ ਸਮਰਪਿਤ ਅਧਿਆਪਿਕਾ ਵਜੋਂ ਜਾਣੀ ਜਾਂਦੀ ਹੈ, ਜਿਸ ਨੇ ਅਦਾਲਤੀ ਵਕਾਲਤ ਅਤੇ ਕਾਨੂੰਨੀ ਸਿੱਖਿਆ 'ਚ ਸੰਤੁਲਨ ਬਣਾ ਕੇ ਰੱਖਿਆ ਹੋਇਆ ਸੀ।

ਆਪਣੀ ਸਫਲਤਾ ਬਾਰੇ ਗੱਲ ਕਰਦਿਆਂ ਨੇਹਾ ਦੀਵਾਨ ਕਰਕਰਾ ਨੇ ਇਸ ਉਪਲੱਬਧੀ ਦਾ ਸਿਹਰਾ ਆਪਣੇ ਪਰਿਵਾਰ ਵੱਲੋਂ ਦਿੱਤੇ ਸਹਿਯੋਗ ਨੂੰ ਦਿੱਤਾ। ਉਸ ਨੇ ਆਪਣੀ ਮਰਹੂਮ ਮਾਤਾ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਅਤੇ ਆਪਣੇ ਮਾਪਿਆਂ, ਆਪਣੇ ਨੰਨੇ ਪੱਤਰ ਯੁਵਪ੍ਰਤਾਪ, ਪਤੀ ਐਡਵੋਕੇਟ ਮਯੂਰ ਕਰਕਰਾ, ਸਹੁਰਾ ਸਾਹਿਬ ਐਡਵੋਕੇਟ ਸਤੀਸ਼ ਕਰਕਰਾ ਅਤੇ ਸੱਸ ਮਾਤਾ ਆਰ. ਡੀ. ਕਰਕਰਾ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਉਸ ਦੀ ਮੁਸ਼ਕਿਲ ਤਿਆਰੀ ਅਤੇ ਪੇਸ਼ੇਵਰ ਯਾਤਰਾ ਦੌਰਾਨ ਹਮੇਸ਼ਾ ਹੌਸਲਾ ਅਤੇ ਭਾਵਨਾਤਮਕ ਸਹਾਰਾ ਦਿੱਤਾ। ਪਟਿਆਲਾ ਤੇ ਚੰਡੀਗੜ੍ਹ ਦੇ ਕਾਨੂੰਨੀ ਵਰਗਾਂ ਵੱਲੋਂ ਉਸ ਦੀ ਇਸ ਉਪਲਬਧੀ ਦੀ ਖੂਬ ਪ੍ਰਸ਼ੰਸਾ ਕੀਤੀ ਜਾ ਰਹੀ ਹੈ।

ਉਹਨਾਂ ਦਾ ਕਹਿਣਾ ਇਹ ਹੈ ਕਿ ਇਹ ਸਫਲਤਾ ਉੱਚ ਨਿਆ ਪਾਲਿਕਾ ਚ ਜਾਣ ਦੀ ਇੱਛਾ ਰੱਖਣ ਵਾਲਿਆਂ ਮਹਿਲਾ ਵਕੀਲਾਂ ਲਈ ਇੱਕ ਪ੍ਰੇਰਣਾਦਾਇਕ ਉਦਾਹਰਣ ਹੈ ਇੱਕ ਛੋਟੇ ਸ਼ਹਿਰ ਤੋਂ ਦੋ ਰਾਜਾਂ ਦੀ ਹਾਇਰ ਜੁਡੀਸ਼ੀਅਲ ਸਰਵਿਸ ਚ ਚੋਣ ਨੇਹਾ ਦੀਵਾਨ ਕਰਕਰਾ ਸਚਮੁੱਚ ਰਹਿਣਾ ਦਾਇਕ ਹੈ ਐਡਵੋਕੇਟ ਸਤੀਸ਼ ਕਰਕਰਾ ਨੇ ਕੀ ਹਾਇਰ ਜੁਡੀਸ਼ਅਲ ਸਰਵਿਸ ਪਾਸ ਕਰਨਾ ਕਰਕਰਾ ਪਰਿਵਾਰ ਦੇ ਹੀ ਨਹੀਂ ਸਗੋਂ ਪੂਰੇ ਪਟਿਆਲਾ ਲਈ ਮਾਣ ਵਾਲੀ ਗੱਲ ਹੈ ਉਨਾਂ ਨੂੰ ਆਪਣੀ ਬੱਚੀ ਤੇ ਮਾਣ ਹੈ।

# ਨਿਵੇਸ਼ ਦੇ ਨਾਂ 'ਤੇ ਵਿਦੇਸ਼ੀ ਦੌਰੇ, ਪੰਜਾਬ ਦੇ ਨੌਜਵਾਨਾਂ ਨਾਲ ਧੋਖਾ: ਮੋਹਿਤ ਮੋਹਿੰਦਰਾ

**➢ ਨਿਵੇਸ਼, ਉਦਯੋਗ ਅਤੇ ਰੋਜ਼ਗਾਰ ਨੂੰ ਲੈ ਕੇ ਯੂਥ ਕਾਂਗਰਸ ਪ੍ਰਧਾਨ ਨੇ ਆਪ ਸਰਕਾਰ ਨੂੰ ਘੇਰਿਆ ➢ ਪੰਜਾਬ ਯੂਥ ਕਾਂਗਰਸ ਪ੍ਰਧਾਨ ਵੱਲੋਂ ਨਿਵੇਸ਼ ਦਾਅਵਿਆਂ 'ਤੇ ਵਾਈਟ ਪੇਪਰ ਜਾਰੀ ਕਰਨ ਦੀ ਮੰਗ- ਮੋਹਿਤ ਮਹਿੰਦਰਾ**

**ਪਟਿਆਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਮਾਨ ਦੇ ਆਉਣ ਵਾਲੇ ਵਿਦੇਸ਼ੀ ਦੌਰੇ ਤੋਂ ਪਹਿਲਾਂ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮੋਹਿੰਦਰਾ ਨੇ ਆਮ ਆਦਮੀ ਪਾਰਟੀ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਨਿਵੇਸ਼ ਦੇ ਨਾਮ 'ਤੇ ਕੀਤੇ ਜਾ ਰਹੇ ਵਿਦੇਸ਼ੀ ਦੌਰੇ ਸਿਰਫ਼ ਕਥਿਤ ਨਿਵੇਸ਼ਾਂ ਤੱਕ ਹੀ ਸੀਮਿਤ ਰਹੇ ਹਨ, ਜਦਕਿ ਜ਼ਮੀਨੀ ਪੱਧਰ 'ਤੇ ਕੋਈ ਠੋਸ ਨਤੀਜਾ ਸਾਹਮਣੇ ਨਹੀਂ ਆਇਆ।

ਮੋਹਿਤ ਮੋਹਿੰਦਰਾ ਨੇ ਕਿਹਾ ਕਿ ਚਾਰ ਸਾਲਾਂ ਦੇ ਕਾਰਜਕਾਲ ਦੇ ਬਾਵਜੂਦ ਆਪ ਸਰਕਾਰ ਪੰਜਾਬ ਵਿੱਚ ਨਾ ਤਾਂ ਨਵੇਂ ਉਦਯੋਗ ਲਿਆ ਸਕੀ ਹੈ ਅਤੇ ਨਾ ਹੀ ਨੌਜਵਾਨਾਂ ਨੂੰ ਰੋਜ਼ਗਾਰ ਦੇ ਸਕੀ ਹੈ। ਹੁਣ ਸਰਕਾਰ ਆਪਣੇ ਕਾਰਜਕਾਲ ਦੇ ਅਖੀਰ 'ਚ ਵਿਦੇਸ਼ੀ ਦੌਰਿਆਂ ਰਾਹੀਂ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਉਨ੍ਹਾਂ ਮੁੱਖ ਮੰਤਰੀ ਅਤੇ ਆਪ ਸਰਕਾਰ ਸਾਹਮਣੇ ਸਵਾਲ ਚੁੱਕਦਿਆਂ ਕਿਹਾ ਕਿ ਪਿਛਲੇ ਚਾਰ ਸਾਲਾਂ ਦੌਰਾਨ ਸਰਕਾਰ ਨੇ ਨਿਵੇਸ਼ ਲਈ ਕੀ ਕੀਤਾ? ਜੇ ਸਰਕਾਰ ਗੰਭੀਰ ਸੀ ਤਾਂ ਨਿਵੇਸ਼ ਦੀ ਗੱਲ ਕਰਨ ਲਈ ਇੰਨਾ ਦੇਰ ਕਿਉਂ ਕੀਤੀ ਗਈ। ਉਨ੍ਹਾਂ ਕਿਹਾ ਕਿ ਦੁਨੀਆ ਦੇ ਸਭ ਤੋਂ ਵੱਡੇ ਨਿਵੇਸ਼ ਸੰਮੇਲਨ 'ਦਾਵੋਸ' ਵਿੱਚ ਪੰਜਾਬ ਦੀ ਨੁਮਾਇੰਦਗੀ ਕਿਉਂ ਨਹੀਂ ਕੀਤੀ ਗਈ।



ਯੂਥ ਕਾਂਗਰਸ ਪ੍ਰਧਾਨ ਨੇ ਮੁੱਖ ਮੰਤਰੀ ਦੇ ਜਪਾਨ ਦੌਰੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਸ ਦੌਰੇ ਤੋਂ ਬਾਅਦ ਜ਼ਮੀਨ 'ਤੇ ਕੀ ਬਦਲਿਆ? ਕਿੰਨੇ ਨਵੇਂ ਉਦਯੋਗ ਲੱਗੇ, ਕਿੰਨੀਆਂ ਫੈਕਟਰੀਆਂ ਸ਼ੁਰੂ ਹੋਈਆਂ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਕਿੰਨੀਆਂ ਨੌਕਰੀਆਂ ਮਿਲੀਆਂ—ਸਰਕਾਰ ਇਸਦਾ ਜਵਾਬ ਦੇਵੇ।

ਮੋਹਿਤ ਮੋਹਿੰਦਰਾ ਨੇ ਦੋਸ਼ ਲਗਾਇਆ ਕਿ ਇਹ ਵਿਦੇਸ਼ੀ ਦੌਰੇ ਸਰਕਾਰੀ ਪੈਸੇ ਨਾਲ ਕੀਤੇ ਗਏ ਸਿਰਫ਼ ਸੈਰ-ਸਪਾਟੇ ਸਾਬਤ ਹੋਏ ਹਨ, ਜਿਨ੍ਹਾਂ ਦੀ ਕੋਈ ਜਵਾਬਦੇਹੀ ਨਹੀਂ ਲਈ ਜਾ ਰਹੀ।

ਉਨ੍ਹਾਂ ਮੰਗ ਕੀਤੀ ਕਿ ਆਪ ਸਰਕਾਰ ਹੁਣ ਤੱਕ ਦੇ ਸਾਰੇ ਵਿਦੇਸ਼ੀ ਦੌਰਿਆਂ ਤੋਂ ਬਾਅਦ ਦਾਅਵਾ ਕੀਤੇ ਨਿਵੇਸ਼ਾਂ ਬਾਰੇ ਤੁਰੰਤ ਵਾਈਟ ਪੇਪਰ ਜਾਰੀ ਕਰੇ ਅਤੇ ਲੋਕਾਂ ਨੂੰ ਹਕੀਕਤ ਤੋਂ ਵਾਕਿਫ਼ ਕਰਾਏ।

ਅੰਤ 'ਚ ਮੋਹਿਤ ਮੋਹਿੰਦਰਾ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਨਾਅਰਿਆਂ ਜਾਂ ਵਿਦੇਸ਼ੀ ਫੋਟੋਆਂ ਦੀ ਨਹੀਂ, ਸਗੋਂ ਰੋਜ਼ਗਾਰ, ਉਦਯੋਗ ਅਤੇ ਸੂਬੇ ਲਈ ਇੱਕ ਠੋਸ ਤੇ ਭਰੋਸੇਯੋਗ ਭਵਿੱਖੀ ਯੋਜਨਾ ਦੀ ਲੋੜ ਹੈ।

# ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਵੱਲੋਂ ਵਾਹਨਾਂ 'ਤੇ ਰਿਫਲੈਕਟਰ ਲਗਾ ਕੇ ਲੋਕਾਂ ਨੂੰ ਟਰੈਫਿਕ ਨਿਯਮਾਂ ਪ੍ਰਤੀ ਕੀਤਾ ਜਾਗਰੂਕ

**ਸੜਕ ਸੁਰੱਖਿਆ ਜਾਗਰੂਕਤਾ ਮੁਹਿੰਮ ਲਗਾਤਾਰ ਜਾਰੀ ਰਹੇਗੀ: ਮੇਅਰ ਕੁੰਦਨ ਗੋਗੀਆ**



**ਪਟਿਆਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਵਿੱਚ ਸੜਕ ਹਾਦਸਿਆਂ 'ਚ ਕਮੀ ਲਿਆਉਣ ਅਤੇ ਲੋਕਾਂ ਨੂੰ ਟਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਪਟਿਆਲਾ ਵੱਲੋਂ ਲਗਾਤਾਰ ਸੜਕ ਸੁਰੱਖਿਆ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ । ਇਸ ਦੀ ਜਾਣਕਾਰੀ ਅੱਜ ਪਟਿਆਲਾ ਸ਼ਹਿਰ ਦੇ ਮੇਅਰ ਕੁੰਦਨ ਗੋਗੀਆ ਨੇ ਸਰਹੰਦੀ ਗੇਟ ਨੇੜੇ ਆਪਣੇ ਦਫ਼ਤਰ ਅੱਗੇ ਟੈਂਪੂ ਟਰਾਲੀਆਂ ਅਤੇ ਹੋਰ ਵੱਖ-ਵੱਖ ਵਾਹਨਾਂ 'ਤੇ ਰਿਫਲੈਕਟਰ ਲਗਾਉਣ ਦੀ ਮੁਹਿੰਮ ਦੌਰਾਨ ਦਿੱਤੀ।

ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਵੱਲੋਂ 26 ਜਨਵਰੀ ਤੋਂ ਸੜਕ ਸੁਰੱਖਿਆ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਸੀ, ਜੋ ਕਿ ਹੁਣ ਵੀ ਉਪਕਾਰ ਸਿੰਘ ਦੀ ਅਗਵਾਈ ਹੇਠ ਲਗਾਤਾਰ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਸਕੂਲਾਂ ਵਿੱਚ ਸੜਕ ਸੁਰੱਖਿਆ ਕਲੱਬ ਬਣਾਉਣ ਦੀ ਸ਼ੁਰੂਆਤ ਹੋ ਚੁੱਕੀ ਹੈ, ਜਿਨ੍ਹਾਂ ਰਾਹੀਂ ਵਿਦਿਆਰਥੀਆਂ ਨੂੰ ਛੋਟੀ ਉਮਰ ਤੋਂ ਹੀ ਟਰੈਫਿਕ ਨਿਯਮਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ।

ਮੇਅਰ ਨੇ ਕਿਹਾ ਕਿ ਪੋਸਟਰ ਮੁਕਾਬਲੇ, ਵਰਕਸ਼ਾਪਾਂ ਅਤੇ ਜਾਗਰੂਕਤਾ ਪ੍ਰੋਗਰਾਮਾਂ ਰਾਹੀਂ ਆਮ ਲੋਕਾਂ ਨੂੰ ਸੜਕ ਸੁਰੱਖਿਆ ਸੰਬੰਧੀ ਨਿਯਮਾਂ ਬਾਰੇ ਸਮਝਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਸੜਕ ਹਾਦਸੇ ਵਾਹਨਾਂ 'ਤੇ ਰਿਫਲੈਕਟਰ ਨਾ ਲੱਗੇ ਹੋਣ ਕਾਰਨ ਵਾਪਰਦੇ ਹਨ, ਖ਼ਾਸ ਕਰਕੇ ਰਾਤ ਦੇ ਸਮੇਂ ਇਹ ਵੱਡਾ ਕਾਰਨ ਬਣਦਾ ਹੈ।

ਮੇਅਰ ਨੇ ਦੱਸਿਆ ਕਿ ਸੜਕ ਹਾਦਸਿਆਂ ਦਾ ਮੁੱਖ ਕਾਰਨ ਸਾਡੀ ਆਪਣੀ ਅਣਗਹਿਲੀ ਹੁੰਦੀ ਹੈ ਅਤੇ ਜੇਕਰ ਹਰ ਨਾਗਰਿਕ ਟਰੈਫਿਕ ਨਿਯਮਾਂ ਦੀ ਪਾਲਣਾ ਕਰੇ ਤਾਂ ਬਹੁਤ ਸਾਰੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਉਨ੍ਹਾਂ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਵੱਲੋਂ ਸਮੇਂ-ਸਮੇਂ 'ਤੇ ਕੀਤੇ ਜਾਂਦੇ ਸਮਾਜ ਸੇਵਾ ਦੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਮੁਹਿੰਮਾਂ ਸਮਾਜ ਲਈ ਬਹੁਤ ਲਾਭਕਾਰੀ ਹਨ।

ਇਸ ਮੌਕੇ ਰਜਿੰਦਰ ਮੋਹਨ ਮੈਂਬਰ ਖੱਤਰੀ ਅਰੋੜਾ ਭਲਾਈ ਬੋਰਡ, ਲੱਕੀ ਰਹਿਲ, ਮਿੱਡਾ ਜੀ, ਇੰਦਰਜੀਤ ਸਿੰਘ ਅਤੇ ਰਾਜ ਕੁਮਾਰ ਵੱਲੋਂ ਵੀ ਮੌਕੇ ਤੇ ਮੌਜੂਦ ਰਹੇ ।

# ਗੁਰਦੁਆਰਾ ਡੇਰਾ ਸ੍ਰੀ ਗੁਰੂ ਰਵਿਦਾਸ ਬੌੜਾਂ ਗੇਟ ਨਾਭਾ ਵਿਖੇ ਮਨਾਇਆ ਪ੍ਰਕਾਸ਼ ਪੁਰਬ



**ਸਮਾਣਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਰਵਿਦਾਸ ਸੇਵਾ ਸੋਸਾਇਟੀ ਨਾਭਾ ਦੀ ਅਗਵਾਈ ਹੇਠ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਨੂੰ ਹਰ ਸਾਲ ਦੀ ਤਰ੍ਹਾਂ ਡੇਰਾ ਸ੍ਰੀ ਗੁਰੂ ਰਵਿਦਾਸ ਬੌੜਾਂ ਗੇਟ ਨਾਭਾ ਵਿਖੇ ਸ਼ਰਧਾ ਪੂਰਵਕ ਮਨਾਇਆ ਗਿਆ। ਸਵੇਰੇ 9 ਵਜੇ ਤੋਂ 3 ਵਜੇ ਤੱਕ ਮਾਨਵ ਸੇਵਾ ਉੱਤਮ ਸੇਵਾ ਸੋਸਾਇਟੀ (ਰਜਿ:) ਨਾਭਾ ਦੇ ਸਹਿਯੋਗ ਨਾਲ ਖੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਸਿਵਲ ਹਸਪਤਾਲ ਨਾਭਾ ਦੇ ਐਸ.ਐਮ.ਓ.ਸ੍ਰੀਮਤੀ ਵੀਨੂੰ ਗੋਇਲ ਵਿਸ਼ੇਸ਼ ਤੌਰ ਤੇ ਪਹੁੰਚੇ। ਖੂਨਦਾਨ ਕੈਂਪ ਵਿੱਚ 40 ਵਲੰਟੀਅਰਾਂ ਨੇ 40 ਯੂਨਿਟ ਖੂਨਦਾਨ ਕੀਤਾ। ਰਾਤ 8:30 ਵਜੇ ਤੋਂ 10 ਵਜੇ ਤੱਕ ਬਾਬਾ ਮਨਪ੍ਰੀਤ ਸਿੰਘ ਅਲੀਪੁਰ ਖਾਲਸਾ ਵਾਲਿਆਂ ਨੇ ਕੀਰਤਨ ਦਰਬਾਰ ਸਜਾਏ, ਜਿਸ ਵਿੱਚ ਸੰਤ ਬਾਬਾ ਰਣਜੀਤ ਸਿੰਘ (ਤਪਾ ਦਰਾਜ ਮੋਹਾਲੀ ਵਾਲਿਆਂ) ਨੇ ਵੀ ਹਾਜ਼ਰੀ ਲਵਾਈ। 1 ਫਰਵਰੀ 2026 ਨੂੰ ਸਵੇਰੇ 8:30 ਵਜੇ ਸ੍ਰੀ ਆਖੰਡਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਬਾਬਾ ਹਰਪਾਲ ਸਿੰਘ ਭੇਜੋਵਾਲੀ ਅਤੇ ਗਿਆਨੀ ਰਾਜਿੰਦਰਪਾਲ ਸਿੰਘ ਜੀ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਮੂਹ ਪ੍ਰਚਾਰਕਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਸੇਵਾ ਸੋਸਾਇਟੀ (ਰਜਿ:) ਨਾਭਾ ਵੱਲੋਂ ਕੀਤੇ ਜਾ ਰਹੇ ਲੋਕ ਭਲਾਈ ਹਿੱਤ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਸ੍ਰੀ ਗੁਰੂ ਰਵਿਦਾਸ ਜੀ ਦੇ ਕਾਰਵੇ ਨੂੰ ਅੱਗੇ ਵਧਾਉਣ ਲਈ ਸੰਗਤਾਂ ਨੂੰ ਪ੍ਰੇਰਿਤ ਕੀਤਾ।

ਇਸ ਪ੍ਰੋਗਰਾਮ ਦੌਰਾਨ ਵਿਸ਼ੇਸ਼ ਸਖਸ਼ੀਅਤਾਂ – ਸ. ਚਰਨ ਸਿੰਘ ਐਮ.ਡੀ. ਮਲਕੀਤ ਕੰਬਾਇਨ, ਅਮਿਤ ਰਾਠੀ ਜਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਜੱਸੀ ਸੋਹੀਆਂਵਾਲਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਨਾਭਾ, ਵਰਿੰਦਰ ਕੁਮਾਰ ਬਿੱਟੂ ਬੀ.ਜੇ.ਪੀ. ਆਗੂ, ਸ੍ਰੀ ਚੰਦੇਸ਼ਵਰ ਮੋਹੀ ਕਾਂਗਰਸੀ ਆਗੂ, ਤੇਜਿੰਦਰ ਮਹਿਤਾ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਪਟਿਆਲਾ, ਅਮਰਦੀਪ ਖੰਨਾ ਸਾਬਕਾ ਚੇਅਰਮੈਨ, ਐਡਵੋਕੇਟ ਇਕਬਾਲਦੀਪ ਸਿੰਘ ਬਧੇਸਾ, ਕਰਨਵੀਰ ਸਿੰਘ ਸਾਹਨੀ ਜਿਲ੍ਹਾ ਪ੍ਰਧਾਨ ਯੂਥ ਅਕਾਲੀ ਦਲ, ਬਲਾਕ ਸੰਮਤੀ ਮੈਂਬਰ ਮਨਪ੍ਰੀਤ ਸਿੰਘ ਮੈਨੂੰ, ਸੋਨੀ ਪਨੇਸਰ, ਜਗਦੀਸ ਸਿੰਘ, ਗੁਰਤੇਜ ਬੂਹੀ, ਗੋਪੀ ਕੋਲ, ਸੁਰਜੀਤ ਸਿੰਘ ਰੱਖੜਾ ਸਾਬਕਾ ਮੰਤਰੀ, ਜਸਪਾਲ ਸਿੰਘ ਕਲਿਆਣ, ਪ੍ਰਿੰਸ ਤੂੰਗ, ਮੱਖਣ ਸਿੰਘ ਲਾਲਕਾ, ਧਰਮਿੰਦਰ ਸਿੰਘ ਭੋਜੋਮਾਜਰੀ, ਐਮ.ਐਲ.ਏ. ਗੁਰਦੇਵ ਸਿੰਘ ਦੇਵ ਮਾਨ ਨੇ ਵੀ ਹਾਜ਼ਰੀ ਲਵਾਈ। ਲੰਗਰ ਸੇਵਾਦਾਰਾਂ, ਟ੍ਰੈਫਿਕ ਸੇਵਾਦਾਰਾਂ, ਪ੍ਰਭਾਤਫੇਰੀ ਮੰਡਲੀ, ਸਮੂਹ ਸੋਸਾਇਟੀ ਮੈਂਬਰਾਂ ਨੇ ਤਿੰਨ ਦਿਨ ਆਪਣੀਆਂ ਡਿਊਟੀਆਂ ਬਾਖੂਬੀ ਨਿਭਾਈਆਂ। ਸਟੇਜ ਦੀ ਡਿਊਟੀ ਸ. ਦਲਵੀਰ ਸਿੰਘ ਨੇ ਬਾਖੂਬੀ ਨਿਭਾਈ।

# ਸ਼ਹਿਰ ਦੇ ਵੱਖ-ਵੱਖ ਸਥਾਨਾਂ 'ਤੇ ਸ਼ਰਧਾ ਨਾਲ ਮਨਾਇਆ ਸੰਤ ਸ਼੍ਰੀ ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ : ਮੇਅਰ



**ਪਟਿਆਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਸ਼ਹਿਰ ਪਟਿਆਲਾ ਵਿੱਚ ਸੰਤ ਸ਼੍ਰੀ ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ ਬਹੁਤ ਹੀ ਸ਼ਰਧਾ, ਉਤਸ਼ਾਹ ਅਤੇ ਧਾਰਮਿਕ ਭਾਵਨਾਵਾਂ ਨਾਲ ਮਨਾਇਆ ਗਿਆ। ਇਸ ਮੌਕੇ ਸ਼ਹਿਰ ਦੇ ਵੱਖ-ਵੱਖ ਸਥਾਨਾਂ, ਧਾਰਮਿਕ ਅਸਥਾਨਾਂ ਅਤੇ ਸਮਾਗਮਾਂ ਵਿੱਚ ਵਿਸ਼ੇਸ਼ ਪ੍ਰਾਰਥਨਾਵਾਂ, ਸ਼ਬਦ ਕੀਰਤਨ ਅਤੇ ਲੰਗਰਾਂ ਦਾ ਪ੍ਰਬੰਧ ਵੀ ਕੀਤਾ ਗਿਆ। ਨਗਰ ਨਿਗਮ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਵੀ ਵੱਖ-ਵੱਖ ਥਾਵਾਂ 'ਤੇ ਵਿਸ਼ੇਸ਼ ਤੌਰ ਤੇ ਪੁੱਜ ਕੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਚਰਨਾਂ ਵਿੱਚ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਦੇ ਨਾਲ ਹੋਰ ਕਈ ਪਾਰਟੀ ਆਗੂ ਅਤੇ ਵਲੰਟੀਅਰ ਮੌਜੂਦ ਰਹੇ। ਇਸ ਮੌਕੇ ਕਈ ਮਾਣਯੋਗ ਸ਼ਖਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ ।

ਸਮਾਗਮਾਂ ਦੌਰਾਨ ਮੇਅਰ ਕੁੰਦਨ ਗੋਗੀਆ ਨੇ ਗੱਲਬਾਤ ਦੌਰਾਨ ਕਿਹਾ ਕਿ ਸ਼੍ਰੀ ਗੁਰੂ ਰਵਿਦਾਸ ਜੀ ਇੱਕ ਮਹਾਨ ਸੰਤ ਅਤੇ ਸਮਾਜ ਸੁਧਾਰਕ ਸਨ, ਜਿਨ੍ਹਾਂ ਨੇ ਆਪਣੀ ਬਾਣੀ ਰਾਹੀਂ ਸਮਾਜ ਨੂੰ ਸਚਾਈ, ਬਰਾਬਰੀ ਅਤੇ ਮਨੁੱਖਤਾ ਦਾ ਰਸਤਾ ਵਿਖਾਇਆ।

ਮੇਅਰ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਨੇ ਜਾਤ-ਪਾਤ, ਉੱਚ-ਨੀਚ ਅਤੇ ਭੇਦਭਾਵ ਦੇ ਖਿਲਾਫ਼ ਆਵਾਜ਼ ਬੁਲੰਦ ਕਰਕੇ ਇੱਕ ਐਸੇ ਸਮਾਜ ਦੀ ਕਲਪਨਾ ਕੀਤੀ ਜਿੱਥੇ ਹਰ ਵਿਅਕਤੀ ਆਜ਼ਾਦੀ ਅਤੇ ਆਦਰ ਨਾਲ ਜੀ ਸਕੇ।

ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਸੰਤ ਰਵਿਦਾਸ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਉਨ੍ਹਾਂ ਦੀ ਸਿੱਖਿਆ ਸਰਵਉੱਤਮ ਅਤੇ ਮਨੁੱਖਤਾ ਲਈ ਸਮਰਪਿਤ ਹੈ। ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਜੀ ਨੇ ਸਾਰਿਆਂ ਨੂੰ ਪਿਆਰ, ਸਾਂਝ ਅਤੇ ਆਪਸੀ ਬਰਾਬਰੀ ਦਾ ਸੰਦੇਸ਼ ਦਿੱਤਾ।

ਸ਼ਹਿਰ ਦੇ ਵੱਖ-ਵੱਖ ਸਥਾਨਾਂ 'ਤੇ ਹੋਏ ਸਮਾਗਮਾਂ ਦੌਰਾਨ ਮੇਅਰ ਨੇ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਸਾਨੂੰ ਆਪਣੀ ਸੰਸਕ੍ਰਿਤੀ, ਵਿਰਾਸਤ ਅਤੇ ਨੈਤਿਕ ਮੁੱਲਾਂ ਨਾਲ ਜੋੜਦੇ ਹਨ।

ਉਨ੍ਹਾਂ ਕਿਹਾ ਕਿ ਸਾਨੂੰ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਣਾ ਲੈ ਕੇ ਨਸ਼ਿਆਂ, ਹਿੰਸਾ ਅਤੇ ਅਣ-ਸਮਾਜਿਕ ਗਤੀਵਿਧੀਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ, ਮਿਹਨਤ ਅਤੇ ਨੈਤਿਕਤਾ ਹੀ ਸਮਾਜ ਨੂੰ ਅੱਗੇ ਵਧਾਉਂਦੀਆਂ ਹਨ।

ਅੰਤ ਵਿੱਚ ਮੇਅਰ ਨੇ ਕਿਹਾ ਕਿ ਸਾਨੂੰ ਸਭ ਨੂੰ ਮਿਲਜੁਲ ਕੇ ਇੱਕ ਐਸਾ ਪਟਿਆਲਾ ਬਣਾਉਣਾ ਹੈ ਜਿੱਥੇ ਭਾਈਚਾਰਕ ਸਾਂਝ, ਆਪਸੀ ਪਿਆਰ ਅਤੇ ਸਮਾਜਿਕ ਸਦਭਾਵਨਾ ਹੋਵੇ।

ਉਨ੍ਹਾਂ ਸ਼ਹਿਰ ਵਾਸੀਆਂ ਨੂੰ ਸ਼੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਆਓ, ਅਸੀਂ ਗੁਰੂ ਰਵਿਦਾਸ ਜੀ ਦੇ ਦਿਖਾਏ ਰਾਹ 'ਤੇ ਚੱਲ ਕੇ ਇੱਕ ਸਮਾਨ, ਨਿਆਂਪੂਰਨ ਅਤੇ ਖੁਸ਼ਹਾਲ ਸਮਾਜ ਦੀ ਸਿਰਜਣਾ ਕਰੀਏ।

# ਹਰਦੀਪ ਸਿੰਘ ਮੁੰਡੀਆਂ ਵੱਲੋਂ ਵੱਖ-ਵੱਖ ਯੂਨੀਅਨਾਂ ਨਾਲ ਮੀਟਿੰਗ, ਜਾਇਜ਼ ਮੰਗਾਂ ਪੂਰੀਆਂ ਕਰਨ ਦਾ ਦਿੱਤਾ ਭਰੋਸਾ




**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮਾਲ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਅੱਜ ਵੱਖ-ਵੱਖ ਯੂਨੀਅਨਾਂ ਨਾਲ ਮੈਰਾਥਨ ਮੀਟਿੰਗਾਂ ਕੀਤੀਆਂ। ਇੱਥੇ ਪੰਜਾਬ ਭਵਨ ਵਿਖੇ ਰੈਵੇਨਿਊ ਪਟਵਾਰ ਯੂਨੀਅਨ, ਕਾਨੂੰਨਗੋ ਯੂਨੀਅਨ, ਸਾਂਝਾ ਮੁਲਾਜ਼ਮ ਮੰਚ ਪੁੱਡਾ ਅਤੇ ਆਲ ਇੰਡੀਆ ਅਤਿਵਾਦ ਪੀੜਤ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਵੱਖੋ-ਵੱਖ ਮੀਟਿੰਗਾਂ ਦੌਰਾਨ ਕੈਬਨਿਟ ਮੰਤਰੀ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਹਰ ਜਾਇਜ਼ ਮੰਗ ਨੂੰ ਤਰਜੀਹੀ ਆਧਾਰ 'ਤੇ ਪੂਰਾ ਕੀਤਾ ਜਾਵੇਗਾ।

ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹਰੇਕ ਵਰਗ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਮਾਲ ਮੰਤਰੀ ਨੇ ਵੱਖ-ਵੱਖ ਐਸੋਸੀਏਸ਼ਨਾਂ ਤੇ ਯੂਨੀਅਨਾਂ ਵੱਲੋਂ ਰੱਖੀਆਂ ਮੰਗਾਂ ਧਿਆਨ ਨਾਲ ਸੁਣੀਆਂ।

ਉਨ੍ਹਾਂ ਦੱਸਿਆ ਕਿ ਜਿਹੜੀਆਂ ਮੰਗਾਂ ਵਿਭਾਗੀ ਪੱਧਰ 'ਤੇ ਹੱਲ ਹੋ ਸਕਦੀਆਂ ਹਨ, ਉਨ੍ਹਾਂ ਨੂੰ ਤਰਜੀਹੀ ਆਧਾਰ 'ਤੇ ਜਲਦੀ ਨਿਪਟਾਇਆ ਜਾਵੇਗਾ, ਜਦਕਿ ਜਿਹੜੀਆਂ ਮੰਗਾਂ ਮੁੱਖ ਮੰਤਰੀ ਜਾਂ ਵਿੱਤ ਵਿਭਾਗ ਦੇ ਪੱਧਰ 'ਤੇ ਹੱਲ ਹੋਣਗੀਆਂ, ਉਨ੍ਹਾਂ ਨੂੰ ਪੂਰਾ ਕਰਨ ਲਈ ਜਲਦ ਹੀ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਨਾਲ ਮੀਟਿੰਗ ਕੀਤੀ ਜਾਵੇਗੀ।

ਮਾਲ ਮੰਤਰੀ ਨੇ ਪਟਵਾਰੀ ਅਤੇ ਕਾਨੂੰਨਗੋ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਆਪਣੀ ਡਿਊਟੀ ਨਿਭਾਉਂਦਿਆਂ ਵਧੀਆ ਕਾਰਗੁਜ਼ਾਰੀ ਦਿਖਾਉਣ ਪਟਵਾਰੀਆਂ ਅਤੇ ਕਾਨੂੰਨਗੋਆਂ ਨੂੰ ਸਰਕਾਰ ਵੱਲੋਂ ਸਨਮਾਨਿਤ ਅਤੇ ਪ੍ਰੋਤਸਾਹਿਤ ਕੀਤਾ ਜਾਵੇਗਾ। ਉਨ੍ਹਾਂ ਸਾਰੇ ਮੁਲਾਜ਼ਮਾਂ ਨੂੰ ਆਪਣਾ ਕੰਮ ਪੂਰੀ ਤਨਦੇਹੀ, ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਕਰਨ ਦੀ ਅਪੀਲ ਕੀਤੀ।

ਇਸ ਤੋਂ ਇਲਾਵਾ ਸਾਂਝਾ ਮੁਲਾਜ਼ਮ ਮੰਚ, ਪੁੱਡਾ ਮੋਹਾਲੀ ਦੇ ਸੇਵਾ-ਮੁਕਤ ਮੁਲਾਜ਼ਮਾਂ ਦੀਆਂ ਮੰਗਾਂ 'ਤੇ ਗੰਭੀਰਤਾ ਨਾਲ ਵਿਚਾਰ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਇਨ੍ਹਾਂ ਮੁਲਾਜ਼ਮਾਂ ਨੂੰ ਪੈਨਸ਼ਨ ਸਕੀਮ ਦਾ ਲਾਭ ਦੇਣ ਸਬੰਧੀ ਮਾਮਲਾ ਜਲਦ ਹੀ ਮੁੱਖ ਮੰਤਰੀ ਕੋਲ ਪ੍ਰਭਾਵਸ਼ਾਲੀ ਢੰਗ ਨਾਲ ਉਠਾਇਆ ਜਾਵੇਗਾ।

# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਤੇ ਰਾਕੇਸ਼ ਬੱਗਾ ਵੱਲੋਂ ਸ਼ੁਭਕਾਮਨਾਵਾਂ



**ਸਨੌਰ,5 ਫਰਵਰੀ/ਜਗਜੀਤ ਜੱਗੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਦੇ ਸ਼ੁੱਭ ਅਵਸਰ ਤੇ ਸੇਵਾਦਾਰ ਰਾਕੇਸ਼ ਬੱਗਾ ( ਬਹਾਦਰਗੜ ) ਨੇ ਹਲਕਾ ਸਨੌਰ ਦੇ ਪਿੰਡ ਮੁੱਖਮੇਲਪੁਰ, ਵਾਲਿਆਂ, ਭਾਂਖਰ, ਕਰਨਪੁਰ, ਚ ਧਾਰਮਿਕ ਸਮਾਗਮਾਂ ਚ ਵਿਸ਼ੇਸ ਤੌਰ ਤੇ ਨਮਸਤਕ ਹੋ ਕੇ ਸਭ ਸੰਗਤਾਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਪਿੰਡ ਭਾਂਖਰ ਵਿਖੇ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਲਈ ਸੇਵਾਦਾਰ ਰਾਕੇਸ਼ ਬੱਗਾ ( ਬਹਾਦਰਗੜ ) ਨੇ 20 ਹਜ਼ਾਰ ਦੀ ਸੇਵਾ ਕੀਤੀ। ਇਸ ਸ਼ੁੱਭ ਅਵਸਰ ਤੇ ਸੇਵਾਦਾਰ ਰਾਕੇਸ਼ ਬੱਗਾ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਦਾ ਦਰਸ਼ਨ -ਵਿਚਾਰ ਸਮਾਜਿਕ ਏਕਤਾ ਨੂੰ ਮਜ਼ਬੂਤ ਕਰਦਾ ਹੈ ਅਤੇ ਹਰ ਵਰਗ ਨੂੰ ਸਨਮਾਨ ਨਾਲ ਜਿਉਣ ਦੀ ਪ੍ਰੇਰਨਾ ਦਿੰਦਾ ਹੈ। ਸਾਨੂੰ ਮਿਲਜੁਲ ਕੇ ਨਫ਼ਰਤ ਅਤੇ ਭੇਦਭਾਵ ਤੋਂ ਉੱਪਰ ਉੱਠ ਕੇ ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰਨਾ ਹੋਵੇਗਾ। ਸਮੂੰਹ ਪਿੰਡਾ ਚ ਸ੍ਰੀ ਗੁਰੂ ਰਵਿਦਾਸ ਕਮੇਟੀਆਂ ਵੱਲੋਂ ਸੇਵਾਦਾਰ ਰਾਕੇਸ਼ ਬੱਗਾ ( ਬਹਾਦਰਗੜ ) ਦਾ ਸਿਰੋਪਾਓ ਸਾਹਿਬ ਦੇ ਕੇ ਵਿਸ਼ੇਸ ਸਨਮਾਨ ਕੀਤਾ ਗਿਆ।

# ਪੰਜਾਬੀ ਯੂਨੀਵਰਸਿਟੀ 'ਚ ਨਵਾਂ ਵਿਵਾਦ: ਪ੍ਰਮੋਸ਼ਨ ਲਈ ਰਿਸਰਚ ਪੇਪਰਾਂ ਦੀ 'ਪਲੇਜਰਿਜ਼ਮ' ਜਾਂਚ

**ਪਟਿਆਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਅਧਿਆਪਕ ਜਥੇਬੰਦੀ 'ਪੂਟਾ' ਅਤੇ ਯੂਨੀਵਰਸਿਟੀ ਪ੍ਰਸ਼ਾਸਨ ਵਿਚਾਲੇ ਤਰੱਕੀਆਂ ਨੂੰ ਲੈ ਕੇ ਟਕਰਾਅ ਪੈਦਾ ਹੋ ਗਿਆ ਹੈ। ਪੂਟਾ ਨੇ ਯੂਨੀਵਰਸਿਟੀ ਦੇ ਉਸ ਫ਼ੈਸਲੇ ਦਾ ਸਖ਼ਤ ਵਿਰੋਧ ਕੀਤਾ ਹੈ, ਜਿਸ ਤਹਿਤ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਤਰੱਕੀ ਲੈਣ ਵਾਲੇ ਅਧਿਆਪਕਾਂ ਦੇ ਪਹਿਲਾਂ ਤੋਂ ਪ੍ਰਕਾਸ਼ਿਤ ਖੋਜ ਪੱਤਰਾਂ ਦੀ 'ਪਲੇਜਰਿਜ਼ਮ' (ਨਕਲ) ਜਾਂਚ ਕਰਵਾਉਣ ਦੀ ਸ਼ਰਤ ਰੱਖੀ ਗਈ ਹੈ।

ਵਾਈਸ-ਚਾਂਸਲਰ ਡਾ. ਜਗਦੀਪ ਸਿੰਘ ਨੂੰ ਸੌਂਪੇ ਮੈਮੋਰੰਡਮ ਵਿੱਚ ਪੂਟਾ ਪ੍ਰਧਾਨ ਭੁਪਿੰਦਰ ਸਿੰਘ ਵਿਰਕ ਅਤੇ ਸਕੱਤਰ ਚਰਨਜੀਵ ਸਿੰਘ ਨੇ ਇਸ ਨੂੰ ਯੂ.ਜੀ.ਸੀ. ਨਿਯਮਾਂ ਦੀ ਉਲੰਘਣਾ ਅਤੇ ਅਧਿਆਪਕਾਂ ਦੇ ਹੱਕਾਂ 'ਤੇ ਡਾਕਾ ਕਰਾਰ ਦਿੱਤਾ ਹੈ। ਪੂਟਾ ਦਾ ਤਰਕ ਹੈ ਕਿ ਯੂ.ਜੀ.ਸੀ. ਦੇ 2018 ਦੇ ਨਿਯਮਾਂ ਅਨੁਸਾਰ, ਕਿਸੇ ਵੀ ਖੋਜ ਪੱਤਰ ਦੀ ਜਾਂਚ ਉਸ ਦੇ ਜਮ੍ਹਾਂ ਕਰਵਾਉਣ ਵੇਲੇ ਹੁੰਦੀ ਹੈ, ਨਾ ਕਿ ਸਾਲਾਂ ਬਾਅਦ ਤਰੱਕੀ ਦੇ ਸਮੇਂ। ਜਥੇਬੰਦੀ ਨੇ ਦੋਸ਼ ਲਾਇਆ ਕਿ ਯੂਨੀਵਰਸਿਟੀ ਪ੍ਰਸ਼ਾਸਨ ਬਿਨਾਂ ਕਿਸੇ ਕਾਨੂੰਨੀ ਆਧਾਰ ਦੇ ਅਜਿਹੇ ਨਿਯਮ ਥੋਪ ਰਿਹਾ ਹੈ ਤਾਂ ਜੋ ਅਧਿਆਪਕਾਂ ਦੀਆਂ ਤਰੱਕੀਆਂ ਵਿੱਚ ਦੇਰੀ ਕੀਤੀ ਜਾ ਸਕੇ ਅਤੇ ਉਨ੍ਹਾਂ ਨੂੰ ਪਰੇਸ਼ਾਨ ਕੀਤਾ ਜਾ ਸਕੇ।

ਅਧਿਆਪਕਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਸ 'ਗੈਰ-ਕਾਨੂੰਨੀ' ਸ਼ਰਤ ਨੂੰ ਤੁਰੰਤ ਵਾਪਸ ਨਾ ਲਿਆ ਗਿਆ, ਤਾਂ ਉਹ ਅਦਾਲਤ ਦਾ ਦਰਵਾਜ਼ਾ ਖੜਕਾਉਣਗੇ ਅਤੇ ਯੂਨੀਵਰਸਿਟੀ ਵਿਰੁੱਧ ਜਮਹੂਰੀ ਤਰੀਕੇ ਨਾਲ ਸੰਘਰਸ਼ ਵਿੱਢਣਗੇ।

# ਮੇਅਰ ਅਤੇ ਕਮਿਸ਼ਨਰ ਵੱਲੋਂ ਮਹੀਨਾਵਾਰ ਸਮੀਖਿਆ ਮੀਟਿੰਗਾਂ, ਲੋਕ ਪੱਖੀ ਕੰਮਾਂ ਨੂੰ ਮਿਲੇਗੀ ਤਰਜੀਹ

**ਪਟਿਆਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼ਹਿਰ ਵਾਸੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਅਤੇ ਨਗਰ ਨਿਗਮ ਪ੍ਰਤੀ ਲੋਕਾਂ ਦਾ ਭਰੋਸਾ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਮੇਅਰ ਕੁੰਦਨ ਗੋਗੀਆ ਅਤੇ ਨਗਰ ਨਿਗਮ ਕਮਿਸ਼ਨਰ ਪਰਮਜੀਤ ਸਿੰਘ ਵੱਲੋਂ ਇੱਕ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਫ਼ੈਸਲਾ ਲਿਆ ਗਿਆ ਕਿ ਹੁਣ ਹਰ ਮਹੀਨੇ ਲੋਕ ਪੱਖੀ ਕੰਮਾਂ ਨੂੰ ਸੁਚੱਜੇ ਅਤੇ ਸੁਖਾਵੇਂ ਢੰਗ ਨਾਲ ਤਰਜੀਹ ਦੇ ਆਧਾਰ 'ਤੇ ਅਮਲ ਵਿੱਚ ਲਿਆਂਦਾ ਜਾਵੇਗਾ।

ਮੀਟਿੰਗ ਵਿੱਚ ਇਹ ਵੀ ਨਿਰਧਾਰਤ ਕੀਤਾ ਗਿਆ ਕਿ ਹਰ ਮਹੀਨੇ ਨਗਰ ਨਿਗਮ ਦੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਨਾਲ ਵਿਸਥਾਰ ਨਾਲ ਗੱਲਬਾਤ ਕਰਕੇ ਵੱਖ-ਵੱਖ ਵਿਭਾਗਾਂ ਦੀ ਕਾਰਗੁਜ਼ਾਰੀ ਬਾਰੇ ਰਿਪੋਰਟ ਤਿਆਰ ਕੀਤੀ ਜਾਵੇਗੀ। ਇਸ ਰਿਪੋਰਟ ਦੇ ਆਧਾਰ 'ਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਲੋਕਾਂ ਨਾਲ ਜੁੜੇ ਕੰਮ ਬਿਨਾਂ ਕਿਸੇ ਦੇਰੀ ਦੇ, ਆਸਾਨ ਅਤੇ ਪਹਿਲ ਦੇ ਅਧਾਰ 'ਤੇ ਨਿਪਟਾਏ ਜਾਣ।

ਮੇਅਰ ਨੇ ਕਿਹਾ ਕਿ ਨਗਰ ਨਿਗਮ ਦਾ ਮੁੱਖ ਮਕਸਦ ਸ਼ਹਿਰ ਵਾਸੀਆਂ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਕਰਨਾ ਹੈ। ਉਨ੍ਹਾਂ ਦੱਸਿਆ ਕਿ ਸਫ਼ਾਈ, ਸੜਕਾਂ, ਸਟ੍ਰੀਟ ਲਾਈਟਾਂ, ਸੀਵਰੇਜ ਅਤੇ ਪੀਣ ਵਾਲੇ ਪਾਣੀ ਵਰਗੀਆਂ ਬੁਨਿਆਦੀ ਸਹੂਲਤਾਂ 'ਤੇ ਖ਼ਾਸ ਧਿਆਨ ਦਿੱਤਾ ਜਾਵੇਗਾ। ਹਰ ਮਹੀਨੇ ਹੋਣ ਵਾਲੀ ਸਮੀਖਿਆ ਮੀਟਿੰਗ ਨਾਲ ਨਾ ਸਿਰਫ਼ ਕੰਮਾਂ ਦੀ ਗੁਣਵੱਤਾ ਵਿੱਚ ਸੁਧਾਰ ਆਵੇਗਾ, ਸਗੋਂ ਜ਼ਿੰਮੇਵਾਰੀਆਂ ਦੀ ਨਿਗਰਾਨੀ ਵੀ ਹੋਰ ਮਜ਼ਬੂਤ ਹੋਵੇਗੀ।

ਕਮਿਸ਼ਨਰ ਨੇ ਕਿਹਾ ਕਿ ਮੁਲਾਜ਼ਮਾਂ ਤੋਂ ਲੀਤੀਆਂ ਜਾਣ ਵਾਲੀਆਂ ਮਹੀਨਾਵਾਰ ਰਿਪੋਰਟਾਂ ਨਾਲ ਕੰਮਕਾਜ ਵਿੱਚ ਪਾਰਦਰਸ਼ਤਾ ਆਵੇਗੀ ਅਤੇ ਲਾਪਰਵਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਲੋਕਾਂ ਦੀ ਸੁਵਿਧਾ ਨਗਰ ਨਿਗਮ ਦੀ ਪਹਿਲੀ ਤਰਜੀਹ ਹੈ ਅਤੇ ਹਰ ਸ਼ਿਕਾਇਤ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ।

ਮੀਟਿੰਗ ਦੌਰਾਨ ਮੇਅਰ ਅਤੇ ਕਮਿਸ਼ਨਰ ਵੱਲੋਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਪ੍ਰੋਪਰਟੀ ਟੈਕਸ ਵੀ ਸਮੇਂ ਸਿਰ ਅਦਾ ਕੀਤਾ ਜਾਵੇ, ਤਾਂ ਜੋ ਨਗਰ ਨਿਗਮ ਨੂੰ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅਮਲ ਵਿੱਚ ਲਿਆਉਣ ਵਿੱਚ ਸਹੂਲਤ ਮਿਲ ਸਕੇ। ਉਨ੍ਹਾਂ ਕਿਹਾ ਕਿ ਟੈਕਸ ਰਾਹੀਂ ਮਿਲਣ ਵਾਲੀ ਰਕਮ ਸ਼ਹਿਰ ਦੀਆਂ ਬੁਨਿਆਦੀ ਸਹੂਲਤਾਂ 'ਤੇ ਹੀ ਖਰਚ ਕੀਤੀ ਜਾਂਦੀ ਹੈ, ਜਿਸ ਦਾ ਸਿੱਧਾ ਲਾਭ ਆਮ ਲੋਕਾਂ ਨੂੰ ਮਿਲਦਾ ਹੈ। ਅੰਤ ਵਿੱਚ ਉਨ੍ਹਾਂ ਭਰੋਸਾ ਦਿੱਤਾ ਕਿ ਨਗਰ ਨਿਗਮ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰੇਗਾ ਅਤੇ ਸ਼ਹਿਰ ਨੂੰ ਸਾਫ਼, ਸੁਥਰਾ ਅਤੇ ਵਿਕਸਤ ਬਣਾਉਣ ਲਈ ਲਗਾਤਾਰ ਕੋਸ਼ਿਸ਼ਾਂ ਜਾਰੀ ਰਹਿਣਗੀਆਂ।

# ਸਾਡੇ ਬਜ਼ੁਰਗ ਸਾਡਾ ਮਾਨ ਤਹਿਤ ਪਟਿਆਲਾ ਵਿੱਚ ਬਜ਼ੁਰਗਾਂ ਲਈ ਯੋਗਾ ਕੈਂਪ ਆਯੋਜਿਤ




**ਪਟਿਆਲਾ, 2 ਫਰਵਰੀ**
**-ਨਿਊਜ਼ਲਾਈਨ ਐਕਸਪ੍ਰੈਸ-**

ਸਾਡੇ ਬਜ਼ੁਰਗ ਸਾਡਾ ਮਾਨ ਤਹਿਤ ਸੀਨੀਅਰ ਸਿਟੀਜਨ ਐਕਟ 2025-26 ਤਹਿਤ ਮੁੱਖ ਮੰਤਰੀ ਸ੍ ਭਗਵੰਤ ਸਿੰਘ ਮਾਨ ਅਤੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ ਬਲਜੀਤ ਕੌਰ ਦੀ ਅਗਵਾਈ ਹੇਠ ਅੱਜ ਪਟਿਆਲਾ ਜ਼ਿਲ੍ਹੇ ਦੇ ਬਿਰਧ ਘਰ ਵਿੱਚ ਬਜ਼ੁਰਗਾਂ ਦੀ ਸਿਹਤ ਅਤੇ ਭਲਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਯੋਗਾ ਕੈਂਪ ਦਾ ਆਯੋਜਨ ਕੀਤਾ ਗਿਆ। ਇਹ ਸੈਸ਼ਨ ਧੰਨਾ ਭਗਤ ਬਿਰਧ ਆਸ਼ਰਮ ਅਤੇ ਐਜੂਕੇਸ਼ਨ ਚੈਰੀਟੇਬਲ ਸੋਸਾਇਟੀ, ਅਲੀਪੁਰ ਅਰਾਈਆਂ ਵਿਖੇ ਕਰਵਾਇਆ ਗਿਆ। ਇਸ ਮੌਕੇ 60 ਤੋਂ 70 ਬਜ਼ੁਰਗਾਂ ਨੇ ਭਰਪੂਰ ਉਤਸ਼ਾਹ ਨਾਲ ਭਾਗ ਲਿਆ। ਯੋਗਾ ਅਧਿਆਪਕਾਂ ਵੱਲੋਂ ਬਜ਼ੁਰਗਾਂ ਨੂੰ ਸਰੀਰਕ ਤੰਦਰੁਸਤੀ ਅਤੇ ਮਾਨਸਿਕ ਸਥਿਰਤਾ ਲਈ ਸੌਖੇ ਯੋਗ ਆਸਨਾਂ ਅਤੇ ਪ੍ਰਾਣਾਯਾਮ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਸਮਾਜਿਕ ਸੁਰਖਿਆ ਅਫ਼ਸਰ ਸ਼੍ਰੀ ਮਤੀ ਜੋਬਨਦੀਪ ਕੌਰ ਨੇ ਦਸਿਆ ਕਿ ਇਸ ਕੈਂਪ ਦੌਰਾਨ ਬਜ਼ੁਰਗਾਂ ਨੂੰ ਨਿਯਮਿਤ ਯੋਗ ਅਭਿਆਸ ਰਾਹੀਂ ਸਿਹਤਮੰਦ ਅਤੇ ਸਰਗਰਮ ਜੀਵਨ ਜਿਉਣ ਲਈ ਪ੍ਰੇਰਿਤ ਕੀਤਾ ਗਿਆ। ਬਜ਼ੁਰਗਾਂ ਨੇ ਪੰਜਾਬ ਸਰਕਾਰ ਦੀ ਇਸ ਪਹਿਲ ਦੀ ਭਰਪੂਰ ਪ੍ਰਸ਼ੰਸਾ ਕੀਤੀ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਪ੍ਰੋਗਰਾਮ ਕਰਵਾਉਣ ਦੀ ਮੰਗ ਕੀਤੀ।

# ਐੱਨ.ਐੱਸ.ਐੱਸ.ਦਾ ਸੱਤ ਦਿਨ ਅਤੇ ਰਾਤ ਦਾ ਕੈਂਪ ਸਫਲਤਾਪੂਰਵਕ ਸਮਾਪਤ

**ਪਟਿਆਲਾ,5 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਰਣਬੀਰ ਕਾਲਜ, ਸੰਗਰੂਰ ਦੇ ਪ੍ਰਿੰਸੀਪਲ ਪ੍ਰੋ.ਰੋਮੀ ਗਰਗ ਜੀ ਦੀ ਰਹਿਨੁਮਾਈ ਹੇਠ ਅਤੇ ਐੱਨ.ਐੱਸ.ਐੱਸ.ਯੂਨਿਟ ਇੱਕ ਦੇ ਪ੍ਰੋਗਰਾਮ ਅਫ਼ਸਰ ਅਸਿਸਟੈਂਟ ਪ੍ਰੋ. ਡਾ. ਰੁਪਿੰਦਰ ਕੁਮਾਰ ਸ਼ਰਮਾ ਅਤੇ ਐੱਨ.ਐੱਸ.ਐੱਸ .ਯੂਨਿਟ ਦੋ ਦੇ ਪ੍ਰੋਗਰਾਮ ਅਫ਼ਸਰ ਅਸਿਸਟੈਂਟ ਪ੍ਰੋ. ਸੁਧਾ ਰਾਣੀ ਸ਼ਰਮਾ ਦੀ ਅਗਵਾਈ ਹੇਠ ਐੱਨ.ਐੱਸ.ਐੱਸ. ਦਾ ਸੱਤ ਦਿਨ ਅਤੇ ਰਾਤ ਦਾ ਕੈਂਪ ਸਫਲਤਾਪੂਰਵਕ ਸਮਾਪਤ ਹੋ ਗਿਆ ਹੈ।ਇਸ ਕੈਂਪ ਦੀ ਉਦਘਾਟਨ ਪਿੰਡ ਸੋਹੀਆਂ ਕਲਾਂ ਵਿਖੇ ਹੋਇਆ, ਜਿਸ ਵਿੱਚ ਪਿੰਡ ਦੇ ਸਰਪੰਚ ਸ੍ਰੀਮਤੀ ਕੁਲਵੰਤ ਕੌਰ ਜੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਕੈਂਪ ਦਾ ਥੀਮ ਯੂਥ ਫਾਰ ਮਾਈ ਭਾਰਤ ਅਤੇ ਡਿਜੀਟਲ ਲਿਟਰੇਸੀ ਸੀ।ਇਸ ਕੈਂਪ ਦੀ ਸ਼ੁਰੂਆਤ ਮੌਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ।ਇਸ ਕੈਂਪ ਦੌਰਾਨ ਵੱਖ ਵੱਖ ਗਤੀਵਿਧੀਆਂ ਕਰਵਾਈਆਂ ਗਈਆਂ ਜਿਨ੍ਹਾਂ ਵਿੱਚ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਰੈਲੀ ਕੱਢਣਾ,ਨੈਸ਼ਨਲ ਵੋਟਰ ਦਿਵਸ ਮਨਾਉਣਾ, ਗਣਤੰਤਰਤਾ ਦਿਵਸ ਮਨਾਉਣਾ, ਯੋਗਾ ਦੀ ਟ੍ਰੇਨਿੰਗ,ਰੋਡ ਸੇਫਟੀ ਦੀ ਟ੍ਰੇਨਿੰਗ,ਫਸਟ ਏਡ ਦੀ ਟ੍ਰੇਨਿੰਗ, ਬੇਕਿੰਗ ਦੀ ਟ੍ਰੇਨਿੰਗ, ਲੀਡਰਸ਼ਿਪ ਨੂੰ ਵਧਾਉਣ ਦੀ ਟ੍ਰੇਨਿੰਗ, ਵਿਆਹ-ਪਰਿਵਾਰ ਸਬੰਧੀ ਸਰਵੇ, ਪਰਾਲੀ ਨੂੰ ਸਾੜਨ ਵਿਰੁੱਧ ਰੈਲੀ,ਆਦਿ ਮੁੱਖ ਸਨ।ਇਸ ਤੋਂ ਇਲਾਵਾ ਵੱਖ ਵੱਖ ਵਿਸ਼ਿਆਂ ਜਿਵੇਂ ਨਾਰੀ ਸਸ਼ਕਤੀਕਰਨ, ਆਜ਼ਾਦੀ ਦੇ ਸੰਘਰਸ਼,ਫ਼ੇਕ ਮੀਡੀਆ, ਡਿਜੀਟਲ ਲਿਟਰੇਸੀ,ਸਾਇਬਰ ਕਰਾਇਮ, ਪਰਸਨੈਲਿਟੀ ਡਿਵੈਲਪਮੈਂਟ, ਬਿਜ਼ਨਸ ਸਟਾਰਟਅੱਪ, ਸੈਕਸ ਐਜੂਕੇਸ਼ਨ, ਨੈਸ਼ਨਲ ਵੋਟਰ ਦਿਵਸ ਦੀ ਮਹੱਤਤਾ ਆਦਿ ਬਾਰੇ ਲੈਕਚਰ ਕਰਵਾਏ ਗਏ।ਕਾਲਜ ਦੇ ਪ੍ਰਿੰਸੀਪਲ ਪ੍ਰੋ.ਰੋਮੀ ਗਰਗ ਨੇ ਵੀ ਕੈਂਪ ਵਿੱਚ ਸ਼ਮੂਲੀਅਤ ਕੀਤੀ ਅਤੇ ਉਨ੍ਹਾਂ ਵਲੰਟੀਅਰਜ਼ ਨੂੰ ਐੱਨ.ਐੱਸ.ਐੱਸ. ਦੀ ਮਹੱਤਤਾ ਸਬੰਧੀ ਭਾਸ਼ਣ ਦਿੰਦੇ ਕਿਹਾ ਕਿ ਇਹਨਾਂ ਕੈਂਪਾਂ ਵਿੱਚ ਵਲੰਟੀਅਰਜ਼ ਆਪਸੀ ਮਿਲਵਰਤਣ, ਭਾਈਚਾਰਿਕ ਸਾਂਝ, ਲੀਡਰਸ਼ਿਪ,ਸਮਾਜ ਸੇਵਾ, ਸਮਾਜਿਕ ਜ਼ਿੰਮੇਵਾਰੀ ਆਦਿ ਸਿੱਖਦੇ ਹਨ।ਇਸ ਕੈਂਪ ਦੌਰਾਨ ਪਿੰਡ ਸੋਹੀਆਂ ਕਲਾਂ ਵਿਖੇ ਸਵੱਛ ਭਾਰਤ ਮੁਹਿੰਮ ਤਹਿਤ ਸਾਫ਼ ਸਫ਼ਾਈ ਕੀਤੀ ਗਈ। ਪਿੰਡ ਦੇ ਸਕੂਲ ਵਿੱਚ ਲਗਭਗ 25 ਫ਼ਲਦਾਰ ਅਤੇ ਫੁੱਲਦਾਰ ਬੂਟੇ ਲਗਾਏ ਗਏ।ਇਸ ਤੋਂ ਇਲਾਵਾ ਵਲੰਟੀਅਰਜ਼ ਵਿੱਚ ਵੱਖ ਵੱਖ ਮੁਕਾਬਲੇ ਜਿਵੇਂ ਡੀਬੇਟ, ਭਾਸ਼ਣ ਪ੍ਰਤੀਯੋਗਤਾ, ਮਿਊਜ਼ਿਕਲ ਚੇਅਰ ਮੁਕਾਬਲਾ, ਕ੍ਰਿਕਟ ਮੁਕਾਬਲੇ, ਡਾਂਸ ਕੰਪੀਟੀਸ਼ਨ ਆਦਿ ਕਰਵਾਏ ਗਏ।ਇਸ ਕੈਂਪ ਵਿੱਚ ਪ੍ਰਿੰਸੀਪਲ ਰੋਮੀ ਗਰਗ,ਸਰਪੰਚ ਸ੍ਰੀਮਤੀ ਕੁਲਵੰਤ ਕੌਰ, ਸ੍ਰੀ ਰਣਜੀਤ ਸਿੰਘ,ਪੰਚ ਚਰਨਜੀਤ ਕੌਰ,ਪੰਚ ਪੂਜਾ ਰਾਣੀ,ਅਸੋਸੀਏਟ ਪ੍ਰੋ.ਰਣਧੀਰ ਕੌਸ਼ਿਕ, ਅਸਿਸਟੈਂਟ ਪ੍ਰੋ. ਜਗਸੀਰ ਸਿੰਘ, ਅਸਿਸਟੈਂਟ ਪ੍ਰੋ. ਕੁਲਦੀਪ ਕੁਮਾਰ, ਅਸਿਸਟੈਂਟ ਪ੍ਰੋ.ਦਵਿੰਦਰ ਕੁਮਾਰ, ਅਸਿਸਟੈਂਟ ਪ੍ਰੋ.ਰੇਣੂਕਾ ਬਜਾਜ਼, ਅਸਿਸਟੈਂਟ ਪ੍ਰੋ.ਰਮਾ ਸ਼ਰਮਾ, ਪ੍ਰੋ.ਮਨੋਜ ਟਿਟੋਤੀਆ, ਡਾ.ਮਨੀ ਇੰਦਰਪਾਲ ਸਿੰਘ, ਸ੍ਰੀ ਰਮੇਸ਼ ਕੁਮਾਰ,ਸ੍ਰੀ ਅਰਵਿੰਦ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।ਇਸ ਕੈਂਪ ਵਿੱਚ ਅਰਸ਼ਦੀਪ ਸਿੰਘ, ਅਰਮਾਨ ਸ਼ਰਮਾ, ਜਸ਼ਨਦੀਪ ਸਿੰਘ, ਜਸਕਰਨ ਸਿੰਘ, ਸ਼ਮਸ਼ੇਰ ਸਿੰਘ ਅਤੇ ਹਰਜੋਤ ਸਿੰਘ ਨੂੰ ਐੱਨ.ਐੱਸ.ਐੱਸ. ਯੂਨਿਟ ਇੱਕ ਦੇ ਬੈਸਟ ਵਲੰਟੀਅਰਜ਼ ਅਤੇ ਗੁਰਪ੍ਰੀਤ ਕੌਰ, ਅਵਨੀਤ ਕੌਰ, ਸਿਮਰਨ ਕੌਰ, ਜਸ਼ਨਦੀਪ ਕੌਰ, ਅਮਨਦੀਪ ਕੌਰ ਅਤੇ ਪ੍ਰਭਜੋਤ ਕੌਰ ਨੂੰ ਐੱਨ.ਐੱਸ. ਐੱਸ.ਯੂਨਿਟ ਦੋ ਦੇ ਬੈਸਟ ਵਲੰਟੀਅਰਜ਼ ਘੋਸ਼ਿਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਮੈਡਲ ਨਾਲ ਸਨਮਾਨਿਤ ਕੀਤਾ ਗਿਆ।ਇਸ ਤੋਂ ਇਲਾਵਾ ਕੈਂਪ ਪ੍ਰਬੰਧਕਾਂ ਵੱਲੋਂ ਆਏ ਮਹਿਮਾਨਾਂ ਨੂੰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਕੈਂਪ ਪ੍ਰਬੰਧਕਾਂ ਵੱਲੋਂ ਸੋਹੀਆਂ ਕਲਾਂ ਦੀ ਸਮੂਹ ਪੰਚਾਇਤ ਦਾ ਉਹਨਾਂ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ।ਇਸ ਤਰ੍ਹਾਂ ਇਹ ਕੈਂਪ ਆਪਣੀਆਂ ਮਿੱਠੀਆਂ ਯਾਦਾਂ ਬਿਖੇਰਦੇ ਹੋਏ ਅਤੇ ਅਗਲੇ ਸਾਲ ਕੈਂਪ ਲੱਗਣ ਦੀ ਆਸ ਵਿੱਚ ਸਮਾਪਤ ਹੋ ਗਿਆ।

## ਸੰਪਾਦਕੀ

# ਸਿਆਸਤ ਦਾ ਕ੍ਰਿਕਟ ’ਤੇ ਪੈ ਰਿਹਾ ਪ੍ਰਭਾਵ

ਟੀ-20 ਵਿਸ਼ਵ ਕੱਪ ਵਿੱਚ ਭਾਰਤ ਵਿਰੁੱਧ ਆਪਣੇ ਅਹਿਮ ਮੁਕਾਬਲੇ ਦਾ ਬਾਈਕਾਟ ਕਰਨ ਦਾ ਪਾਕਿਸਤਾਨ ਦਾ ਫ਼ੈਸਲਾ ਇੱਕ ਸਿਆਸੀ ਚਾਲ ਹੈ, ਜੋ ਕ੍ਰਿਕਟ ਦੀ ਭਾਵਨਾ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਦਾ ਹੈ। ਦੱਖਣੀ ਏਸ਼ੀਆ ਦੀ ਇਹ ਸਭ ਤੋਂ ਹਰਮਨਪਿਆਰੀ ਖੇਡ ਮੈਦਾਨ ਤੋਂ ਕਿਤੇ ਦੂਰ ਦੀਆਂ ਤਾਕਤਾਂ ਦਾ ਸ਼ਿਕਾਰ ਹੋ ਗਈ ਹੈ, ਖ਼ਾਸ ਤੌਰ ’ਤੇ ਪਿਛਲੇ ਸਾਲ ਦੇ ਪਹਿਲਗਾਮ ਅਤਿਵਾਦੀ ਹਮਲੇ ਅਤੇ ਅਪਰੇਸ਼ਨ ‘ਸਿੰਧੂਰ’ ਤੋਂ ਬਾਅਦ। ਪਾਕਿਸਤਾਨ ਨੇ ਐਲਾਨ ਕੀਤਾ ਹੈ ਕਿ ਉਹ ਟੂਰਨਾਮੈਂਟ ਵਿੱਚ ਤਾਂ ਹਿੱਸਾ ਲਵੇਗਾ ਪਰ ਭਾਰਤ ਵਿਰੁੱਧ ਮੈਚ ਨਹੀਂ ਖੇਡੇਗਾ। ਅਜਿਹੀ ਚੋਣਵੀਂ ਪਹੁੰਚ ਕਿਸੇ ਵੀ ਵਿਸ਼ਵ ਕੱਪ ਦੇ ਉਸ ਬੁਨਿਆਦੀ ਸਿਧਾਂਤ ਨੂੰ ਸੱਟ ਮਾਰਦੀ ਹੈ ਕਿ ਸਾਰੀਆਂ ਟੀਮਾਂ ਬਰਾਬਰ ਸ਼ਰਤਾਂ ’ਤੇ ਮੁਕਾਬਲਾ ਕਰਨ। ਕੌਮਾਂਤਰੀ ਕ੍ਰਿਕਟ ਕੌਂਸਲ (ਆਈ ਸੀ ਸੀ) ਦਾ ਪਾਕਿਸਤਾਨ ਦੇ ਇਸ ਰੁਖ਼ ਨੂੰ ਖੇਡ ਦੀ ਨਿਰਪੱਖਤਾ ਦੇ ਖਿਲਾਫ਼ ਦੱਸਣਾ ਬਿਲਕੁਲ ਸਹੀ ਹੈ। ਮੁਲਕਾਂ ਨੂੰ ਆਪਣੀ ਮਰਜ਼ੀ ਦੇ ਵਿਰੋਧੀ ਚੁਣਨ ਦੀ ਇਜਾਜ਼ਤ ਦੇਣਾ ਕੌਮਾਂਤਰੀ ਮੁਕਾਬਲਿਆਂ ਨੂੰ ਮਹਿਜ਼ ਸਿਆਸੀ ਨਾਟਕਬਾਜ਼ੀ ਬਣਾ ਕੇ ਰੱਖ ਦੇਵੇਗਾ, ਜਿਸ ਨਾਲ ਕ੍ਰਿਕਟ ਪ੍ਰੇਮੀਆਂ ਨੂੰ ਨਿਰਾਸ਼ਾ ਹੋਵੇਗੀ ਅਤੇ ਪ੍ਰਸਾਰਕਾਂ ਦੇ ਮਾਲੀਏ ਨੂੰ ਵੀ ਨੁਕਸਾਨ ਪਹੁੰਚੇਗਾ।

ਮੌਜੂਦਾ ਹਲਚਲ ਬੰਗਲਾਦੇਸ਼ ਦੇ ਵਿਸ਼ਵ ਕੱਪ ਵਿੱਚੋਂ ਅਚਨਚੇਤ ਬਾਹਰ ਹੋਣ ਤੋਂ ਕੁਝ ਦਿਨਾਂ ਬਾਅਦ ਸ਼ੁਰੂ ਹੋਈ ਹੈ। ਕ੍ਰਿਕਟਰ ਮੁਸਤਫਿਜ਼ੁਰ ਰਹਿਮਾਨ ਨੂੰ ਆਈ ਪੀ ਐੱਲ ਵਿੱਚੋਂ ਕੱਢੇ ਜਾਣ ਤੋਂ ਨਾਰਾਜ਼ ਹੋ ਕੇ ਬੰਗਲਾਦੇਸ਼ ਨੇ ਸੁਰੱਖਿਆ ਫ਼ਿਕਰਾਂ ਦਾ ਹਵਾਲਾ ਦਿੰਦਿਆਂ ਭਾਰਤ ਆਉਣ ਤੋਂ ਇਨਕਾਰ ਕਰ ਦਿੱਤਾ ਸੀ। ਹਾਲਾਂਕਿ, ਜੈ ਸ਼ਾਹ ਦੀ ਅਗਵਾਈ ਹੇਠਲੀ ਆਈ ਸੀ ਸੀ ਨੇ ਬਿਲਕੁਲ ਨਰਮੀ ਨਹੀਂ ਵਰਤੀ ਅਤੇ ਸਕਾਟਲੈਂਡ ਨੂੰ ਬਦਲਵੀਂ ਟੀਮ ਵਜੋਂ ਸ਼ਾਮਲ ਕਰ ਲਿਆ। ਰਹਿਮਾਨ ਨੂੰ ਹਟਾਉਣਾ ਵੀ ਆਪਣੇ ਆਪ ਵਿੱਚ ਨਿੰਦਣਯੋਗ ਸੀ ਕਿਉਂਕਿ ਇਹ ਫ਼ੈਸਲਾ ਬੰਗਲਾਦੇਸ਼ ਵਿੱਚ ਹੋਈਆਂ ਹਿੰਦੂਆਂ ਦੀਆਂ ਹੱਤਿਆਵਾਂ ਵਿਰੁੱਧ ਭਾਰਤ ’ਚ ਹੋਏ ਬੰਗਲਾਦੇਸ਼ ਵਿਰੋਧੀ ਰੋਸ ਪ੍ਰਦਰਸ਼ਨਾਂ ਕਾਰਨ ਲਿਆ ਗਿਆ ਸੀ। ਪਾਕਿਸਤਾਨ ਨੇ ਬੰਗਲਾਦੇਸ਼ ਨਾਲ ਇਕਜੁੱਟਤਾ ਪ੍ਰਗਟਾਉਣ ਅਤੇ ਭਾਰਤ ਉਤੇ ਆਲਮੀ ਕ੍ਰਿਕਟ ਸੰਸਥਾ ’ਤੇ ਆਪਣੀਆਂ ਸ਼ਰਤਾਂ ਥੋਪਣ ਦਾ ਇਲਜ਼ਾਮ ਲਾਉਣ ਦਾ ਮੌਕਾ ਜ਼ਰਾ ਵੀ ਖੁੰਝਣ ਨਹੀਂ ਦਿੱਤਾ।

ਪਿਛਲੇ ਇੱਕ ਦਹਾਕੇ ਦੌਰਾਨ ਭਾਰਤ-ਪਾਕਿਸਤਾਨ ਤਣਾਅ ਦੇ ਬਾਵਜੂਦ ‘ਨਿਊਟਰਲ ਵੈਨਿਊ’ (ਕਿਸੇ ਤੀਜੀ ਥਾਂ ਖੇਡਣ) ਦੀ ਚੋਣ ਦੇ ਵਿਹਾਰਕ ਢਾਂਚੇ ਕਾਰਨ ਕ੍ਰਿਕਟ ਬਚਿਆ ਰਿਹਾ ਹੈ। ਹੁਣ ਇਹ ਬੰਦੋਬਸਤ ਗੰਭੀਰ ਖਤਰੇ ਵਿੱਚ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਖੇਡਾਂ ਬਦਲਾਖੋਰੀ ਦਾ ਸਾਧਨ ਬਣ ਜਾਂਦੀਆਂ ਹਨ, ਤਾਂ ਤਣਾਅ ਜ਼ਰੂਰ ਵਧਦਾ ਹੈ। ਜੇਕਰ ਇਹ ਰੁਝਾਨ ਬੇਰੋਕ ਜਾਰੀ ਰਿਹਾ ਤਾਂ ਉਪ-ਮਹਾਂਦੀਪ ਦੇ ਖੇਡ ਮੈਦਾਨਾਂ ਵਿੱਚ ਸਿਆਸੀ ਦਖ਼ਲਅੰਦਾਜ਼ੀ ਆਮ ਹੋਣ ਦਾ ਖ਼ਤਰਾ ਖੜ੍ਹਾ ਹੋ ਸਕਦਾ ਹੈ। ਅਤੇ ਇੱਕ ਵਾਰ ਜਦੋਂ ਇਹ ‘ਲਕਸ਼ਮਣ ਰੇਖਾ’ ਪਾਰ ਹੋ ਗਈ, ਤਾਂ ਇੱਕਜੁੱਟ ਕਰਨ ਵਾਲੀ ਸ਼ਕਤੀ ਵਜੋਂ ਕ੍ਰਿਕਟ ਆਪਣੀ ਸਾਰੀ ਪ੍ਰਸੰਗਿਕਤਾ ਗੁਆ ਦੇਵੇਗਾ। ਹੁਣ ਇਹ ਜ਼ਿੰਮੇਵਾਰੀ ਆਈ ਸੀ ਸੀ ਦੀ ਹੈ ਕਿ ਉਹ ਸਾਰੇ ਹਿੱਤਧਾਰਕਾਂ ਦੇ ਹਿੱਤਾਂ ਦਾ ਖ਼ਿਆਲ ਕਰਦਿਆਂ ਸੰਵਾਦ ਦਾ ਰਾਹ ਪੱਧਰਾ ਕਰੇ।

# ਹਰਿਆਣਾ ਵੱਲੋਂ ਪੋਸ਼ਣ ਵੱਲ ਪੁੱਟਿਆ ਕਦਮ

ਹਰਿਆਣਾ ਦੇ ਇੱਕ ਸਰਕਾਰੀ ਸਕੂਲ ਵਿੱਚ ਵਿਟਾਮਿਨ ਡੀ-ਯੁਕਤ ਲੱਡੂਆਂ ਦੀ ਸਫ਼ਲਤਾ ਦੀ ਕਹਾਣੀ ਜਨਤਕ ਸਿਹਤ ਨੀਤੀ ਦਾ ਇੱਕ ਮਹੱਤਵਪੂਰਨ ਸਬਕ ਹੈ: ਜ਼ਰੂਰੀ ਨਹੀਂ ਕਿ ਹੱਲ ਹਮੇਸ਼ਾ ਮਹਿੰਗੇ ਜਾਂ ਗੁੰਝਲਦਾਰ ਹੋਣ। ਕਈ ਵਾਰ ਲੋੜ ਸਿਰਫ ਐਨੀ ਹੁੰਦੀ ਹੈ ਕਿ ਉਹ ਜੜ੍ਹਾਂ ਨਾਲ ਜੁੜੇ ਤੇ ਵਿਗਿਆਨਕ ਤੌਰ ’ਤੇ ਸਹੀ ਹੋਣ ਅਤੇ ਸੂਝ-ਬੂਝ ਨਾਲ ਲਾਗੂ ਕੀਤੇ ਜਾਣ। ਵਿਟਾਮਿਨ ਡੀ ਦੀ ਕਮੀ ਭਾਰਤ ਵਿਚ ਸਭ ਤੋਂ ਵੱਧ ਨਜ਼ਰਅੰਦਾਜ਼ ਕੀਤੀਆਂ ਜਾਣ ਵਾਲੀਆਂ ਸਿਹਤ ਚੁਣੌਤੀਆਂ ਵਿੱਚੋਂ ਇੱਕ ਹੈ, ਖ਼ਾਸ ਕਰ ਕੇ ਕਿਸ਼ੋਰ ਲੜਕੀਆਂ ਵਿੱਚ। ਭਰਪੂਰ ਧੁੱਪ ਹੋਣ ਦੇ ਬਾਵਜੂਦ ਜੀਵਨ ਸ਼ੈਲੀ ਵਿੱਚ ਤਬਦੀਲੀਆਂ, ਬਾਹਰੀ ਗਤੀਵਿਧੀਆਂ ਨੂੰ ਸੀਮਤ ਕਰਨ ਵਾਲੀਆਂ ਸਮਾਜਿਕ ਮਾਨਤਾਵਾਂ ਅਤੇ ਖੁਰਾਕ ਵਿੱਚ ਵੰਨ-ਸਵੰਨਤਾ ਦੀ ਘਾਟ ਵਰਗੇ ਕਾਰਨਾਂ ਕਰ ਕੇ ਇਹ ਕਮੀ ਆਮ ਹੈ। ਇਹ ਘਾਟ ਹੱਡੀਆਂ ਦੀ ਮਜ਼ਬੂਤੀ, ਰੋਗ ਤੋਂ ਬਚਣ ਦੀ ਸਮਰੱਥਾ ਅਤੇ ਲੰਮੇ ਸਮੇਂ ਲਈ ਸਮੁੱਚੀ ਤੰਦਰੁਸਤੀ ’ਤੇ ਮਾੜਾ ਪ੍ਰਭਾਵ ਪਾਉਂਦੀ ਹੈ।

ਇਸ ਸਭ ਦੇ ਮੱਦੇਨਜ਼ਰ ਹਰਿਆਣਾ ਦਾ ਇਹ ਪ੍ਰਯੋਗ, ਜਿੱਥੇ ‘ਫੋਰਟੀਫਾਈਡ’ (ਪੋਸ਼ਕ ਤੱਤਾਂ ਨਾਲ ਭਰਪੂਰ) ਲੱਡੂਆਂ ਨੇ ਸਕੂਲੀ ਲੜਕੀਆਂ ਵਿੱਚ ਵਿਟਾਮਿਨ ਡੀ ਦੇ ਪੱਧਰ ਵਿੱਚ ਕਾਫ਼ੀ ਸੁਧਾਰ ਕੀਤਾ ਹੈ, ਆਪਣੀ ਸਾਦਗੀ ਅਤੇ ਪ੍ਰਭਾਵਸ਼ੀਲਤਾ ਕਾਰਨ ਵੱਖਰੀ ਛਾਪ ਛੱਡਦਾ ਹੈ। ਇਸ ਇਲਾਜ ਦੀ ਤਾਕਤ ਇਸ ਦੀ ਸੱਭਿਆਚਾਰਕ ਸਾਂਝ ਵਿੱਚ ਲੁਕੀ ਹੋਈ ਹੈ। ਲੱਡੂਆਂ ਨੂੰ ਪੂਰਕ ਖੁਰਾਕ ਜਾਂ ਦਵਾਈਆਂ ਵਜੋਂ ਨਹੀਂ, ਸਗੋਂ ਭੋਜਨ ਵਜੋਂ ਦੇਖਿਆ ਜਾਂਦਾ ਹੈ। ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਬੱਚੇ ਇਸ ਨੂੰ ਖੁਸ਼ੀ ਨਾਲ ਖਾਣ, ਕਿਸੇ ਕਿਸਮ ਦੀ ਹਿਚਕਿਚਾਹਟ ਨਾ ਰਹੇ ਅਤੇ ਪੋਸ਼ਣ ਰੋਜ਼ਾਨਾ ਦੀ ਰੁਟੀਨ ਵਿੱਚ ਸਹਿਜੇ ਹੀ ਸ਼ਾਮਲ ਹੋ ਜਾਵੇ। ‘ਬਾਇਓਫੋਰਟੀਫਾਈਡ’ ਖੁੰਬਾਂ (ਮਸ਼ਰੂਮ) ਦੀ ਵਰਤੋਂ ਕਰ ਕੇ, ਇਹ ਪਹਿਲਕਦਮੀ ਇਹ ਵੀ ਦਰਸਾਉਂਦੀ ਹੈ ਕਿ ਕਿਵੇਂ ਸਥਾਨਕ ਖੋਜ ਸੰਸਥਾਵਾਂ ਰੋਜ਼ਾਨਾ ਦੀਆਂ ਸਮੱਸਿਆਵਾਂ ਦੇ ਵਿਹਾਰਕ ਹੱਲ ਸੁਝਾਉਣ ਵਿੱਚ ਯੋਗਦਾਨ ਪਾ ਸਕਦੀਆਂ ਹਨ। ਇਸ ਪਾਇਲਟ ਪ੍ਰੋਜੈਕਟ ਦੀ ਸਫਲਤਾ ਨੂੰ ਸਾਵਧਾਨੀ ਅਤੇ ਵਚਨਬੱਧਤਾ ਦੇ ਨਾਲ ਵੱਡੇ ਪੱਧਰ ’ਤੇ ਲਾਗੂ ਕੀਤਾ ਜਾਣਾ ਚਾਹੀਦਾ ਹੈ। ਪੋਸ਼ਣ ਸਬੰਧੀ ਉਪਾਵਾਂ ਨੂੰ ਪਾਰਦਰਸ਼ੀ ਅੰਕੜਿਆਂ, ਨਿਯਮਤ ਨਿਗਰਾਨੀ ਅਤੇ ਗੁਣਵੱਤਾ ਦੇ ਮਿਆਰ ਦਾ ਸਾਥ ਮਿਲਣਾ ਚਾਹੀਦਾ ਹੈ। ‘ਫੋਰਟੀਫਿਕੇਸ਼ਨ’ ਬਾਕੀ ਵਿਆਪਕ ਰਣਨੀਤੀਆਂ ਜਿਵੇਂ ਕਿ ਧੁੱਪ ਵਿੱਚ ਰਹਿਣ ਲਈ ਉਤਸ਼ਾਹਿਤ ਕਰਨ, ਮਿੱਡ-ਡੇਅ ਮੀਲ ਵਿੱਚ ਸੁਧਾਰ ਅਤੇ ਕਿਸ਼ੋਰ ਸਿਹਤ ਸੇਵਾਵਾਂ ਨੂੰ ਮਜ਼ਬੂਤ ? ?ਕਰਨ ਦਾ ਪੂਰਕ ਹੋਣੀ ਚਾਹੀਦੀ ਹੈ, ਨਾ ਕਿ ਉਸ ਦਾ ਬਦਲ। ਇਸ ਵਿੱਚ ਇੱਕ ਵੱਡਾ ਨੀਤੀਗਤ ਸੁਨੇਹਾ ਵੀ ਹੈ। ਕੁਪੋਸ਼ਣ ਵਿਰੁੱਧ ਭਾਰਤ ਦੀ ਲੜਾਈ ਅਕਸਰ ਕੈਲਰੀ ਅਤੇ ਪ੍ਰੋਟੀਨ ’ਤੇ ਕੇਂਦਰਿਤ ਰਹੀ ਹੈ, ਜਦੋਂ ਕਿ ਸੂਖਮ ਪੋਸ਼ਕ ਤੱਤਾਂ ਦੀ ਕਮੀ ਵੱਲ ਸਿਰਫ਼ ਕਦੇ-ਕਦਾਈਂ ਹੀ ਧਿਆਨ ਦਿੱਤਾ ਜਾਂਦਾ ਹੈ। ਇਹ ਅਸੰਤੁਲਨ ਆਸ ਮੁਤਾਬਕ ਨਤੀਜਿਆਂ ਦੇ ਰਾਹ ਵਿਚ ਰੁਕਾਵਟ ਬਣਦਾ ਹੈ। ਓਹਲੇ ਰਹਿ ਜਾਂਦੀ ਇਸ ਘਾਟ ਨੂੰ ਦੂਰ ਕਰਨ ਲਈ ਖੁਰਾਕ ਵਿਗਿਆਨ, ਸਕੂਲ ਆਧਾਰਿਤ ਇਲਾਜਾਂ ਅਤੇ ਨਵੇਂ ਉਪਾਵਾਂ ਵਿੱਚ ਨਿਰੰਤਰ ਨਿਵੇਸ਼ ਦੀ ਲੋੜ ਹੈ। ਹਰਿਆਣਾ ਮਾਡਲ ਨੂੰ ਮੌਜੂਦਾ ਸਕੀਮਾਂ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਨਾਲ ਸਿਹਤ ਸੰਭਾਲ ਖੇਤਰ ਵਿਚ ਸਕੂਲ ਰੋਕਥਾਮ ਦੇ ਮੋਹਰੀ ਸਥਾਨ ਬਣ ਕੇ ਉੱਭਰ ਸਕਦੇ ਹਨ। ਆਖਰਕਾਰ, ਪੋਸ਼ਣ ਦਾ ਮਤਲਬ ਹੀ ਭਵਿੱਖ ਦਾ ਨਿਰਮਾਣ ਕਰਨਾ ਹੈ।

# ਚੌਰ ਸਾਹਿਬ ਕਰਵਾਉਣ ਦਾ ਮਾਮਲਾ: ਗੋਬਿੰਦ ਸਿੰਘ ਸੰਧੂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼



**ਅੰਮ੍ਰਿਤਸਰ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਦੇ ਦੋਹਤੇ ਗੋਬਿੰਦ ਸਿੰਘ ਸੰਧੂ ਨੇ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਪਹੁੰਚ ਕੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਆਪਣੀ ਗਲਤੀ ਦਾ ਪਛਤਾਵਾ ਕਰਦਿਆਂ ਖ਼ਿਮਾ ਯਾਚਨਾ ਪੱਤਰ ਸੌਂਪਿਆ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਗੋਬਿੰਦ ਸਿੰਘ ਦੇ ਵਿਆਹ ਸਮਾਗਮ ਦੌਰਾਨ ਉਨ੍ਹਾਂ ਦੇ ਸਿਰ ਉੱਪਰ ਛਤਰ ਝੁਲਾਇਆ ਗਿਆ ਸੀ ਅਤੇ ਚੌਰ ਸਾਹਿਬ ਕੀਤਾ ਗਿਆ ਸੀ, ਜਿਸ ਨੂੰ ਗੁਰੂ ਮਰਿਆਦਾ ਦੀ ਉਲੰਘਣਾ ਮੰਨਦਿਆਂ ਸਿੱਖ ਸੰਗਤ ਅਤੇ ਆਗੂਆਂ ਵੱਲੋਂ ਤਿੱਖੀ ਨਿੰਦਾ ਕੀਤੀ ਗਈ ਸੀ।

ਅੱਜ ਇਸ ਮਾਮਲੇ ਨੂੰ ਲੈ ਕੇ ਗੋਬਿੰਦ ਸਿੰਘ ਸੰਧੂ ਇੱਥੇ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਪੁੱਜੇ ਹਨ ਅਤੇ ਉਨ੍ਹਾਂ ਨੇ ਆਪਣੀ ਗਲਤੀ ਸਬੰਧੀ ਇੱਕ ਪੱਤਰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸੌਂਪਿਆ ਹੈ।

ਇਸ ਤੋਂ ਪਹਿਲਾਂ ਉਹਨਾ ਸੋਸ਼ਲ ਮੀਡੀਆ ਤੇ ਇੱਕ ਪੋਸਟ ਪਾ ਕੇ ਇਸ ਗਲਤੀ ਦੀ ਜਿੰਮੇਵਾਰੀ ਲਈ ਸੀ ਅਤੇ ਖਿਮਾ ਯਾਚਨਾ ਕੀਤੀ ਸੀ।

ਗੋਬਿੰਦ ਸਿੰਘ ਸੰਧੂ ਨੇ ਆਪਣੀ ਸਫਾਈ ਵਿੱਚ ਕਿਹਾ ਕਿ ਉਹ ਸ਼ਹਿਜ਼ਾਦਪੁਰ ਰਿਆਸਤ ਦੇ ਵੰਸ਼ਜ ਹਨ ਅਤੇ ਇਹ ਉਨ੍ਹਾਂ ਦੀ ਪੁਰਾਣੀ ਰਿਆਸਤੀ ਪਰੰਪਰਾ ਸੀ। ਹਾਲਾਂਕਿ, ਉਨ੍ਹਾਂ ਕਬੂਲ ਕੀਤਾ ਕਿ ਰਿਆਸਤਾਂ ਦਾ ਦੌਰ ਖ਼ਤਮ ਹੋਣ ਤੋਂ ਬਾਅਦ ਇਹ ਸਤਿਕਾਰ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਰਾਖਵਾਂ ਹੈ।

ਦੂਜੇ ਪਾਸੇ, ਸਿੱਖ ਆਗੂ ਕਰਨੈਲ ਸਿੰਘ ਪੀਰ ਮੁਹੰਮਦ ਨੇ ਇਸ ਨੂੰ ਸਿੱਧੇ ਤੌਰ ’ਤੇ ਗੁਰੂ ਸਾਹਿਬ ਦੀ ਬਰਾਬਰੀ ਕਰਨ ਦੀ ਕੋਸ਼ਿਸ਼ ਦੱਸਦਿਆਂ ਦੋਸ਼ੀਆਂ ਖਿਲਾਫ਼ ਸਖ਼ਤ ਧਾਰਮਿਕ ਕਾਰਵਾਈ ਦੀ ਮੰਗ ਕੀਤੀ ਹੈ। ਹੁਣ ਇਹ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਅਗਲੀ ਇਕੱਤਰਤਾ ਵਿੱਚ ਵਿਚਾਰਿਆ ਜਾਵੇਗਾ।

# ਖੇਤੀ ਮਹਿਕਮੇ ਦੇ ਡਾਇਰੈਕਟਰ ਦਾ ਤਬਾਦਲਾ; ਗੁਰਜੀਤ ਸਿੰਘ ਬਰਾੜ ਨੂੰ ਦਿੱਤਾ ਵਾਧੂ ਚਾਰਜ

**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਨੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀ ਕਮਾਨ ਹੁਣ ਗੁਰਜੀਤ ਸਿੰਘ ਬਰਾੜ ਹਵਾਲੇ ਕੀਤੀ ਹੈ ਜੋ ਇਸ ਵੇਲੇ ਸੰਯੁਕਤ ਡਾਇਰੈਕਟਰ (ਘਣੀ ਖੇਤੀ) ਹਨ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਪ੍ਰਬੰਧਕੀ ਸਕੱਤਰ ਵੱਲੋਂ ਜਾਰੀ ਹੁਕਮਾਂ ਅਨੁਸਾਰ ਖੇਤੀ ਮਹਿਕਮੇ ਦੇ ਮੌਜੂਦਾ ਡਾਇਰੈਕਟਰ ਜਸਵੰਤ ਸਿੰਘ ਦਾ ਤਬਾਦਲਾ ਕਰ ਦਿੱਤਾ ਗਿਆ ਹੈ। ਗੁਰਜੀਤ ਸਿੰਘ ਬਰਾੜ ਨੂੰ ਹੁਣ ਖੇਤੀ ਵਿਭਾਗ ਦੇ ਡਾਇਰੈਕਟਰ ਦਾ ਅਗਲੇ ਹੁਕਮਾਂ ਤੱਕ ਵਾਧੂ ਚਾਰਜ ਦਿੱਤਾ ਗਿਆ ਹੈ।

ਨਵੇਂ ਹੁਕਮਾਂ ਅਨੁਸਾਰ ਜਸਵੰਤ ਸਿੰਘ ਨੂੰ ਪਨਸੀਡ ਦੇ ਮੈਨੇਜਿੰਗ ਡਾਇਰੈਕਟਰ ਵਜੋਂ ਤਾਇਨਾਤ ਕੀਤਾ ਹੈ। ਜਸਵੰਤ ਸਿੰਘ ਨੇ 1 ਸਤੰਬਰ 2023 ਨੂੰ ਬਤੌਰ ਡਾਇਰੈਕਟਰ ਜੁਆਇਨ ਕੀਤਾ ਸੀ ਅਤੇ ਉਹ ਕਰੀਬ ਢਾਈ ਸਾਲ ਖੇਤੀ ਮਹਿਕਮੇ ਦੇ ਡਾਇਰੈਕਟਰ ਰਹੇ। ਜਸਵੰਤ ਸਿੰਘ ਨੂੰ ਡਾਇਰੈਕਟਰ ਦੇ ਅਹੁਦੇ ਤੋਂ ਬਦਲੇ ਜਾਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।

# ਪੰਜਾਬ ਸਖੀ ਸ਼ਕਤੀ ਮੇਲਾ ਦੀ ਤਿਆਰੀਆਂ ਸਬੰਧੀ ਮੀਟਿੰਗ ਆਯੋਜਿਤ

**ਗੁਰਦਾਸਪੁਰ,5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸ੍ਰੀ ਗੁਰਪ੍ਰੀਤ ਸਿੰਘ ਗਿੱਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਦਾਸਪੁਰ ਦੀ ਪ੍ਰਧਾਨਗੀ ਹੇਠ ਅੱਜ ਪੰਜਾਬ ਸਖੀ ਸ਼ਕਤੀ ਮੇਲਾ-2026 ਦੀਆਂ ਤਿਆਰੀਆਂ ਨੂੰ ਲੈ ਕੇ ਇੱਕ ਅਹਿਮ ਮੀਟਿੰਗ ਆਯੋਜਿਤ ਕੀਤੀ ਗਈ।

ਮੀਟਿੰਗ ਦੌਰਾਨ ਮੇਲੇ ਦੀ ਸੁਚਾਰੂ ਆਯੋਜਨਾ, ਸੁਰੱਖਿਆ ਪ੍ਰਬੰਧਾਂ ਅਤੇ ਵਿਭਾਗੀ ਤਾਲਮੇਲ ਸਬੰਧੀ ਵਿਸਥਾਰ ਨਾਲ ਚਰਚਾ ਕੀਤੀ ਗਈ।ਇਸ ਮੌਕੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਖੀ ਸ਼ਕਤੀ ਮੇਲਾ-2026 ਪੁਰਾਣਾ ਬੱਸ ਅੱਡਾ, ਗੁਰਦਾਸਪੁਰ ਵਿਖੇ ਮਿਤੀ 10 ਤੋਂ 15 ਫਰਵਰੀ 2026 ਤੱਕ ਆਯੋਜਿਤ ਕੀਤਾ ਜਾਵੇਗਾ। ਇਹ ਮੇਲਾ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਅਤੇ ਪੰਜਾਬ ਉਦਯੋਗ ਅਤੇ ਵਣਜ ਵਿਭਾਗ ਵੱਲੋਂ ਸਾਂਝੇ ਤੌਰ ‘ਤੇ ਕਰਵਾਇਆ ਜਾ ਰਿਹਾ ਹੈ।

# ਪੰਜਾਬੀ ਗਾਇਕ ਨੂੰ ਕੈਨੇਡਾ ਵਿੱਚ ਹਿਰਾਸਤ ਵਿੱਚ ਲੈਣ ਤੋਂ ਬਾਅਦ ਕੀਤਾ ਰਿਹਾਅ

**ਦੋਰਾਹਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਗਾਇਕ ਸਿਮਰ ਦੋਰਾਹਾ ਨੂੰ ਕੈਨੇਡੀਅਨ ਪੁਲੀਸ ਨੇ ਹਿਰਾਸਤ ਵਿੱਚ ਲਿਆ ਪਰ ਬਾਅਦ ਵਿਚ ਰਿਹਾਅ ਕਰ ਦਿੱਤਾ ਜਿਸ ਦੀ ਵੀਡੀਓ ਵਾਇਰਲ ਹੋਈ ਹੈ, ਹਾਲਾਂਕਿ ਸਥਾਨਕ ਪੁਲੀਸ ਨੇ ਹਾਲੇ ਤੱਕ ਇਸ ਸਬੰਧੀ ਕੋਈ ਬਿਆਨ ਜਾਰੀ ਨਹੀਂ ਕੀਤਾ।

ਸੂਤਰਾਂ ਅਨੁਸਾਰ ਸਿਮਰ ਨੂੰ ਕੈਨੇਡੀਅਨ ਪੁਲੀਸ ਨੇ ਚੋਰੀ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਸੀ ਪਰ ਉਸ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ। ਸਿਮਰ ਦੋ ਸਾਲ ਪਹਿਲਾਂ ਕੈਨੇਡਾ ਆ ਗਿਆ ਸੀ। ਉਹ ਪਿਛਲੇ ਮਹੀਨੇ ਭਾਰਤ ਆਇਆ ਸੀ ਅਤੇ ਮੁਹਾਲੀ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿ ਰਿਹਾ ਸੀ। ਦੋਰਾਹਾ ਵਿੱਚ ਰਹਿਣ ਵਾਲੇ ਉਸ ਦੇ ਮਾਪਿਆਂ ਨੇ ਕਿਹਾ ਕਿ ਉਹ ਵੀ ਨਿਊਜ਼ ਚੈਨਲਾਂ ’ਤੇ ਆਈਆਂ ਖ਼ਬਰਾਂ ਤੋਂ ਹੈਰਾਨ ਹਨ। ਉਸ ਦੀ ਮਾਂ ਇੰਦਰਜੀਤ ਕੌਰ ਨੇ ਉਸ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਸ ਨੂੰ 20-25 ਮਿੰਟਾਂ ਬਾਅਦ ਰਿਹਾਅ ਕਰ ਦਿੱਤਾ ਗਿਆ।

ਉਨ੍ਹਾਂ ਦੱਸਿਆ ਕਿ ਸਿਮਰ ਬਾਈਪੋਲਰ ਡਿਸਆਰਡਰ ਤੋਂ ਪੀੜਤ ਹੈ ਅਤੇ ਭਾਰਤ ਵਿੱਚ ਰਹਿੰਦਿਆਂ ਉਸ ਦਾ ਇਲਾਜ ਚੱਲ ਰਿਹਾ ਸੀ। ਉਸ ਦੀ ਹਾਲਤ ਵਿਗੜ ਗਈ ਸੀ ਅਤੇ ਪਰਿਵਾਰ ਉਸ ਨੂੰ ਅੰਮ੍ਰਿਤਸਰ ਦੇ ਹਸਪਤਾਲ ਵਿੱਚ ਦਾਖਲ ਕਰਵਾਉਣ ਲਈ ਮਨਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਸਿਮਰ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਉਸ ਦੇ ਪ੍ਰਸ਼ੰਸਕਾਂ ਨੇ ਪ੍ਰਤੀਕਿਰੀਆਵਾਂ ਦਿੱਤੀਆਂ।

ਸਿਮਰ ਗੀਤਕਾਰ ਅਤੇ ਗਾਇਕ ਹੈ ਜਿਸ ਦੇ ਇੰਸਟਾਗ੍ਰਾਮ ’ਤੇ ਲਗਪਗ 10 ਲੱਖ ਫਾਲੋਅਰਜ਼ ਹਨ। ਉਸ ਨੇ ਸਮਾਜਿਕ ਮੁੱਦਿਆਂ, ਪਿਆਰ, ਜ਼ਿੰਦਗੀ ਆਦਿ ਦੇ ਵਿਸ਼ਿਆਂ ’ਤੇ 45 ਤੋਂ 55 ਗੀਤ ਲਿਖੇ ਹਨ। ਉਸ ਦੇ ਗੀਤ ਨੌਜਵਾਨਾਂ ਵਿੱਚ ਖਾਸੇ ਮਕਬੂਲ ਹੋਏ।

ਦੂਜੇ ਪਾਸੇ ਐਸਐਸਪੀ ਖੰਨਾ ਦਰਪਨ ਆਹਲੂਵਾਲੀਆ ਨੇ ਕਿਹਾ ਕਿ ਇਹ ਗਾਇਕ ਦੋਰਾਹਾ ਦੇ ਅਧਿਕਾਰ ਖੇਤਰ ਵਿੱਚ ਨਹੀਂ ਰਹਿੰਦਾ, ਇਸ ਲਈ ਪੁਲੀਸ ਇਸ ਸਬੰਧੀ ਕੋਈ ਬਿਆਨ ਜਾਰੀ ਨਹੀਂ ਕਰ ਸਕਦੀ।

# 7ਵੀਂ NTPC ਪੈਰਾ ਰਾਸ਼ਟਰੀ ਤੀਰਅੰਦਾਜ਼ੀ ਚੈਂਪੀਅਨਸ਼ਿਪ ਪਟਿਆਲਾ ਵਿੱਚ ਇਤਿਹਾਸਕ ਸਫ਼ਲਤਾ ਨਾਲ ਸੰਪਨ



**ਪਟਿਆਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਨੇਤਾਜੀ ਸੁਭਾਸ਼ ਰਾਸ਼ਟਰੀ ਖੇਡ ਸੰਸਥਾ (NIS) ਵਿਖੇ ਆਯੋਜਿਤ 7ਵੀਂ NTPC ਰਾਸ਼ਟਰੀ ਪੈਰਾ ਤੀਰਅੰਦਾਜ਼ੀ ਚੈਂਪੀਅਨਸ਼ਿਪ ਇਤਿਹਾਸਕ ਸਫਲਤਾ ਨਾਲ ਸਮਾਪਤ ਹੋਈ।

ਇਹ ਰਾਸ਼ਟਰੀ ਪੱਧਰ ਦੀ ਚੈਂਪੀਅਨਸ਼ਿਪ ਪੰਜਾਬ ਆਰਚਰੀ ਐਸੋਸੀਏਸ਼ਨ ਦੁਆਰਾ ਭਾਰਤੀ ਆਰਚਰੀ ਐਸੋਸੀਏਸ਼ਨ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ।

ਦੇਸ਼ ਭਰ ਦੇ ਪੈਰਾ ਤੀਰਅੰਦਾਜ਼ਾਂ ਨੇ ਰਾਸ਼ਟਰੀ ਚੈਂਪੀਅਨਸ਼ਿਪ ਵਿੱਚ ਹਿੱਸਾ ਲਿਆ ਅਤੇ ਆਪਣੇ ਸ਼ਾਨਦਾਰ ਨਿਸ਼ਾਨੇਬਾਜ਼ੀ ਦੇ ਹੁਨਰ ਦਾ ਪ੍ਰਦਰਸ਼ਨ ਕੀਤਾ। ਮੁਕਾਬਲੇ ਦੌਰਾਨ, ਐਥਲੀਟਾਂ ਨੇ ਆਪਣੇ ਅਨੁਸ਼ਾਸਨ, ਆਤਮਵਿਸ਼ਵਾਸ ਅਤੇ ਖੇਡ ਭਾਵਨਾ ਨਾਲ ਦਰਸ਼ਕਾਂ ਨੂੰ ਮੋਹਿਤ ਕੀਤਾ।

ਸਮਾਗਮ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ, ਪ੍ਰਬੰਧਕਾਂ ਨੇ ਅੰਤਰਰਾਸ਼ਟਰੀ ਮਾਪਦੰਡਾਂ ਅਨੁਸਾਰ ਮੈਦਾਨ, ਉਪਕਰਣ ਅਤੇ ਹੋਰ ਪ੍ਰਬੰਧ ਕੀਤੇ॥ ਇਸ ਦੌਰਾਨ ਮੁਕਾਬਲੇ ਬਹੁਤ ਹੀ ਦਿਲਚਸਪ ਸਨ, ਜਿਸ ਵਿੱਚ ਐਥਲੀਟਾਂ ਨੇ ਆਪਣੀ ਪ੍ਰਤਿਭਾ ਅਤੇ ਸਖ਼ਤ ਮਿਹਨਤ ਨਾਲ ਸਾਰਿਆਂ ਨੂੰ ਮੋਹਿਤ ਕੀਤਾ।

ਇਸ ਮੌਕੇ ਬੋਲਦਿਆਂ ਪੰਜਾਬ ਆਰਚਰੀ ਐਸੋਸੀਏਸ਼ਨ ਦੇ ਪ੍ਰਧਾਨ ਰਵਿੰਦਰ ਕੁਮਾਰ ਬਾਲੀ ਨੇ ਆਰਚਰੀ ਐਸੋਸੀਏਸ਼ਨ ਆਫ਼ ਇੰਡੀਆ ਅਤੇ ਡਿਪਟੀ ਡਾਇਰੈਕਟਰ ਜਨਰਲ ਸ੍ਰੀ ਵਿਨੀਤ ਕੁਮਾਰ ਅਤੇ ਉਨ੍ਹਾਂ ਦੀ ਟੀਮ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਇੰਨਾ ਵੱਡਾ ਸਮਾਗਮ ਉਨ੍ਹਾਂ ਦੇ ਸਹਿਯੋਗ ਕਾਰਨ ਹੀ ਸੰਭਵ ਹੋਇਆ ਹੈ।

ਪੰਜਾਬ ਆਰਚਾਰੀ ਐਸੋਸੀਏਸ਼ਨ ਦੇ ਪ੍ਰਧਾਨ ਰਵਿੰਦਰ ਕੁਮਾਰ ਬਾਲੀ ਨੇ ਕਿਹਾ ਕਿ ਇਹ ਚੈਂਪੀਅਨਸ਼ਿਪ ਪੈਰਾ-ਤੀਰਅੰਦਾਜ਼ੀ ਦੇ ਖੇਤਰ ਵਿੱਚ ਇੱਕ ਇਤਿਹਾਸਕ ਪਹਿਲੂ ਸਾਬਤ ਹੋਈ। ਇਸਨੇ ਨਾ ਸਿਰਫ਼ ਪੈਰਾ-ਤੀਰਅੰਦਾਜ਼ਾਂ ਲਈ ਇੱਕ ਰਾਸ਼ਟਰੀ ਪਲੇਟਫਾਰਮ ਪ੍ਰਦਾਨ ਕੀਤਾ, ਸਗੋਂ ਉਨ੍ਹਾਂ ਨੂੰ ਭਵਿੱਖ ਵਿੱਚ ਅੰਤਰਰਾਸ਼ਟਰੀ ਪੱਧਰ ’ਤੇ ਬਿਹਤਰ ਪ੍ਰਦਰਸ਼ਨ ਕਰਨ ਲਈ ਵੀ ਪ੍ਰੇਰਿਤ ਕੀਤਾ।

ਮੁਕਾਬਲੇ ਦੀ ਸਫਲ ਸਮਾਪਤੀ ’ਤੇ, ਜੇਤੂ ਐਥਲੀਟਾਂ ਨੂੰ ਸਨਮਾਨਿਤ ਕੀਤਾ ਗਿਆ, ਅਤੇ ਪ੍ਰਬੰਧਕਾਂ ਨੇ ਸਾਰੇ ਭਾਗੀਦਾਰਾਂ, ਕੋਚਾਂ ਅਤੇ ਸਹਾਇਕ ਸੰਗਠਨਾਂ ਦਾ ਧੰਨਵਾਦ ਕੀਤਾ।

ਇਸ ਵਿਸ਼ੇਸ਼ 7 ਰੋਜ਼ਾ ਪੈਰਾ ਰਾਸ਼ਟਰੀ ਚੈਂਪੀਅਨਸ਼ਿਪ ਵਿੱਚ ਖੇਡ ਜਗਤ ਦੇ ਵੱਖ-ਵੱਖ ਪਤਵੰਤਿਆਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਦਰੋਣਾਚਾਰੀਆ ਅਵਾਰਡੀ, ਅਰਜੁਨ ਅਵਾਰਡੀ, ਰਾਸਟਰੀ ਪੁਰਸਕਾਰ ਨਾਲ ਸਨਮਾਨਿਤ ਸ਼ਖ਼ਸੀਅਤਾਂ, ਕੋਚ ਅਤੇ ਦੇਸ਼ ਭਰ ਦੇ ਪ੍ਰਸਿੱਧ ਖਿਡਾਰੀ ਸ਼ਾਮਲ ਸਨ।

ਅੱਜ ਸਮਾਪਤ ਹੋਏ ਇਸ ਸਮਾਗਮ ਦੀ ਸਮਾਪਤੀ ਮੌਕੇ ਪੰਜਾਬ ਆਰਚਰੀ ਐਸੋਸੀਏਸ਼ਨ ਦੇ ਪ੍ਰਧਾਨ ਰਵਿੰਦਰ ਕੁਮਾਰ ਬਾਲੀ, ਵਿਸ਼ੇਸ਼ ਮਹਿਮਾਨਾਂ ਦੇ ਨਾਲ ਦੇ ਨਾਲ ਦਰੋਣਾਚਾਰੀਆ ਅਵਾਰਡੀ ਜੀਵਨਜੋਤ ਸਿੰਘ ਤੇਜਾ ਨੇ ਜੇਤੂ ਐਥਲੀਟਾਂ ਨੂੰ ਮੈਡਲਾਂ ਨਾਲ ਸਨਮਾਨਿਤ ਕੀਤਾ।

# ਵਾਰਡ ਨੰਬਰ 15 ਵਿਚ ਗਰੀਬ ਦੀ ਕੁੱਲੀ ਨੂੰ ਅੱਗ

**ਲਹਿਰਾਗਾਗਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਇਥੋਂ ਦੇ ਵਾਰਡ ਨੰਬਰ 15 ਵਿੱਚ ਇੱਕ ਗਰੀਬ ਪਰਿਵਾਰ ਦੀ ਕੁੱਲੀ ਨੂੰ ਅੱਗ ਲੱਗਣ ਕਾਰਨ ਕੁੱਲੀ ਸਮੇਤ ਅੰਦਰ ਪਿਆ ਕਾਫੀ ਸਾਮਾਨ ਸੜ ਕੇ ਸੁਆਹ ਹੋ ਗਿਆ।

ਤਿੰਨ ਬੱਚਿਆਂ ਦੇ ਪਿਓ ਅਤੇ ਕੁੱਲੀ ਦੇ ਮਾਲਕ ਸੇਵਕ ਸਿੰਘ ਨੇ ਦੱਸਿਆ ਕਿ ਅੱਗ ਦੀ ਘਟਨਾ ਲੰਘੀ ਅੱਧੀ ਰਾਤ ਨੂੰ ਵਾਪਰੀ। ਅੱਧੀ ਰਾਮ ਨੂੰ ਜਦੋਂ ਦਮ ਘੁੱਟਣ ਲੱਗਿਆ ਤਾਂ ਉਸ ਨੇ ਉੱਠ ਕੇ ਵੇਖਿਆ ਕਿ ਕੁੱਲੀ ਨੂੰ ਅੱਗ ਲੱਗ ਚੁੱਕੀ ਸੀ। ਉਸ ਨੇ ਰੌਲਾ ਪਾਇਆ ਤਾਂ ਗੁਆਂਢੀਆਂ ਨੇ ਮਿਲ ਕੇ ਅੱਗ ਨੂੰ ਬੁਝਾਇਆ ਪਰ ਇਸ ਦੌਰਾਨ ਕੁੱਲੀ ਸਮੇਤ ਅੰਦਰ ਪਿਆ ਕੂਲਰ ਤੋਂ ਇਲਾਵਾ ਹੋਰ ਕਾਫੀ ਸਾਮਾਨ ਸੜ ਕੇ ਸੁਆਹ ਹੋ ਗਿਆ।

ਸੇਵਕ ਸਿੰਘ ਨੇ ਦੱਸਿਆ ਕਿ ਹਾਲ ਹੀ ਵਿੱਚ ਬਰਸਾਤਾਂ ਕਾਰਨ ਉਨ੍ਹਾਂ ਦਾ ਪੱਕਾ ਮਕਾਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਿਆ ਸੀ ਅਤੇ ਡਿੱਗਣ ਦਾ ਖਤਰਾ ਬਣਿਆ ਹੋਇਆ ਹੈ ਜਿਸ ਨੂੰ ਦੇਖਦਿਆਂ ਇੱਕ ਵਿਅਕਤੀ ਨੇ ਆਪਣੀ ਥਾਂ ਉਸ ਨੂੰ ਕੁੱਲੀ ਬਣਾ ਕੇ ਰਹਿਣ ਲਈ ਦੇ ਦਿੱਤੀ ਸੀ ਤਾਂ ਜੋ ਉਸਦੇ ਪਰਿਵਾਰ ਦਾ ਕੋਈ ਜਾਨੀ ਨੁਕਸਾਨ ਨਾ ਹੋਵੇ। ਇਸੇ ਕਰਕੇ ਉਹ ਆਪਣੀ ਮਾਂ ਅਤੇ ਬੱਚਿਆਂ ਸਮੇਤ ਇੱਥੇ ਰਹਿ ਰਹੇ ਸਨ।

ਪੀੜਤ ਪਰਿਵਾਰ ਨੇ ਸਰਕਾਰ ਤੋਂ ਆਰਥਿਕ ਮਦਦ ਦੀ ਮੰਗ ਕੀਤੀ ਹੈ ਤਾਂ ਕਿ ਉਹ ਆਪਣੀ ਜ਼ਿੰਦਗੀ ਮੁੜ ਸੁਚਾਰੂ ਢੰਗ ਨਾਲ ਚਲਾ ਸਕਣ।

# ਪੀਲੀ ਕੂੰਗੀ ਤੋਂ ਬਚਾਅ ਲਈ ਕਣਕ ਦੀ ਫ਼ਸਲ ਦਾ ਨਿਰੀਖਣ ਕਰੋ

**ਫਾਜ਼ਿਲਕਾ,5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਖੇਤੀਬਾੜੀ ਅਫ਼ਸਰ ਫਾਜ਼ਿਲਕਾ ਸ੍ਰੀਮਤੀ ਹਰਪ੍ਰੀਤ ਪਾਲ ਕੌਰ ਜੀ ਨੇ ਜ਼ਿਲ੍ਹੇ ਅਤੇ ਸੂਬੇ ਦੇ ਕਿਸਾਨਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਮੇਂ ਪੰਜਾਬ ਵਿੱਚ ਕਣਕ ਦੀ ਫ਼ਸਲ ਟਿੱਲਰਿੰਗ ਤੋਂ ਬਾਲੀ ਨਿਕਾਸ ਦੇ ਦਰਮਿਆਨੇ ਦੌਰ ਵਿੱਚ ਹੈ। ਮੌਸਮ ਵਿੱਚ ਨਮੀ ਅਤੇ ਰਾਤ ਦੇ ਸਮੇਂ ਠੰਢੇ ਤਾਪਮਾਨ ਕਾਰਨ ਕਣਕ ਦੀ ਫ਼ਸਲ ਵਿੱਚ ਪੀਲੀ ਕੂੰਗੀ ਬਿਮਾਰੀ ਆਉਣ ਦੀ ਸੰਭਾਵਨਾ ਬਣੀ ਹੋਈ ਹੈ।

ਉਨ੍ਹਾਂ ਦੱਸਿਆ ਕਿ ਕਣਕ ਦੀ ਪੀਲੀ ਕੁੰਗੀ (Yellow Rust) ਦੇ ਲੱਛਣਾਂ ਵਿੱਚ ਪੱਤਿਆਂ ਉੱਤੇ ਲੰਮੀ ਰੇਖਾ (stripe) ਵਿੱਚ ਸੰਤਰੀ-ਪੀਲੇ ਰੰਗ ਦੇ ਪਾਊਡਰ ਵਰਗੇ ਧੱਬੇ ਬਣ ਜਾਂਦੇ ਹਨ। ਇਹ ਧੱਬੇ ਛੂਹਣ ’ਤੇ ਉਂਗਲਾਂ ’ਤੇ ਪੀਲਾ ਰੰਗ ਛੱਡਦੇ ਹਨ, ਜੋ ਕਿ ਬਿਮਾਰੀ ਦੀ ਮੁੱਖ ਪਛਾਣ ਹੈ। ਠੰਢੇ ਅਤੇ ਨਮੀ ਵਾਲੇ ਮੌਸਮ ਵਿੱਚ ਇਹ ਕਣਕ ਦੇ ਖੇਤਾਂ ਵਿੱਚ ਤੇਜ਼ੀ ਨਾਲ ਫੈਲਦੀ ਹੈ। ਜੇ ਸਮੇਂ ਸਿਰ ਇਸ ਬਿਮਾਰੀ ’ਤੇ ਕਾਬੂ ਨਾ ਪਾਇਆ ਜਾਵੇ ਤਾਂ ਇਹ ਫ਼ਸਲ ਦੀ ਪੈਦਾਵਾਰ ਅਤੇ ਗੁਣਵੱਤਾ ਦੋਵਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

ਨਿਗਰਾਨੀ (Surveillance): ਮੁੱਖ ਖੇਤੀਬਾੜੀ ਅਫ਼ਸਰ ਜੀ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਉਹ ਆਪਣੀ ਕਣਕ ਦੀ ਫ਼ਸਲ ਦੀ ਨਿਯਮਿਤ ਜਾਂਚ ਕਰਨ ਖਾਸ ਤੌਰ ’ਤੇ ਜਨਵਰੀ-ਫਰਵਰੀ ਵਿੱਚ।

ਕਿਸਮਾਂ (Varieties): PBW GBE, Unnat PBW EE@, PBW Zinc B, ਅਤੇ PBW GEB ਵਰਗੀਆਂ ਰੋਧਕ ਕਿਸਮਾਂ ਦੀ ਚੋਣ ਕੀਤੀ ਜਾਵੇ।

ਛਿੜਕਾਅ (Spray): ਜਿਵੇਂ ਹੀ ਪੀਲੀ ਕੂੰਗੀ ਦੇ ਲੱਛਣ ਨਜ਼ਰ ਆਉਣ, ਤੁਰੰਤ ਸਿਫ਼ਾਰਸ਼ੀ ਫ਼ਊਂਦਨਾਸ਼ਕ ਦਵਾਈਆਂ ਦਾ ਛਿੜਕਾਅ ਕੀਤਾ ਜਾਵੇ। ਪੀਲੀ ਕੂੰਗੀ ਦਿਖਾਈ ਦਿੰਦੇ ਹੀ Tilt BE EC (Propiconazole) 200 ml ਪ੍ਰਤੀ ਏਕੜ ਨੂੰ 200 ਲੀਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ। ਜਾਂ ਬਿਮਾਰੀ ਨਜ਼ਰ ਆਉਣ ਤੇ 300 ਗ੍ਰਾਮ ਤਾਕਤ 75 ਡਬਲਯੂ ਪੀ (ਕੈਪਤਾਨ + ਹੈਕਸਾਕੋਨਾਜੋਲ) ਜਾਂ 200 ਗ੍ਰਾਮ ਕੈਵੀਅਟ 25 ਡਬਲਯੂ ਜੀ (ਟੈਬੂਕੋਨਾਜ਼ੋਲ) ਜਾਂ 200 ਮਿਲੀਲੀਟਰ ਉਪੇਰਾ 18.3 ਐਸ ਈ ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਪਤੀ ਏਕੜ ਛਿੜਕਾਅ ਕਰੋ।

ਸਾਵਧਾਨੀ (Caution): ਛਿੜਕਾਅ ਲਈ Hollow Cone Nozzle ਦੀ ਵਰਤੋਂ ਕਰੋ।

ਉਨ੍ਹਾਂ ਨੇ ਇਹ ਵੀ ਅਪੀਲ ਕੀਤੀ ਕਿ ਕਿਸਾਨ ਬੇਲੋੜੀ ਦਵਾਈਆਂ ਦੇ ਛਿੜਕਾਅ ਤੋਂ ਬਚਣ ਅਤੇ ਸਿਰਫ਼ ਖੇਤੀਬਾੜੀ ਵਿਭਾਗ ਵੱਲੋਂ ਸਿਫ਼ਾਰਸ਼ ਕੀਤੀਆਂ ਦਵਾਈਆਂ ਹੀ ਵਰਤਣ।

# ਸੜਕ ਹਾਦਸੇ ਵਿੱਚ ਪੁਲਿਸ ਇੰਸਪੈਕਟਰ ਦੀ ਮੌਤ

**ਫਗਵਾੜਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਫਗਵਾੜਾ-ਹੁਸ਼ਿਆਰਪੁਰ ਰੋਡ ’ਤੇ ਬੀਤੀ ਰਾਤ ਇੱਕ ਬੱਸ ਦੀ ਲਪੇਟ ਵਿੱਚ ਆਉਣ ਨਾਲ ਇੱਕ ਪੁਲੀਸ ਇੰਸਪੈਕਟਰ ਦੀ ਮੌਤ ਹੋ ਗਈ ਹੈ। ਜਾਣਕਾਰੀ ਦਿੰਦਿਆਂ ਪਿੰਡ ਲੱਖਪੁਰ ਦੇ ਰਹਿਣ ਵਾਲੇ ਨਿਰਮਲਜੀਤ ਨੇ ਦੱਸਿਆ ਕਿ ਜਦੋਂ ਉਹ ਘਰ ਪਰਤ ਰਿਹਾ ਸੀ ਤਾਂ ਉਸ ਨੇ ਦੇਖਿਆ ਕਿ ਇੱਕ ਵਿਅਕਤੀ ਬੱਸ ਦੀ ਟੱਕਰ ਤੋਂ ਬਾਅਦ ਸੜਕ ’ਤੇ ਜ਼ਖਮੀ ਹਾਲਤ ਵਿੱਚ ਪਿਆ ਸੀ। ਉਸ ਨੇ ਤੁਰੰਤ ਪੀੜਤ ਨੂੰ ਆਪਣੀ ਨਿੱਜੀ ਗੱਡੀ ਵਿੱਚ ਸਿਵਲ ਹਸਪਤਾਲ ਫਗਵਾੜਾ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਦੀ ਪਛਾਣ ਇੰਸਪੈਕਟਰ ਰਾਜਵਿੰਦਰ ਸਿੰਘ ਵਜੋਂ ਹੋਈ ਹੈ,ਜੋ ਹੁਸ਼ਿਆਰਪੁਰ ਦੇ ਖੁਸ਼ਾਲਪੁਰ ਦਾ ਰਹਿਣ ਵਾਲਾ ਸੀ ਅਤੇ ਜਲੰਧਰ ਵਿਖੇ ਪੰਜਾਬ ਆਰਮਡ ਪੁਲੀਸ (PAP) ਵਿੱਚ ਤਾਇਨਾਤ ਦੱਸਿਆ ਜਾ ਰਿਹਾ ਹੈ। ਸਿਵਲ ਹਸਪਤਾਲ ਦੇ ਡਾਕਟਰਾਂ ਨੇ ਪੁਸ਼ਟੀ ਕੀਤੀ ਕਿ ਰਾਜਵਿੰਦਰ ਸਿੰਘ ਦੀ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਮੌਤ ਹੋ ਚੁੱਕੀ ਸੀ। ਇਹ ਹਾਦਸਾ ਹੁਸ਼ਿਆਰਪੁਰ ਰੋਡ ’ਤੇ ਬਣੇ ਫਲਾਈਓਵਰ ’ਤੇ ਵਾਪਰਿਆ ਹੈ।

# ਕਾਰ ਸ਼ੋਅਰੂਮ ਬਾਹਰ ਤਾਇਨਾਤ ਪੁਲੀਸ ਕਾਂਸਟੇਬਲ ਦੀ ਗੋਲੀ ਲੱਗਣ ਨਾਲ ਮੌਤ

**ਲੁਧਿਆਣਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**




ਲੁਧਿਆਣਾ ਦੇ ਮੁੱਲਾਂਪੁਰ ਦਾ ਲਗਜ਼ਰੀ ਕਾਰ ਸ਼ੋਅਰੂਮ; ਜਿੱਥੇ ਸ਼ਨਿੱਚਰਵਾਰ ਨੂੰ ਡਿਊਟੀ ਦੌਰਾਨ ਪੁਲੀਸ ਕਾਂਸਟੇਬਲ ਦੀ ਗੋਲੀ ਲੱਗਣ ਕਾਰਨ ਮੌਤ ਹੋ ਗਈ।

ਲੁਧਿਆਣਾ ਦੇ ਮੁੱਲਾਂਪੁਰ ਕਸਬੇ ਵਿੱਚ ਕਾਰ ਸ਼ੋਰੂਮ ਦੇ ਬਾਹਰ ਤਾਇਨਾਤ ਪੁਲੀਸ ਕਾਂਸਟੇਬਲ ਦੀ ਗੋਲੀ ਲੱਗਣ ਕਾਰਨ ਮੌਤ ਹੋ ਗਈ ਹੈ। ਮ੍ਰਿਤਕ ਦੀ ਪਹਿਚਾਣ 25 ਸਾਲਾ ਅਨੂਸ਼ ਮਸੀਹ ਵਜੋਂ ਹੋਈ ਹੈ। ਪੁਲੀਸ ਮੁਤਾਬਕ, ਅਨੂਸ਼ ਮਸੀਹ ਨੂੰ ਗਰਦਨ ਵਿੱਚ ਗੋਲੀ ਲੱਗੀ ਸੀ, ਜਿਸ ਤੋਂ ਬਾਅਦ ਉਸ ਨੂੰ ਬਚਾਇਆ ਨਹੀਂ ਜਾ ਸਕਿਆ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ‘ਆਰਏਸੀ ਲਗਜ਼ਰੀ ਕਾਰਜ਼’ ਦੇ ਮਾਲਕ ਨੂੰ ਇੱਕ ਗੈਂਗਸਟਰ ਵੱਲੋਂ ਵਸੂਲੀ ਦੀਆਂ ਧਮਕੀਆਂ ਮਿਲੀਆਂ ਸਨ, ਜਿਸ ਤੋਂ ਬਾਅਦ ਪੰਜਾਬ ਪੁਲੀਸ ਵੱਲੋਂ ਸੁਰੱਖਿਆ ਲਈ ਕੁੱਲ ਚਾਰ ਕਰਮਚਾਰੀ ਤਾਇਨਾਤ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ ਦੋ ਸ਼ੋਰੂਮ ਅਤੇ ਦੋ ਮਾਲਕ ਦੇ ਨਿਵਾਸ ਸਥਾਨ ’ਤੇ ਡਿਊਟੀ ਕਰ ਰਹੇ ਸਨ।

ਘਟਨਾ ਮੌਕੇ ਅਨੂਸ਼ ਮਸੀਹ ਸ਼ੋਰੂਮ ਦੇ ਬਾਹਰ ਕਾਰ ਵਿੱਚ ਬੈਠਾ ਸੀ ਤੇ ਉਸ ਨੇ ਆਪਣੇ ਸਾਥੀ ਕਾਂਸਟੇਬਲ ਨੂੰ ਪਾਣੀ ਲਿਆਉਣ ਭੇਜਿਆ। ਉਸ ਦੀ ਗੈਰਹਾਜ਼ਰੀ ਦੌਰਾਨ ਅਚਾਨਕ ਗੋਲੀ ਚੱਲ ਗਈ ਜੋ ਅਨੂਸ਼ ਦੀ ਗਰਦਨ ਵਿੱਚ ਲੱਗੀ। ਵਾਪਸ ਆਉਣ ’ਤੇ ਸਾਥੀ ਨੇ ਉਸ ਨੂੰ ਕਾਰ ਦੀ ਸੀਟ ’ਤੇ ਖ਼ੂਨ ਵਿੱਚ ਲੱਥਪੱਥ ਪਾਇਆ। ਸੂਚਨਾ ਮਿਲਦੇ ਹੀ ਪੁਲੀਸ ਦੇ ਉੱਚ ਅਧਿਕਾਰੀ ਅਤੇ ਫੋਰੈਂਸਿਕ ਟੀਮ ਮੌਕੇ ’ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕਰ ਦਿੱਤੀ। ਡੀਐਸਪੀ ਵਰਿੰਦਰ ਸਿੰਘ ਖੋਸਾ ਮੁਤਾਬਕ ਗੋਲੀ ਮ੍ਰਿਤਕ ਦੀ ਸਰਕਾਰੀ ਏਕੇ-47 ਰਾਇਫਲ ਤੋਂ ਅਚਾਨਕ ਚੱਲੀ। ਗੋਲੀ ਪਹਿਲਾਂ ਗਰਦਨ ਵਿੱਚ ਲੱਗੀ ਅਤੇ ਫਿਰ ਸਿਰ ਨੂੰ ਚੀਰਦੀ ਹੋਈ ਨਿਕਲ ਗਈ। ਜ਼ਿਕਰਯੋਗ ਹੈ ਕਿ ਅਨੂਸ਼ ਮਸੀਹ ਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਅਧਾਰ ’ਤੇ ਪੁਲੀਸ ਵਿੱਚ ਨੌਕਰੀ ਜੁਆਇਨ ਕੀਤੀ ਸੀ। ਪੁਲੀਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।


# ਐੱਨ ਆਰ ਆਈ ਬਜ਼ੁਰਗ ਦਾ ਭੇਤਭਰੇ ਹਾਲਾਤ ’ਚ ਕਤਲ

**ਖੰਨਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਇਥੋਂ ਦੇ ਨਵੀਂ ਆਬਾਦੀ ਇਲਾਕੇ ਵਿੱਚ ਇੱਕ ਘਰ ਦੇ ਪਖਾਨੇ ਵਿੱਚੋਂ 81 ਸਾਲਾ ਐਨ ਆਰ ਆਈ ਔਰਤ ਦੀ ਲਾਸ਼ ਬਰਾਮਦ ਹੋਈ। ਔਰਤ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ ਸੀ ਅਤੇ ਘਟਨਾ ਤੋਂ ਬਾਅਦ ਇਲਾਕੇ ਵਿੱਚ ਡਰ ਦਾ ਮਾਹੌਲ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕਾ ਦੀ ਪਹਿਚਾਣ ਜਗਪਾਲ ਕੌਰ ਵਜੋਂ ਹੋਈ ਹੈ ਜੋ ਇੱਕ ਸੇਵਾਮੁਕਤ ਅਧਿਆਪਕਾ ਸੀ ਅਤੇ ਲੰਬੇ ਸਮੇਂ ਤੋਂ ਕੈਨੇਡਾ ਵਿੱਚ ਰਹਿ ਰਹੀ ਸੀ। ਜਗਪਾਲ ਕੌਰ ਅਕਤੂਬਰ 2025 ਵਿੱਚ ਕੈਨੇਡਾ ਤੋਂ ਭਾਰਤ ਵਾਪਸ ਆਈ ਸੀ ਅਤੇ ਅਪਰੈਲ ਵਿੱਚ ਕੈਨੇਡਾ ਜਾਣ ਦੀ ਤਿਆਰੀ ਕਰ ਰਹੀ ਸੀ। ਉਹ ਖੰਨਾ ਨਵੀਂ ਅਬਾਦੀ ਆਪਣੇ ਘਰ ਵਿੱਚ ਇਕੱਲੀ ਰਹਿ ਰਹੀ ਸੀ ਜਦੋਂ ਅੱਜ ਸਵੇਰੇ ਘਰ ਅੰਦਰੋਂ ਤੇਜ਼ ਬਦਬੂ ਆਉਣ ਲੱਗੀ ਤਾਂ ਲੋਕਾਂ ਨੂੰ ਸ਼ੱਕ ਹੋਇਆ ਅਤੇ ਉਨ੍ਹਾਂ ਤੁਰੰਤ ਪੁਲੀਸ ਨੂੰ ਸੂਚਿਤ ਕੀਤਾ। ਮੌਕੇ ’ਤੇ ਪੁੱਜੀ ਪੁਲੀਸ ਨੇ ਦਰਵਾਜ਼ਾ ਖੋਲ੍ਹਿਆ ਤਾਂ ਅੰਦਰ ਹੱਥ ਪੈਰ ਬੰਨ੍ਹੀ ਲਾਸ਼ ਬਰਾਮਦ ਹੋਈ ਜਿਸ ਨੂੰ ਦੇਖ ਕੇ ਸਪੱਸ਼ਟ ਹੁੰਦਾ ਹੈ ਕਿ ਇਹ ਕਤਲ ਇੱਕ ਯੋਜਨਾਬੱਧ ਢੰਗ ਨਾਲ ਕੀਤਾ ਗਿਆ ਸੀ। ਪੁਲੀਸ ਨੇ ਸਬੂਤ ਇਕੱਠੇ ਕਰਨ ਲਈ ਇੱਕ ਫੋਰੈਂਸਿਕ ਟੀਮ ਨੂੰ ਘਟਨਾ ਸਥਾਨ ’ਤੇ ਬੁਲਾਇਆ ਅਤੇ ਸੁਰਾਗ ਲੱਭਣ ਲਈ ਨੇੜੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਮ੍ਰਿਤਕਾ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਘਰ ਦੇ ਉੱਪਰਲੇ ਹਿੱਸੇ ਵਿੱਚ ਰਹਿੰਦੇ ਕਿਰਾਏਦਾਰ ਚਲੇ ਗਏ ਸਨ ਜਿਸ ਕਾਰਨ ਜਗਪਾਲ ਕੌਰ ਘਰ ਵਿੱਚ ਇਕੱਲੀ ਰਹਿੰਦੀ ਸੀ। ਐਸ ਪੀ ਪਵਨਜੀਤ ਚੌਧਰੀ ਨੇ ਕਿਹਾ ਕਿ ਪੁਲੀਸ ਇਸ ਮਾਮਲੇ ਦੀ ਹਰ ਪਹਿਲੂ ਦੀ ਵੀ ਜਾਂਚ ਕਰ ਰਹੀ ਹੈ, ਜਲਦ ਹੀ ਕਾਤਲਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

# ਕਹਾਣੀ



## ਤ੍ਰਿਪਤੀ

-ਸੰਤ ਮੋਹਰ ਸਿੰਘ

ਉਹ ਫਾਇਲਾ ਨਾਲ ਘੋਲ ਕਰ ਰਿਹਾ ਸੀ। ਅਚਾਨਕ ਇਕ ਚੰਗੇ ਰੱਜੇ-ਪੁੱਜੇ ਸਰਦਾਰ ਸਾਹਿਬ ਆਏ। ਸਤਿ ਸ਼੍ਰੀ ਅਕਾਲ ਬੁਲਾਈ ਅਤੇ ਗੱਲਾਂ ਕਰਨ ਲੱਗ ਪਏ। "ਆਪ ਇਸ ਦਫ਼ਤਰ ਵਿਚ ਕੰਮ ਕਰਦੇ ਹੋ ?"

"ਜੀ ਮੈਂ ਇੱਥੇ ਕਲਰਕ ਹਾਂ।" "ਆਪ ਪਾਸ ਕੰਮ ਆਇਆ ਹਾਂ!" "ਦੱਸੋ....ਕੀ ਕੰਮ ਹੈ ?" "ਮੇਰੀ ਲੜਕੀ" ਸਰਦਾਰ ਜੀ ਨੇ ਆਖਣਾ ਸ਼ੁਰੂ ਕੀਤਾ "ਡਾਕਟਰ ਹੈ। ਪਿਛਲੇ ਵਰ੍ਹੇ ਉਸਨੇ ਐਮ. ਬੀ. ਐਸ. ਐਸ. ਪਾਸ ਕੀਤੀ ਹੈ। ਹੁਣ ਉਹ ਹਾਉਸ ਸਰਜਨ ਲੱਗੀ ਹੋਈ ਹੈ। ਮੇਰੀ ਇੱਛਾ ਆਪ ਨਾਲ ਰਿਸ਼ਤਾ ਕਰਨ ਦੀ ਹੈ। ਆਪ ਬਾਰੇ ਆਪ ਜੀ ਦੇ ਤਾਇਆ ਪਾਸੋਂ ਪਤਾ ਲੱਗਾ ਸੀ।"

"ਜੀ.....ਮੈਂ ਮਾਮੂਲੀ ਕਲਰਕ ਹਾਂ! ਮੇਰੀ ਕਿਸਮਤ ਵਿਚ ਸਾਰੀ ਉਮਰ ਫ਼ਾਈਲਾਂ ਨਾਲ ਮੱਥਾ ਮਾਰਨਾ ਲਿਖਿਆ ਹੈ। ਇਹ ਥੋੜ੍ਹੀ ਜਿਹੀ ਤਨਖਾਹ ਨਾਲ ਮਸਾਂ ਗੁਜ਼ਾਰਾ ਹੀ ਚਲਦਾ ਹੈ। ਮੈਂ ਸਿਰਫ਼ ਦੱਸਵੀਂ ਪਾਸ ਹਾਂ। ਉਹ ਵੀ ਥਰਡ ਕਲਾਸ! ਮੈਂ ਹੈਰਾਨ ਹਾਂ ਆਪ ਕਿਹੋ ਜਿਹੇ ਪਿਤਾ ਹੋ ਜੋ ਆਪਣੀ ਹੋਣਹਾਰ ਚੰਗੀ ਪੜ੍ਹੀ ਲਿਖੀ ਡਾਕਟਰ ਲੜਕੀ ਦਾ ਰਿਸ਼ਤਾ ਮੇਰੇ ਜਿਹੇ ਸਾਧਾਰਨ ਕਲਰਕ ਨਾਲ ਕਰਨਾ ਚਾਹੁੰਦੇ ਹੋ। ਮੇਰੇ ਲਈ ਔਖਾ ਹੈ ਕਿ ਮੈਂ ਆਪਣੇ ਨਾਲੋਂ ਵੱਧ ਪੜ੍ਹੀ ਲਿਖੀ ਕੁੜੀ ਨੂੰ ਆਪਣੀ ਜੀਵਨ ਸਾਥਣ ਚੁਣਾਵਾਂ।"

"ਨਹੀਂ" ਮਲਦੀਪ ਦੇ ਪਿਤਾ ਜੀ ਨੇ ਆਖਣਾ ਸ਼ੁਰੂ ਕੀਤਾ "ਪੁੱਤਰ ਕਾਰਨ ਇਹ ਹੈ ਕਿ ਮੈਂ ਅਜਿਹਾ ਲੜਕਾ ਚਾਹੁੰਦਾ ਹਾਂ ਜੋ ਮੇਰੀ ਧੀ ਨੂੰ ਪਿਆਰ ਕਰੇ, ਉਸਨੂੰ ਸੁਖੀ ਰੱਖੇ। ਅਮੀਰਾਂ ਦੇ ਪੁੱਤਰ ਅਜੀਬ ਹੁੰਦੇ ਹਨ। ਉਨ੍ਹਾਂ ਲਈ ਸੁਹੱਪਣ ਹੀ ਸਭ ਕੁਝ ਹੁੰਦਾ ਹੈ। ਗੁਣਾਂ ਦੀ ਉਹ ਕਦਰ ਨਹੀਂ ਕਰ ਸਕਦੇ। ਉਨ੍ਹਾਂ ਦੀ ਨਿਗਾਹ ਵਿਚ ਵਿਦਿਆ ਹੀ ਸਭ ਕੁਝ ਨਹੀਂ ਹੁੰਦੀ। ਸਿਰਫ਼ ਉਹੀ ਚਿੱਟਾ ਚੰਮ ਚਾਹੁੰਦੇ ਨੇ। ਇਸ ਕਰਕੇ ਮੈਂ ਆਪ ਜਿਹੇ ਸਾਊ ਜਵਾਨ ਨਾਲ ਆਪਣੀ ਕੁੜੀ ਦਾ ਰਿਸ਼ਤਾ ਕਰਨਾ ਚਾਹੁੰਦਾ ਹਾਂ।"

ਉਸਨੇ ਅਨੁਮਾਨ ਲਗਾ ਲਿਆ ਕਿ ਕੁੜੀ ਜ਼ਰੂਰ ਕਾਲੀ ਤੇ ਕਰੂਪ ਹੋਣੀ ਹੈ ਜਿਸ ਕਰਕੇ ਮੇਰੇ ਜਿਹੇ ਨਿਗੁਣੇ ਕਲਰਕ ਨਾਲ ਉਸਦਾ ਨਰੜਨਾਂ ਚਾਹੁੰਦਾ ਹੈ। ਉਹ ਕੁਝ ਚਿਰ ਨੀਵੀਂ ਪਾਈ ਬੈਠਾ ਰਿਹਾ ਫਿਰ ਪੋਲੇ ਆਖਣ ਲੱਗਾ:

"ਮੈਂ ਲੜਕੀ ਦੇਖਣੀ ਚਾਹੁੰਦਾ ਹਾਂ।" "ਕਾਕਾ ਦੇਖ ਨਾ, ਉਹ ਆਖਰ ਲੜਕੀ ਹੀ ਹੈ।" ਪਿਤਾ ਜੀ ਨੇ ਉਦਾਸ ਹੁੰਦਿਆ ਆਖਿਆ "ਨਾਲੇ ਲੜਕੀ ਦਿਖਾਉਣ ਦਾ ਰਿਵਾਜ਼ ਨਹੀਂ।" "ਪਰ ਮੇਰੀ ਜ਼ਿੰਦਗੀ ਦਾ ਸਵਾਲ ਹੈ। ਮੈਂ ਲੜਕੀ ਦੇਖੇ ਬਿਨ੍ਹਾਂ ਹਾਂ ਨਹੀਂ ਕਰ ਸਕਦਾ।"

"ਅਛਾ ਫਿਰ ਤੁਸੀਂ ਐਤਵਾਰ ਸ਼ਾਮ ਨੂੰ ਆ ਜਾਣਾ" ਆਖ ਕੇ ਪਿਤਾ ਜੀ ਆਪਣੇ ਘਰ ਨੂੰ ਤੁਰ ਪਏ। ਐਤਵਾਰ ਸ਼ਾਮ ਨੂੰ ਉਹ ਮਨਦੀਪ ਨੂੰ ਦੇਖਣ ਗਿਆ। ਉਸਨੇ ਮੁਲਕਾਤ ਕੀਤੀ। ਫਿਰ ਚੁੱਪ ਚਾਪ ਨੀਵੀਂ ਪਾਈ ਬੈਠਾ ਰਿਹਾ। ਚਾਹ ਆ ਗਈ। ਚਾਹ ਪੀ ਕੇ ਉਹ ਵਾਪਸ ਆ ਗਿਆ ਅਤੇ ਘਰ ਅ ਕੇ ਰੱਬ ਦਾ ਲੱਖ ਲੱਖ ਸ਼ੁਕਰ ਕੀਤਾ ਕਿ ਉਹ ਬੱਚ ਗਿਆ। ਉਸਨੇ ਕੁਝ ਦਿਨਾਂ ਪਿੱਛੋਂ ਜਵਾਬ ਦੇ ਦਿੱਤਾ ਕਿ ਮੇਰਾ ਹਾਲੇ ਵਿਆਹ ਕਰਵਾਉਣ ਦਾ ਵਿਚਾਰ ਨਹੀਂ ਹੈ। ਮਨਦੀਪ ਦੀ ਸ਼ਕਲ ਸੂਰਤ ਅਜੀਬ ਸੀ। ਉਸਦਾ ਰੰਗ ਬਹੁਤ ਹੀ ਕਾਲਾ, ਕੱਦ ਮੱਧਰਾ ਤੇ ਸ਼ਰੀਰ ਭਾਰਾ ਸੀ। ਚਿੱਟੇ ਦੰਦ ਉਸਨੂੰ ਹੋਰ ਵੀ ਕਰੂਪ ਬਣਾਉਂਦੇ ਸਨ। ਉਸਦੀਆ ਅੱਖਾਂ ਡਰਾਵਣੀਆਂ ਅਤੇ ਵਾਲਾਂ ਵਿਚ ਧੌਲੇ ਸਨ। ਉਸਦੀ ਕਰੂਪਤਾ ਨੂੰ ਦੇਖ ਕੇ ਕੋਈ ਵੀ ਉਸ ਨਾਲ ਵਿਆਹ ਕਰਾਉਣ ਲਈ ਤਿਆਰ ਨਾ ਹੋਇਆ। ਜੋ ਆਉਂਦਾ ਦੇਖ ਕੇ ਚਲਾ ਜਾਂਦਾ ਤੇ ਫਿਰ ਜਵਾਬ ਆ ਜਾਂਦਾ ਕਿ ਸਾਡਾ ਵਿਆਹ ਕਰਾਉਣ ਦਾ ਅਜੇ ਵਿਚਾਰ ਨਹੀਂ ਹੈ।

ਮਨਦੀਪ ਦੇ ਪਿਤਾ ਜੀ ਬਹੁਤ ਹੀ ਉਦਾਸ ਸਨ। ਉਹ ਹਾਰ ਹੰਭ ਕੇ ਬੈਠ ਗਏ। ਉਹ ਬਿਮਾਰ ਹੋ ਗਏ ਤੇ ਇਕ ਦਿਨ ਦਿਲ ਦੇ ਦੌਰੇ ਨੇ ਉਨ੍ਹਾਂ ਦੇ ਸਾਰੇ ਕਸ਼ਟ ਹਰ ਲਏ। ਮਨਦੀਪ ਅੰਤਾਂ ਦੀ ਉਦਾਸ ਹੋ ਗਈ। ਉਸਨੇ ਮਿਸਨ ਹਸਪਤਾਲ ਵਿਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਉਹ ਬਹੁਤ ਹੀ ਮਿਹਨਤ ਨਾਲ ਕੰਮ ਕਰਦੀ। ਸਾਰਿਆ ਦੇ ਕੰਮ ਬੜੇ ਚਾਅ ਨਾਲ ਕਰਦੀ। ਰੋਗੀ ਉਸਤੋਂ ਬਹੁਤ ਹੀ ਪ੍ਰਭਾਵਿਤ ਤੇ ਖੁਸ਼ ਸਨ। ਪਰ ਉਸਦਾ ਅੰਦਰ ਪਿਆਰ ਭੁੱਖ ਨਾਲ ਚੀਕ ਰਿਹਾ ਸੀ, ਕਿਉਂਕਿ ਦੁਨੀਆ ਵਿਚ ਕੋਈ ਵੀ ਅਜਿਹਾ ਪ੍ਰਾਣੀ ਨਹੀਂ ਜਿਸਨੂੰ ਪਿਆਰ ਭੁੱਖ ਨਾ ਹੋਵੇ ਤੇ ਇਸਤਰੀ ਦਾ ਆਸਰਾ ਵੀ ਪਿਆਰ ਹੈ। ਉਹ ਤੜਪਦੀ ਕਿ ਕੋਈ ਉਸਨੂੰ ਪਿਆਰ ਭਰੇ ਬੋਲਾਂ ਨਾਲ ਬੁਲਾਏ, ਉਹਦਾ ਵੀ ਜੀ ਕਰਦਾ ਕਿ ਹੋਰ ਲੇਡੀ ਡਾਕਟਰਾਂ ਵਾਂਗ ਉਸਨੂੰ ਵੀ ਡਾਕਟਰ ਨਾਲ ਸਿਨੇਮਾ ਲੈ ਜਾਣ। ਉਸ ਨਾਲ ਸੈਰ ਕਰਨ ਜਾਣ ਪਰ ਇਹ ਸਭ ਕੁਝ ਸੁਪਨੇ ਵਿਚ ਵੀ ਪੂਰਾ ਹੋਣ ਨੂੰ ਤਿਆਰ ਨਹੀਂ ਸੀ। ਉਸਦੀ ਜ਼ਿੰਦਗੀ ਨਿਰੀ ਅੰਧਕਾਰ ਜਿਹੀ ਬਣ ਗਈ। ਫਿਰ ਪ੍ਰਕਾਸ਼ ਜਿਹੜਾ ਉਥੇ ਕੰਪਾਉਂਡਰ ਸੀ, ਇਕ ਛਿੱਟ ਚਾਨਣ ਦੀ ਬਣ ਕੇ ਆਇਆ। ਮਨਦੀਪ ਨੂੰ ਜਾਪਿਆ ਕਿ ਪ੍ਰਕਾਸ਼ ਉਸਨੂੰ ਪਿਆਰ ਕਰਦਾ ਹੈ, ਤਾਂ ਖੁਸ਼ੀ ਉਸ ਪਾਸੋਂ ਸਾਂਭੀ ਨਾ ਜਾਏ। ਪ੍ਰਕਾਸ਼ ਵੀ ਮਨਦੀਪ ਵਰਗਾ ਕਰੂਪ ਅਤੇ ਕੂਹਜਾ ਜਿਹਾ ਮਨੁੱਖ ਸੀ। ਉਹ ਮਨਦੀਪ ਨੂੰ ਬਹੁਤ ਹੀ ਸਤਿਕਾਰ ਭਰੇ ਮਿੱਠੇ-ਮਿੱਠੇ ਸ਼ਬਦਾਂ ਨਾਲ ਬੁਲਾਉਂਦਾ। ਪਰ ਕਦੇ ਵੀ ਉਸਨੇ ਪਿਆਰ ਜਾਹਰ ਨਾ ਕੀਤਾ। ਮਨਦੀਪ ਨੇ ਸੋਚਿਆ ਕਿ ਉਹ ਸੰਗਦਾ ਹੈ। ਇਸ ਲਈ ਮੈਂ ਖੁਦ ਹੀ ਕਿਸੇ ਦਿਨ ਉਸਨੂੰ ਆਖ ਦੇਣਾ ਹੈ ਕਿ ਮੈਨੂੰ ਤੇਰੇ ਨਾਲ ਪਿਆਰ ਏ।

ਇਕ ਸ਼ਾਮ ਪ੍ਰਕਾਸ਼ ਮਨਦੀਪ ਦੇ ਘਰ ਕਿਸੇ ਹਸਪਤਾਲ ਦੇ ਕੰਮ ਆਇਆ! ਮਨਦੀਪ ਲਈ ਉਹ ਖੁਸ਼ੀ ਦਾ ਸੰਦੇਸ਼ ਸੀ। ਉਸਨੇ ਜਲਦੀ ਜਲਦੀ ਚਾਹ ਬਣਾਈ ਤੇ ਫਿਰ ਉਹ ਚਾਹ ਪੀਣ ਲੱਗ ਪਏ। ਮਨਦੀਪ ਨੇ ਬੜੇ ਹੌਂਸਲੇ ਨਾਲ ਪੁੱਛਿਆ, "ਪ੍ਰਕਾਸ਼ ਕਦੇ ਕਿਸੇ ਨੂੰ ਪਿਆਰ ਕੀਤਾ ਹੈ ?" ਪਰ ਪ੍ਰਕਾਸ਼ ਨੀਵੀਂ ਪਾਈ ਬੈਠਾ ਰਿਹਾ।

ਫਿਰ ਮਨਦੀਪ ਨੇ ਉਸਨੂੰ ਆਖਣਾ ਸ਼ੁਰੂ ਕੀਤਾ "ਦੇਖ ਪ੍ਰਕਾਸ਼! ਮੇਰੀ ਜ਼ਿੰਦਗੀ ਨਿਰੀ ਨਿਰਾਸ਼ਾ ਹੈ। ਮੈਂ ਅਮੀਰ ਡਾਕਟਰ ਹਾਂ, ਸਾਰੇ ਸੁੱਖ ਹਨ, ਪਰ ਮੈਂ ਪਿਆਰ ਬਿਨ੍ਹਾ ਤੜਪ ਰਹੀ ਹਾਂ। ਮੈਨੂੰ ਕੋਈ ਵੀ ਪਿਆਰ ਨਹੀਂ ਕਰਦਾ ਤੇ ਫਿਰ ਪਤਾ ਨਹੀਂ ਕਿਉਂ ਮੈਂ ਤੈਨੂੰ ਪਿਆਰ ਕਰਨ ਲੱਗ ਪਈ ਹਾਂ। ਮੇਰੀ ਜ਼ਿੰਦਗੀ ਵਿਚ ਆ ਜਾ। ਤੈਨੂੰ ਸਾਰੀ ਉਮਰ ਪੁਜਾਂਗੀ।" "ਉਫ.....ਸੌਰੀ ਡਾਕਟਰ। ਮੈਂ ਤਾਂ ਆਪ ਸਤਿਕਾਰ ਕਰਦਾ, ਹਾਂ ਪਰ ਆਪ ਮੇਰੇ ਸਤਿਕਾਰ ਨੂੰ ਗਲਤ ਸਮਝ ਗਏ। ਇਕ ਸੋਹਣੀ ਜਿਹੀ ਨਰਸ ਨਾਲ ਮੇਰਾ ਰੁਮਾਂਸ ਚਲਦਾ ਹੈ। ਮੈਂ ਉਸ ਨਾਲ ਮਹੀਨੇ ਤੱਕ ਸ਼ਾਦੀ ਕਰ ਲੈਣੀ ਹੈ, ਇਹ ਆਖ ਕੇ ਪ੍ਰਕਾਸ਼ ਅਲੋਪ ਹੋ ਗਿਆ।

ਉਹ ਉਦਾਸ ਹੋ ਗਈ। ਸੋਚਦੀ ਆਦਮੀ ਤਾਂ ਚੰਮ ਦੇ ਵਿਉਪਾਰੀ ਹਨ, ਉਸਨੇ ਮਿਸ਼ਨ ਹਸਪਤਾਲ ਛੱਡਣ ਦੀ ਸੋਚੀ। ਉਹ ਆਪਣੇ ਮਨ ਨਾਲ ਗੱਲਾਂ ਕਰਦੀ, "ਕਿੰਨੇ ਮਨੁੱਖਾਂ ਨੇ ਮੈਨੂੰ ਤ੍ਰਿਸਕਾਰਿਆ ਹੈ। ਜਿਸਨੇ ਮੈਨੂੰ ਦੇਖਿਆ ਮੂੰਹ ਫੇਰ ਕੇ ਲੰਘ ਗਿਆ। ਰੱਬ ਕਿੰਨਾ ਜਾਲਮ ਹੈ ਜੋ ਮਨੁੱਖ ਦੇ ਅਰਮਾਨਾਂ ਨਾਲ ਖੇਡਦਾ ਹੈ ਤੇ ਖੁਸ਼ ਹੁੰਦਾ ਹੈ। ਕਾਸ਼! ਰੱਬ ਇਕ ਇਸਤਰੀ ਹੁੰਦਾ ਤੇ ਕੋਈ ਉਸਨੂੰ ਪਿਆਰ ਨਾ ਕਰਦਾ। ਫਿਰ ਉਸਨੂੰ ਪਤਾ ਲੱਗਦਾ ਇਸਤਰੀ ਦਾ ਪਿਆਰ ਰਹਿਤ ਜੀਵਨ ਕਿਹੋ ਜਿਹਾ ਹੁੰਦਾ ਹੈ।" ਉਸਨੇ ਨੌਕਰੀ ਛੱਡ ਦਿੱਤੀ। ਉਸਨੇ ਫੈਸਲਾ ਕਰ ਲਿਆ ਕਿ ਹੁਣ ਤਾਂ ਪਿਆਰ ਜਾਂ ਵਿਆਹ ਦਾ ਸੁਪਨਾ ਵੀ ਨਹੀ ਲੈਣਾ।

ਅਚਾਨਕ ਚੀਨ ਨੇ ਭਾਰਤ 'ਤੇ ਹਮਲਾ ਕਰ ਦਿੱਤਾ। ਉਸਨੇ ਦੇਸ਼ ਸੇਵਾ ਦਾ ਚੰਗਾ ਮੌਕਾ ਜਾਣ ਕੇ ਮਿਲਟਰੀ ਵਿਚ ਭਰਤੀ ਹੋਣ ਠੀਕ ਸਮਝਿਆ। ਉਹ ਭਰਤੀ ਹੋ ਕੇ ਸਰਹੱਦਾਂ 'ਤੇ ਲੜਦੇ ਵੀਰਾਂ ਦੀ ਸੇਵਾ ਵਿਚ ਜੁੱਟ ਗਈ। ਉਹ ਫਲੋਰੈਂਸ ਨਾਈਟਿੰਗੇਲ ਵਾਂਗ ਸਾਰਾ-ਸਾਰਾ ਦਿਨ ਉਨ੍ਹਾਂ ਦੀ ਦੇਖ ਭਾਲ ਕਰਦੀ ਅਤੇ ਫਿਰ ਰਾਤ ਨੂੰ ਉਨ੍ਹਾਂ ਪਾਸ ਜਾ ਕੇ ਉਨ੍ਹਾਂ ਦੇ ਖੱਤ ਪੱਤਰ ਲਿਖਦੀ। ਸਿਪਾਹੀ ਉਸਨੂੰ ਬਹੁਤ ਸਤਿਕਾਰ ਨਾਲ ਦੇਖਦੇ ਤੇ ਉਸ ਦੀਆਂ ਸਿਫਤਾਂ ਕਰਦੇ ਨਾ ਥੱਕਦੇ। ਉਸ ਨੇ ਕਾਫੀ ਤਰੱਕੀ ਕਰ ਲਈ। ਉਸ ਨੂੰ ਦੇਸ਼ ਸੇਵਾ ਵੱਜੋਂ ਰਾਸ਼ਟਰੀ ਸਨਮਾਨ ਵੀ ਮਿਲਿਆ।

ਹੁਣ ਉਹ ਮੇਜਰ ਡਾਕਟਰ ਸੀ। ਉਸ ਪਾਸ ਹਜ਼ਾਰਾਂ ਰੁਪਏ ਸਨ। ਨੌਕਰ ਚਾਕਰ ਘਰ ਦਾ ਕੰਮ ਕਰਦੇ ਪਰ ਸੀ ਉਹ ਅਜੇ ਵੀ ਉਹੀ ਕਪੂਰ ਡਾਕਟਰ! ਜਦੋਂ ਉਸ ਨੂੰ ਇਹ ਖ਼ਿਆਲ ਆਉਂਦਾ ਤਾਂ ਉਸ ਦਾ ਸਾਰਾ ਅਨੰਦ ਗਾਇਬ ਹੋ ਜਾਂਦਾ। ਉਹ ਰੋ ਪੈਂਦੀ। ਘਰ ਖਾਣ ਨੂੰ ਆਉਂਦਾ। ਉਸ ਦਾ ਜੀ ਕੀਤਾ ਕਿ ਯਤੀਮਖਾਨੇ 'ਚੋਂ ਕੋਈ ਬੱਚਾ ਲੈ ਕੇ ਆਵੇ ਪਰ ਫਿਰ ਉਸ ਨੇ ਆਪੇ ਸਲਾਹ ਹਟਾ ਦਿੱਤੀ।

ਉਸ ਦੇ ਚਾਚੇ ਨੇ ਇਕ ਆਦਮੀ ਨਾਲ ਆਪਣੇ ਇਸ ਡਾਕਟਰ ਭਤੀਜੀ ਬਾਰੇ ਗੱਲ ਕੀਤੀ ਜੋ ਹੁਣੇ ਹੀ ਰੰਡਾ ਹੋਇਆ ਸੀ। ਉਸਨੇ ਨਾਂਹ ਨੁਕਰ ਕੀਤੀ ਪਰ ਜਦੋਂ ਚਾਚਾ ਜੀ ਨੇ ਹਜ਼ਾਰਾਂ ਰੁਪਈਆਂ ਦਾ ਜ਼ਿਕਰ ਕੀਤਾ ਤਾਂ ਉਸ ਦਾ ਮਨ ਲਾਲਚ ਵਿਚ ਆ ਗਿਆ। ਉਸ ਨੇ ਸੋਚਿਆ ਕਾਲੀ ਹੈ ਤਾਂ ਕੀ ਹੋਇਆ ਉਹ ਅਮੀਰ ਤਾਂ ਹੈ। ਉਸ ਦਾ ਪੈਸਾ ਮੇਰਾ ਹੋਵੇਗਾ ਤੇ ਅੱਜਕੱਲ੍ਹ ਧਨ ਨਾਲ ਹੁਸਨ ਵੀ ਖਰੀਦਿਆ ਜਾ ਸਕਦਾ ਹੈ। ਉਹ ਚਾਚਾ ਜੀ ਨਾਲ ਮਨਦੀਪ ਨੂੰ ਦੇਖਣ ਆਇਆ। ਮਨਦੀਪ ਉਦਾਸ ਸੀ। ਉਹ ਸਾਰੇ ਚਾਹ ਪੀ ਰਹੇ ਸਨ ਪਰ ਉਸ ਦੇ ਮਨ ਵਿਚ ਖਿਆਲਾਂ ਦੀ ਘੋੜ ਦੌੜ ਹੋ ਰਹੀ ਸੀ। ਇਕ ਖਿਆਲ ਉਸਨੂੰ ਅਪਨਾਉਣ ਤੇ ਦੂਜੇ ਤਿਆਗਣ ਲਈ ਪ੍ਰੇਰ ਰਿਹਾ ਸੀ। ਉਸ ਦੇ ਚਿਹਰੇ ਤੋਂ ਉਸ ਦੇ ਅੰਦਰ ਦੀ ਹਾਲਤ ਦਾ ਪਤਾ ਲੱਗ ਸਕਦਾ ਸੀ। ਉਸ ਓਪਰੇ ਤੇ ਲਾਲਚੀ ਆਦਮੀ ਨੇ ਆਪਣੀਆਂ ਦੰਦੀਆਂ ਜਿਹੀਆਂ ਕੱਢ ਕੇ ਬੜੇ ਪਿਆਰ ਭਰੇ ਅੰਦਾਜ਼ ਵਿਚ ਆਖਿਆ "ਮਨਦੀਪ ਜੀ ਤੁਸੀਂ ਮੈਨੂੰ ਬਹੁਤ ਹੀ ਪਸੰਦ ਹੈ।"

ਉਧਰੋਂ ਜਵਾਬ ਆਇਆ "ਪਰ ਤੁਸੀਂ ਮੈਨੂੰ ਬਿਲਕੁਲ ਪਸੰਦ ਨਹੀਂ। ਤੁਸੀਂ ਬੜੀ ਖੁਸ਼ੀ ਨਾਲ ਮੇਰੇ ਘਰੋਂ ਦਫਾ ਹੋ ਸਕਦੇ ਹੋ। ਮੈਂ ਵਿਆਹ ਨਹੀਂ ਕਰਵਾਉਣਾ।" ਉਹ ਮੂੰਹ ਅੱਡਾ ਮਨਦੀਪ ਵੱਲ ਦੇਖਦਾ ਰਿਹਾ ਤੇ ਫਿਰ ਚੁੱਪ ਚਾਪ ਚਲਾ ਗਿਆ। ਚਾਚਾ ਜੀ ਬੁਰਾ ਭਲਾ ਆਖ ਕੇ ਚਲੇ ਗਏ। ਮਨਦੀਪ ਦੇ ਚਿਹਰੇ 'ਤੇ ਸੰਤੁਸ਼ਟਤਾ ਦੇ ਚਿੰਨ੍ਹ ਉਘੜ ਆਏ। ਉਸਨੂੰ ਸਾਰੇ ਲੋਕਾਂ ਨੇ ਤ੍ਰਿਸਕਾਰਿਆ ਸੀ। ਅੱਜ ਉਸ ਦੀ ਵਰ੍ਹਿਆਂ ਦੀ ਲਾਲਸਾ ਕਿ ਉਹ ਕਿਸੇ ਨੂੰ ਤ੍ਰਿਸਕਾਰੇ ਪੂਰੀ ਹੋ ਗਈ। ਫਿਰ ਉਹ ਅੰਦਰ ਵੜ ਕੇ ਉਚੀ ਉਚੀ ਰੋਣ ਲੱਗ ਪਈ।

# ਵਿਅੰਗ

## ਅਧਿਆਪਕ ਜਾਂ ਰਸੋਈਆ ?

ਪਿਛਲੀ ਸਰਕਾਰ ਵਲੋਂ ਪ੍ਰਾਇਮਰੀ ਸਕੂਨਾਂ ਵਿਚ ਸ਼ੁਰੂ ਕੀਤੀ ਈ ਮਿਡ ਡੇ ਮੀਲ ਯੋਜਨਾ ਨੇ ਅਧਿਆਪਕਾਂ ਨੂੰ ਰਸੋਈਏ ਬਣਾ ਕੇ ਰੱਖ ਦਿੱਤਾ ਹੈ। ਲਾਤਾਰ ਖਾਣਾ ਤਿਆਰ ਕਰ ਕਰ ਕੇ ਅਧਿਆਪਕਾਂ ਦਾ ਸੁਭਾਅ ਵੀ ਔਰਤਾਂ ਵਾਲਾ ਹੁੰਦਾ ਜਾ ਰਿਹਾ ਹੈ। ਅਧਿਆਪਕਾਂ ਨੂੰ ਲੂਣ-ਮਿਰਚ ਆਦਿ ਦੀਆਂ ਕੀਮਤਾਂ ਵੀ ਯਾਦ ਹੋ ਗਈਆਂ ਹਨ। ਵਿਅੰਗ ਸਕੂਲ ਆਫ ਮਾਲੇਰਕੋਟਲਾ ਦੇ ਖੋਜਾਰਥੀ ਨੇ ਦੱਸਿਆ ਕਿ ਕੁੜੀਆਂ ਨੇ ਵੀ ਅਜਿਹੇ ਰਿਸ਼ਤੇ ਪਹਿਲ ਦੇ ਆਧਾਰ 'ਤੇ ਕਬੂਲ ਕੀਤੇ ਹਨ, ਜਿਨ੍ਹਾਂ ਵਿਚ ਮੁੰਡਾ ਪ੍ਰਾਇਮਰੀ ਸਕੂਲ ਵਿਚ ਅਧਿਆਪਕ ਲੱਗਾ ਹੋਇਆ ਹੈ। ਇਕ ਅਧਿਆਪਕ ਦਾ ਵਿਆਹ ਨਹੀਂ ਹੋ ਰਿਹਾ ਸੀ ਪਰ ਜਦ ਉਸ ਨੇ ਅਖਬਾਰ ਵਿਚ ਦਿੱਤੇ ਇਸ਼ਤਿਹਾਰ ਵਿਚ ਸਾਫ ਲਿਖਿਆ ਕਿ ਉਹ ਅਧਿਪਕ-ਕਮ-ਰਸੋਂਹਆ ਹੈ ਤਾਂ ਝੱਟ ਹੀ ਰਿਸ਼ਤਿਆਂ ਦੀ ਲਾਈਨ ਲੱਗ ਗਈ। ਖਾਣਾ ਬਣਾ-ਬਣਾ ਕੇ ਅਧਿਆਪਕ ਵੀ ਹੁਣ ਏਨੇ ਬੇਸ਼ਰਮ ਹੋ ਗਏ ਹਨ ਕਿ ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਜਦ ਅਧਿਆਪਕਾਂ ਦੀ ਨਵੀਂ ਭਰਤੀ ਦਾ ਇਸ਼ਤਿਹਾਰ ਦਿੱਤਾ ਜਾਵੇ ਤਾਂ ਇਸ਼ਤਿਹਾਰ 'ਤੇ ਸਿਰਫ ਅਧਿਆਪਕ ਦੀ ਭਰਤੀ ਲਈ ਇਸ਼ਤਿਹਾਰ ਲਿਖ ਕੇ ਹੀ ਨਾ ਸਾਰ ਦਿੱਤਾ ਜਾਵੇ, ਸਗੋਂ ਸਪਸ਼ਟ ਲਿਖਿਆ ਜਾਵੇ 'ਅਧਿਆਪਕ-ਕਮ-ਰਸੋਈਆ ਦੀ ਭਰਤੀ ਲਈ ਇਸ਼ਤਿਹਾਰ' ਹੈ, ਤਾਂ ਕਿ ਰਿਸ਼ਤਾ ਕਰਨ ਵੇਲੇ ਔਕੜ ਨਾ ਆਵੇ। ਇੰਟਰਵਿਊ ਵੇਲੇ ਵੀ ਖਾਣਾ ਪਕਾਉਣ ਨਾਲ ਸਬੰਧਤ ਸਵਾਲ ਪੁੱਛੇ ਜਾਣ। ਅਧਿਆਪਕਾਂ ਨੇ ਇਹ ਮੰਗ ਕੀਤੀ ਕਿ ਸਾਰੇ ਬੀ. ਐੱਡ ਕਾਲਜਾਂ ਵਿਚ ਖਾਣਾ ਪਕਾਉਣ ਦੀ ਸਿਖਲਾਈ ਦੇਣੀ ਚਾਹੀਦੀ ਹੈ, ਜਿਸ ਕਾਲਜ ਵਿਚ ਭਾਂਡੇ-ਪਤੀਲੇ ਤੇ ਲੂਣ-ਤੇਲ ਨਹੀ ਹੈ, ਉਸ ਦੀ ਮਾਨਤਾ ਰੱਦ ਕਰ ਦਿੱਤੀ ਜਾਵੇ। ਕਿੰਨਾ ਚੰਗਾ ਲੱਗੇਗਾ ਜਦ ਪੜ੍ਹਣ ਵਲੇ ਵੀ ਤੇ ਪੜਾਉਣ ਵੇਲੇ ਵੀ ਭੋਜਨ ਤਿਆਰ ਕੀਤਾ ਜਾਵੇਗਾ। ਸਾਰੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀ ਦੇ ਬੀ. ਐਡ ਤੇ ਐਮ. ਐਡ ਵਿਭਾਗਾਂ ਵਿਚ ਸਵੇਰੇ ਹੀ ਦੇਗਾਂ ਚਾੜ ਦਿੱਤੀਆਂ ਜਾਇਆ ਕਰਨਗੀਆਂ। ਕਿਸੇ ਦਾ ਦਿਮਾਗ ਪੜ੍ਹਾਈ ਜਾਂ ਵਿਕਾਸ ਦੀਆਂ ਨਵੀਆਂ ਯੋਜਨਾਵਾਂ ਘੜਣ ਵੱਲ ਨਹੀਂ ਜਾਵੇਗਾ। ਦਿਨ ਰਾਤ ਖਾਣੇ ਪਕਾਂਉਣ ਤੇ ਖਾਣ ਦੇ ਦੌਰ ਹੀ ਚਲਦੇ ਰਹਿਣਗੇ।

## ਡੰਗਰ ਡਾਕਟਰ

ਜ਼ਿਲ੍ਹਾ ਪ੍ਰੀਸ਼ਦਾਂ ਵਿਚ ਤਿੰਨ ਸਾਲ ਲਈ ਠੇਕੇ 'ਤੇ ਕੰਮ ਕਰ ਰਹੇ ਡੰਗਰ ਡਾਕਟਰਾਂ 'ਤੇ ਮਹੀਨਾਵਾਰ ਤਨਖਾਹ ਨਾ ਮਿਲਣ ਕਾਰਨ ਸਰਕਾਰੀ ਮਾਰ ਤਾਂ ਪੈ ਹੀ ਰਹੀ ਹੈ ਹੈ ਕਿ ਹੁਣ ਉਨ੍ਹਾਂ ਨੂੰ ਜਾਵਨਰਾਂ ਨੇ ਵੀ ਕੁੱਟਣਾ ਸ਼ੁਰੂ ਕਰ ਦਿੱਤਾ ਹੈ। ਕੁਝ ਦਿਨ ਪਹਿਲਾਂ ਜਲੰਧਰ ਜ਼ਿਲ੍ਹੇ ਦੀ ਇਕ ਪਸ਼ੂ ਡਿਸਪੈਂਸਰੀ ਵਿਚ ਕੰਮ ਕਰ ਰਹੇ ਡਾਕਟਰ ਨੇ ਇਕ ਮੱਝ ਦੇ ਗਰਭਵਤੀ ਹੋਣ ਦਾ ਟੈਸਟ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਬਿਨਾਂ ਹੀ ਸ਼ੁਰੂ ਕਰ ਦਿੱਤਾ ਪਰ ਡਾਕਟਰ ਦੇ ਦਿਮਾਗ ਵਿਚ ਪਿਛਲੇ ਤਿੰਨ ਮਹੀਨਿਆਂ ਤੋਂ ਤਨਖਾਹ ਨਾ ਮਿਲਣ ਕਰਕੇ ਸੋਚਾਂ ਦਾ ਤੂਫਾਨ ਆਇਆ ਹੋਇਆ ਸੀ। ਉਸ ਦਾ ਸੰਪੂਰਨ ਧਿਆਨ ਆਪਣੀ ਪਤਨੀ ਨਾਲ ਕੀਤੇ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਵਲ ਦੌੜਿਆ ਹੋਇਆ ਸੀ। ਜਿਵੇਂ ਹੀ ਉਸ ਨੇ ਮੱਝ ਦਾ ਚੈਕਅਪ ਸ਼ੁਰੂ ਕੀਤਾ ਤਾਂ ਮੱਝ ਨੇ ਲੱਤਾਂ ਮਾਰਨੀਆਂ ਤੇ ਟੱਪਣਾ ਸ਼ੁਰੂ ਕਰ ਦਿੱਤਾ। ਡਾਕਟਰ ਅਚਾਨਕ ਹੋਈ ਗੜਬੜੀ ਕਾਰਨ ਘਬਰਾ ਗਿਆ ਤੇ ਉਸ ਦੇ ਹੱਥ ਵਿਚ ਫੜੀਆਂ ਸੂਈਆਂ ਮੱਝ ਦੇ ਖੁੱਭ ਗਈਆਂ, ਜਿਸ ਕਾਰਨ ਮੱਝ ਨੇ ਗੁੱਸੇ ਵਿਚ ਆ ਕੇ ਧੂੜਾਂ ਪੱਟਦੀ ਦੌੜ ਸ਼ੁਰੂ ਕਰ ਦਿੱਤੀ। ਡੰਗਰ ਡਾਕਟਰ ਹੋਰ ਘਬਰਾ ਗਿਆ, ਉਸ ਨੇ ਗੰਭੀਰ ਸੱਟਾਂ ਤੋਂ ਬਚਣ ਲਈ ਮੱਝ ਦੀ ਪੂੰਛ ਨੂੰ ਜ਼ੋਰ ਨਾਲ ਫੜ ਲਿਆ, ਕਿਉਂਕਿ ਡਾਕਟਰ ਦਾ ਕੱਦ ਕਾਫੀ ਛੋਟਾ ਸੀ, ਇਸ ਕਰਕੇ ਮੱਝ ਦੀ ਤੇਜ਼ ਰਫਤਾਰ ਕਾਨ ਉਸ ਨੇ ਪੂੰਛ ਨਾਲ ਲਟਕ ਜਾਣਾ ਹੀ ਚੰਗਾ ਸਮਝਿਆ। ਮੱਝ ਦੌੜਦੀ ਰਹੀ, ਡਾਕਟਰ ਸਫਰ ਕਰਦਾ ਰਿਹਾ। ਜਦ ਲਟਕਦਿਆਂ-ਲਟਕਦਿਆਂ ਡਾਕਟਰ ਥੱਕ ਗਿਆ ਤਾਂ ਉਸ ਨੇ ਮੱਝ ਨੂੰ ਰੋਕਣ ਲਈ ਉਸ ਦੀ ਪੂੰਛ 'ਤੇ ਦੰਦੀ ਵੱਢ ਦਿੱਤੀ। ਦੰਦੀ ਕਾਰਨ ਮੱਝ ਅਚਾਨਕ ਇਕ ਪਲ ਲਈ ਰੁਕ ਤਾਂ ਗਈ ਪਰ ਡਾਕਟਰ ਨੂੰ ਕੁਝ ਸਮਝ ਨਾ ਆਇਆ ਤੇ ਉਹ ਪੂੰਛ ਛੱਡ ਕੇ ਸੁਰੱਖਿਆ ਹੋਣ ਦੀ ਥਾਂ ਟਪੂਸੀ ਮਾਰ ਕੇ ਮੱਝ ਦੇ ਉਪਰ ਚੜ੍ਹ ਗਿਆ। ਮੱਝ ਨੇ ਫਿਰ ਦੌੜਨਾ ਸ਼ੁਰੂ ਕਰ ਦਿੱਤਾ ਤੇ ਕਈ ਕਿਲੋਮੀਟਰ ਖੇਤਾਂ ਤੇ ਸੜਕਾਂ 'ਤੇ ਗੇੜੇ ਦੇ ਕੇ ਹੀ ਆਪਣੀ ਰਫਤਾਰ ਹੌਲੀ ਕੀਤੀ। ਬਾਅਦ ਵਿਚ ਪਿੰਡ ਵਾਲਿਆਂ ਨੇ ਹਫ ਚੁੱਕੀ ਮੱਝ ਦੀ ਪਿੱਠ ਤੋਂ ਡਾਕਟਰ ਨੂੰ ਹੇਠਾਂ ਉਤਾਰਿਆ। ਜਿਥੇ ਡਾਕਟਰ ਦੇ ਕੱਪੜੇ ਗਾਰੇ ਨਾਲ ਲੱਥਪਥ ਹੋ ਗਏ ਸਨ, ਉਥੇ ਮੱਝ ਦੀ ਪੂੰਛ ਵੀ ਲਹੂ-ਲੂਹਾਨ ਹੋਈ ਪਾਈ ਗਈ। ਵਿਅੰਗ ਸਕੂਲ ਆਫ ਮਾਲੇਰਕੋਟਲਾ ਨੇ ਜ਼ਖਮੀ ਮੱਝ ਤੇ ਪੂੰਤ ਨਾ ਲਟਕੇ ਹੋਏ ਡੰਗਰ ਡਾਕਟਰ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ।



# ਮਿੰਨੀ ਕਹਾਣੀਆਂ

## ਰਸੀਦੀ ਟਿਕਟਾਂ..ਨਹੀਂ ਡਾਕ ਟਿਕਟਾਂ

"ਮੈੱਮ ਇਕ ਵਿਦਿਆਰਥੀ ਦੀ ਜਨਮ ਮਿਤੀ ਬੋਰਡ ਵੱਲੋਂ ਗਲਤ ਲਿਖੀ ਆਈ ਹੈ, ਮੈਂ ਰੋਲ ਨੰਬਰਾਂ ਦਾ ਹੁਣੇ ਮਿਲਾਨ ਕਰਕੇ ਵੇਖਿਆ। ਆਪਾਂ ਤਾਂ ਫਾਰਮ ਵਿਚ ਦਾਖਲਾ ਖਾਰਜ ਅਨੁਸਾਰ ਠੀਕ ਲਿਖੀ ਹੋਈ ਆ। ਪ੍ਰਿੰਸੀਪਲ ਮੈਂਮ ਮੈਡੀਕਲ ਛੁੱਟੀ 'ਤੇ ਹਨ... ਉਹ ਤਾਂ ਅੱਠ ਦਿਨ ਆਉਂਦੇ ਨਹੀਂ। ਹੁਣ ਕੀ ਕਰੀਏ ?" ਮਿਸਿਜ਼ ਰਾਜਦੀਪ ਨੇ ਮਿਸਿਜ਼ ਬੱਲ ਨਾਲ ਗੱਲ ਸਾਂਝੀ ਕੀਤੀ।

"ਕੋਈ ਗੱਲ ਨਹੀਂ ਬੋਰਡ ਨੂੰ ਪੱਤਰ ਲਿਖ ਦਿਆਂਗੇ, ਨਾਲ ਫਾਰਮ ਦੀ ਫੋਟੋ ਸਟੇਟ ਕਾਪੀ। ਗਲਤੀ ਦਰੁਸਤ ਹੋ ਕੇ ਆ ਜਾਏਗੀ।" ਮਿਸਿਜ਼ ਬੱਲ ਨੇ ਕਿਹਾ। "ਮੈੱਮ ਮੈਂ ਤਾਂ ਕਦੇ ਇਹੋ ਜਿਹੀ ਚਿੱਠੀ ਲਿਖੀ ਨਹੀਂ, ਕਿਵੇਂ ਲਿਖਣੈ ?" "ਲਿਖੋ, ਵੱਲੋਂ : ਪ੍ਰਿੰਸੀਪਲ ਸ. ਸ. ਸ. ਸਕੂਲ ਦਾਨਾਂ। ਵੱਲ : ਸਕੱਤਰ (ਪ੍ਰੀਖਿਆਵਾਂ) ਬੋਰਡ ਦਾ ਨਾਂ। ਵਿਸ਼ਾ : ਜਨਮ ਮਿਤੀ ਠੀਕ ਕਰਾਉਣ ਬਾਰੇ। ਸ੍ਰੀ ਮਾਨ ਜੀ...ਵਗੈਰਾ..ਵਗੈਰਾ..ਵਗੈਰ। ਇਹ ਹੁਣ ਰਜਿਸਟਰਡ ...ਡਾਕ ਰਾਹੀਂ ਭੇਜ ਦਿਓ। ਵੀਹ ਰੁਪਏ ਦੀਆਂ ਟਿਕਟਾਂ ਲੱਗਣਗੀਆਂ।" ਮਿਸਿਜ਼ ਬੱਲ ਨੇ ਦੱਸਿਆ।

ਪਿੰਡ ਵਿਚ ਡਾਕਘਰ ਨਾ ਹੋਣ ਕਾਰਨ ਰਾਜਦੀਪ ਨੇ ਦੁਕਾਨ ਤੋਂ ਵੀਹ ਰੁਪਏ ਦੀਆਂ ਟਿਕਟਾਂ ਮੰਗਵਾਈਆਂ। ਦੁਕਾਨਦਾਰ ਨੇ ਵੀਹਾਂ ਦੀ ਥਾਂ ਤੀਹ ਰੁਪਏ ਲਏ ਉਸ ਨੇ ਲਿਫਾਫੇ 'ਤੇ ਟਿਕਟਾਂ ਲਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਜਦੋਂ ਟਿਕਟਾਂ ਲਿਫਾਫੇ ਤੋਂ ਬਾਹਰ ਜਾਣ ਲੱਗੀਆਂ ਤਾਂ ਮਿਸਿਜ਼ ਬੱਲ ਕੋਲ ਆ ਕੇ ਕਹਿਣ ਲੱਗੀ, "ਕਿਵੇਂ ਲਾਈਏ ? ਐਨੀਆਂ ਟਿਕਟਾਂ ਤਾਂ ਲਿਫਾਫੇ 'ਤੇ ਕਿਸੇ ਪਾਸੇ ਵੀ ਪੂਰੀਆਂ ਨਹੀਂ ਲੱਗਦੀਆਂ।"

"ਵੱਡੀਆਂ ਟਿਕਟਾਂ ਮੰਗਵਾਉਣੀਆਂ ਸਨ, ਪੰਜ-ਪੰਜ ਰੁਪਏ ਦੀਆਂ ਚਾਰ ਜਾਂ ਦਸ-ਦਸ ਰੁਪਏ ਵਾਲੀਆਂ ਦੋ।" ਬਿਨਾਂ ਟਿਕਟਾਂ ਵੱਲ ਵੇਖੇ ਮਿਸਿਜ਼ ਬੱਸ ਨੇ ਜਵਾਬ ਦਿੱਤਾ।

"ਲਿਆਓ ਮੈਂ ਲਾਵਾਂ।" ਰਾਜਦੀਪ ਹੱਥੋਂ ਟਿਕਟਾਂ ਫੜਦੇ ਮਿਸਿਜ਼ ਬੱਲ ਨੇ ਕਿਹਾ। ਹੱਥ ਵਿਚ ਟਿਕਟਾਂ ਫੜ ਕੇ ਉਹ ਜ਼ੋਰ-ਜ਼ੋਰ ਦੀ ਹੱਸਣ ਲੱਗ..ਉਸ ਕੋਲੋਂ ਗੱਲ ਨਾ ਹੋਵੇ...ਹੱਸੀ...ਹੱਸੀ..ਜਾਵੇ। ਹਾਸਾ ਮੁਸ਼ਕਿਲ ਨਾਲ ਰੋਕਦੇ ਸਿਰਫ਼ ਇਹੀ ਕਹਿ ਹੋਇਆ, "...ਇ...ਹ..ਤਾਂ ਰ..ਸੀ...ਦੀ ਟਿ..ਕ..ਟਾਂ...ਨੇ, ਡਾ..ਕ ਟਿ..ਕ....ਟਾਂ ਨਹੀਂ...।"


ਬਮਲਜੀਤ ਕੌਰ ਮਾਨ

## ਉਹ ਮਿਲ ਗਿਆ!

ਉਹ ਦੋ ਬੇਟੀਆਂ ਤੋਂ ਬਾਅਦ ਹਰੇਕ ਬੱਚੀ ਦਾ ਗਰਭਪਾਤ ਮੁੰਡੇ ਦੀ ਲੋੜ ਕਰਕੇ ਕਰਦੇ ਰਹੇ। ਵੱਡੀ ਬੇਟੀ ਪਰਮਜੀਤ ਹੁਣਸੋਲ੍ਹਾਂ ਸਾਲ ਦੀ ਉਮਰ ਪਾਰ ਕਰ ਚੁੱਕੀ ਸੀ। ਰਵਨੀਤ ਉਸ ਤੋਂ ਦੋ ਸਾਲ ਛੋਟੀ ਸੀ। ਕਾਲਜ ਵਿਚ ਪੜ੍ਹਦੀਆਂ ਪਰਮਜੀਤ ਦੀਆਂ ਸਹੇਲੀਆਂ ਦੇ ਮਨਵਿਚ ਇਹ ਭੁਲੇਖਾ ਸੀ ਕਿ ਪਰਮਜੀਤ ਦੇ ਮੰਮੀ-ਡੈਡੀ ਨੇ ਦੋ ਬੇਟੀਆਂ ਨੂੰ ਹੀ ਮੁੰਡੇ ਸਮਝ ਕੇ ਪਰਿਵਾਰ ਸੀਮਤ ਰੱਖਿਆ ਹੈ ਅਤੇ ਕੁੜੀਆਂ ਨੂੰ ਮੁੰਡਿਆਂ ਵਾਂਗ ਸਨਮਾਨ ਦਿੱਤਾ ਹੈ। ਪਰਮਜੀਤ ਵੀ ਆਪਣੇ ਆਪ ਨੂੰ ਮੁੰਡੇ ਦੀ ਥਾਂ ਹੀਸਮਝਣ ਲੱਗ ਪਈ। ਉਹ ਮੁੰਡਿਆਂ ਵਾਲੀਆਂ ਜ਼ਿੰਮੇਵਾਰੀਆਂ ਵੀ ਕਈ ਵਾਰ ਨਿਭਾਉਣ ਦਾ ਹੰਭਲਾ ਮਾਰਦੀ। ਭਰੂਣ ਹੱਤਿਆ ਵਿਸ਼ੇਸ਼ 'ਤੇ ਕਾਲਜ ਵਿਚ ਪਰਮਜੀਤ ਨੇ ਬੜੇ ਮਾਣ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਭਾਸ਼ਣ ਦਿੱਤਾ ਤੇ ਵਾਹ-ਵਾਹ ਖੱਟੀ। ਆਪਣੀ ਮਾਂ ਦਾ ਪੈਰ ਭਾਰੀ ਹੋਣ ਦਾ ਜਦੋਂ ਪਰਮਜੀਤ ਨੂੰ ਪਤਾ ਲੱਗਿਆ ਤਾਂ ਉਸਦੇ ਮਨ ਅੰਦਰ ਆਪਣੀ ਹੋਂਦ ਉਸ ਨੂੰ ਬੁਰੀ ਲੱਗਣ ਲੱਗ ਪਈ। ਉਸ ਦੀ ਛੋਟੀ ਭੈਣ ਵੀ ਹੁਣ ਸਭ ਸਮਝਦੀ ਸੀ। ਨਰਸਿੰਗ ਹੋਮ 'ਚੋਂ ਪਰਮਜੀਤ ਦੇ ਡੈਡੀ ਨੇ ਫੋਨ ਕਰਕੇ ਘਰੇ ਦੱਸਿਆ, 'ਬੇਟੀ ਤੁਹਾਡਾ ਵੀਰ ਆ ਗਿਆ।" ਦੋਵੇਂ ਬੱਚੀਆਂ ਨੇ ਪਹਿਲਾਂ ਹੀ ਬਣਾਈ ਸਕੀਮ ਅਨੁਸਾਰ ਆਤਮ-ਹੱਤਿਆ ਕਰ ਲਈ ਤੇ ਪਰਚੇ 'ਤੇ ਲਿਖ ਦਿੱਤਾ, "ਹੁਣ ਤੁਹਾਨੂੰ ਉਹ ਮਿਲ ਗਿਆ, ਜਿਸ ਦੀ ਤੁਹਾਨੂੰ ਲੋੜ ਸੀ। ਹੁਣਸਾਡੀ..।

-ਮੇਜਰ ਸਿੰਘ

# ਵਿਅੰਗ



# ਅਨੋਖੀ ਖਬਰ



ਪਿਛਲੀ ਰਾਤ ਬੱਸ ਸਟੈਂਡ ਕੋਲ ਵਾਲੀਆਂ ਝੁੰਗੀਆਂ ਵਾਲਿਆਂ ਨੂੰ ਪੰਦਰਾਂ-ਵੀਹ ਡਾਕੂਆਂ ਨੇ ਘੇਰਾ ਪਾਉਣ ਦੀ ਲਾਈ ਖ਼ਬਰ ਜਿਉਂ ਹੀ 'ਪਰਸੋਂ ਤੱਕ' ਚੈਨਲ ਵਾਲਿਆਂ ਨੇ ਪ੍ਰਸਾਰਿਤ ਕੀਤੀ ਤਾਂ ਸਾਰੇ ਸੁੱਤੇ ਪਏ ਸ਼ਹਿਰ ਵਿਚ ਸਨਸਨੀ ਫੈਲ ਗਈ। ਡਾਕੂਆਂ ਨੇ ਸਾਰੇ ਲੁੱਟੇ ਹੋਏ ਮਾਲ ਜਿਵੇਂ ਰੂੜੀਆਂ ਵਿਚੋਂ ਚੁੱਗੇ ਹੋਏ ਖਾਲੀ ਫਟੇ-ਪੁਰਾਣੇ ਲਿਫਾਫੇ, ਬੋਰੇ, ਪਾਟੀਆਂ ਤਰਪਾਲਾਂ ਅਤੇ ਹੋਰ ਸਾਰੇ ਨਿੱਕ-ਸੁੱਕ ਦੀਆਂ ਪੰਡਾਂ ਬੰਨ੍ਹ ਕੇ ਚਾਰ ਡਾਕੂਆਂ ਦੇ ਸਾਈਕਲਾਂ 'ਤੇ ਰੱਖ ਕੇ ਆਪਣੇ ਅੱਡੇ ਵੱਲ ਨੂੰ ਰਵਾਨਾ ਕਰ ਦਿੱਤਾ। ਬਾਕੀ ਦੇ ਡਾਕੂ ਵੀ ਮਾਰੇ ਹੋਏ ਸਫਲ ਡਾਕੇ ਦੀ ਖੁਸ਼ੀ ਵਿਚ ਝੂੰਮਦੇ ਦੌੜਨ ਦੀ ਤਿਆਰੀ ਕਰ ਹੀ ਰਹੇ ਸਨ ਪਰ ਟੀ. ਵੀ. ਵਿਚ ਖ਼ਬਰ ਆਉਣ ਕਰਕੇ ਸਾਰੇ ਜ਼ਿਲ੍ਹੇ ਦੀ ਪੁਲਿਸ ਵੀ ਹਰਕਤ ਵਿਚ ਆ ਗਈ। ਘੇਰਾ ਪਿਆ ਦੇਖ ਡਾਕੂਆਂ ਨੇ ਵੀ ਪੁਜ਼ੀਸ਼ਨਾਂ ਲੈ ਲਈਆਂ। ਦੋਹਾਂ ਪਾਸਿਉਂ ਰਾਈਫਲਾਂ ਅਤੇ ਗੁਲੇਲਾਂ ਚਲਣ ਲੱਗੀਆਂ, ਗੁਲੇਲਾਂ ਨਾਲ ਡੇਕ ਦੀਆਂ ਗੋਟਲੀਆਂ ਅਤੇ ਰਾਈਫਲਾਂ ਨਾਲ ਬਰਾਬਰ ਗੋਲੀਆਂ ਦਾ ਮੀਂਹ ਵਰ੍ਹਨ ਲੱਗਾ। ਲਗਾਤਾਰ ਪੰਜ ਘੰਟੇ ਤੱਕ ਚਲੇ ਮੁਕਾਬਲੇ ਵਿਚ ਪੁਲਿਸ ਨੂੰ ਕੋਈ ਵੀ ਕਾਮਯਾਬੀ ਨਾ ਮਿਲੀ ਤਾਂ ਪੁਲਿਸ ਨੇ ਵਾਇਰਲੈੱਸ ਕਰਕੇ ਹੋਰ ਪੁਲਿਸ ਅਤੇ ਕਮਾਂਡੋਜ਼ ਬੁਲਾ ਲਏ। ਗੋਲੀਆਂ ਤੇ ਗਟੋਲਾਂ ਡਾਕੂਆਂ ਦੀਆਂ ਵੀ ਤਕਰੀਬਨ ਖਤਮ ਵਰਗੀਆਂ ਹੀ ਸਨ ਨਾਲੇ ਪੁਲਿਸ ਦਾ ਘੇਰਾ ਤੰਗ ਹੁੰਦਾ ਦੇਖ ਡਾਕੂ ਵੀ ਉਸ ਜਗ੍ਹਾ ਨੂੰ ਛੱਡਣ ਦੀ ਵਿਉਂਤਬੰਦੀ ਕਰਨ ਲੱਗੇ। ਡਾਕੂਆਂ ਦੇ ਸਰਦਾਰ ਦੀ ਜਿਉਂ ਹੀ ਸੜਕ ਕੰਢੇ ਖੜ੍ਹੇ ਪੀ. ਡਬਲਿਊ. ਡੀ. ਵਾਲਿਆਂ ਦੇ ਰੋਡ ਰੋਲਰ 'ਤੇ ਪਈ ਤਾਂ ਉਸ ਦਿਮਾਗ ਨੇ ਮਿੰਟਾਂ ਵਿਚ ਹੀ ਸਾਰੀ ਪਲਾਨਿੰਗ ਕਰ ਲਈ। ਉਸ ਨੇ ਆਪਣੇ ਸਾਰੇ ਸਾਥੀ ਡਾਕੂਆਂ ਨੂੰ ਕੁਝ ਸਮਝਾਉਣ ਤੋਂ ਬਾਅਦ 'ਅੱਖ ਝਪਕਦਿਆਂ ਹੀ ਸਾਰੇ ਡਾਕੂ ਉਸ ਰੋਡ ਰੋਲਰ 'ਤੇ ਸਵਾਰ ਹੋ ਕੇ ਹਨ੍ਹੇਰੇ ਦਾ ਫਾਇਦਾ ਉਠਾਉਂਦੇ ਹੋਏ ਫਰਾਰ ਹੋਣ 'ਚ ਸਫਲ ਹੋ ਗਏ। ਪੁਲਿਸ ਨੇ ਡਾਕੂਆਂ ਪਿੱਛੇ ਬਥੇਰੀਆਂ ਜਿਪਸੀਆਂ ਲਾਈਆਂ ਪਰ ਹੱਥ ਅਸਫਲਤਾ ਹੀ ਲੱਗੀ। ਡਾਕੂ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਗਏ ਸਨ। ਪੁਲਿਸ ਇਕ ਵਾਰ ਫਿਰ ਨਾਕਾਮ। ਪਰ ਪੁਲਿਸ ਨੂੰ ਉਸ ਵਕਤ ਬਹੁਤ ਹੀ ਵੱਡੀ ਸਫਲਤਾ ਹਾਸਲ ਹੋਈ ਜਦੋਂ ਸਿਰਫ ਅੱਧੇ ਘੰਟੇ ਬਾਅਦ ਉਹੀ ਰੋਡ ਰੋਲਰ ਵਾਰਦਾਤ ਵਾਲੀ ਥਾਂ ਤੋਂ ਸਵਾ ਕੁ ਸੌ ਕਿਲੋਮੀਟਰ ਦੂਰ ਪੱਛਮ ਵਾਲੇ ਪਾਸਿਉਂ ਪੁਲਿਸ ਨੇ ਬਰਾਮਦ ਕੀਤਾ। ਪੁਲਿਸ ਦਾ ਕਹਿਣਾ ਹੈ ਕਿ ਅਪਰਾਧੀ ਕਿੰਨਾ ਵੀ ਹੁਸ਼ਿਆਰ ਹੋਵੇ, ਉਹ ਪਿੱਛੇ ਕੋਈ ਨਾ ਕੋਈ ਸਬੂਤ ਜ਼ਰੂਰ ਛੱਡ ਜਾਂਦਾ ਹੈ। ਇਸ ਕਰਕੇ ਪੁਲਿਸ ਉਸ ਰੋਡ ਰੋਲਰ ਨੂੰ ਟੋਅ ਕਰਕੇ ਥਾਣੇ ਵਿਚ ਲਿਆ ਕੇ ਉਸ ਰੋਲਰ ਦੀ ਬਹੁਤ ਹੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ ਤਾਂ ਕਿ ਡਾਕੂਆਂ ਦੇ ਟਿਕਾਣੇ ਦੀ ਅਤੇ ਲੁੱਟੇ ਹੋਏ ਮਾਲ ਦੀ ਕੋਈ ਨਾ ਕੋਈ ਸੂਹ ਜਾਂ ਕੋਈ ਹੋਰ ਠੋਸ ਸਬੂਤ ਮਿਲ ਸਕੇ। ਖ਼ਬਰ ਲਿਖੇ ਜਾਣ ਤੱਕ ਪੁਲਿਸ ਕਿਸੇ ਵੀ ਨਤੀਜੇ 'ਤੇ ਨਹੀਂ ਸੀ ਪਹੁੰਚ ਸਕੀ। ਛਾਣਬੀਨ ਜਾਰੀ ਹੈ।

ਗੁਰਦੀਪ ਮਣਕੂ (ਪੌਨਾ)

# ਮਿੰਨੀ ਕਹਾਣੀਆਂ

## ਚੰਗੀ ਸਿਹਤ

ਇਕ ਪਿੰਡ ਵਿਚ ਇਕ ਸੇਠ ਰਹਿੰਦਾ ਸੀ। ਉਹ ਬਹੁਤ ਜ਼ਿਆਦਾ ਅਮੀਰ ਸੀ। ਸੇਠ ਦੇ ਇਕੋ ਔਲਾਦ ਹੋਣ ਕਰਕੇ ਸੇਠ ਉਸ ਦੀਆਂ ਸਾਰੀਆਂ ਫਰਮਾਇਸ਼ਾਂ ਪੂਰੀਆਂ ਕਰਦਾ ਸੀ। ਛੋਟੀ ਉਮਰ ਦਾ ਹੋਣ ਕਰਕੇ ਗੁਰਜੀਤ ਬਹੁਤ ਚਾਕਲੇਟ, ਆਈਸਕ੍ਰੀਮ, ਟੌਫੀਆਂ ਆਦਿ ਸ਼ੌਕ ਨਾਲ ਖਾਂਦਾ ਸੀ। ਸੇਠ ਨੂੰ ਪਤਾ ਸੀ ਕਿ ਇਹਸਭ ਕੁਝ ਖਾਣ ਨਾਲ ਉਸ ਦੇ ਦੰਦ ਅਤੇ ਸਿਹਤ ਖਰਾਬ ਹੋ ਜਾਵੇਗੀ। ਪਰ ਇਕੋ ਔਲਾਦ ਹੋਣ ਕਰਕੇ ਉਹ ਉਸ ਨੂੰ ਕੁਝ ਨਹੀਂ ਸੀ ਕਹਿੰਦਾ। ਸੇਠ ਦੀ ਪਤਨੀ ਉਸ ਨੂੰ ਬਹੁਤ ਸਮਝਾਉਂਦੀ ਸੀ। ਲੇਕਿਨ ਗੁਰਜੀਤ ਫਿਰ ਵੀ ਕੁਝ ਨਾ ਕੁਝ ਖਾਈ ਜਾਂਦਾ ਸੀ। ਉਹ ਕੋਈ ਵੀ ਕੰਮ ਆਪ ਨਹੀਂ ਸੀ ਕਰਦਾ। ਹਮੇਸ਼ਾ ਵਿਹਲਾ ਰਹਿੰਦਾ ਸੀ, ਜਿਸ ਕਾਰਨ ਉਸ ਦੀ ਸਿਹਤ ਵਿਗੜਦੀ ਜਾ ਰਹੀ ਸੀ।

ਇਕ ਰਾਤ ਉਸ ਨੇ ਸੁਪਨੇ ਵਿਚ ਦੇਖਿਆ ਕਿ ਇਕ ਜਾਦੂਗਰ ਉਸ ਦੇ ਕੋਲ ਆਉਂਦਾ ਹੈ ਅਤੇ ਕਹਿੰਦਾ ਹੈ ਕਿ ਗੁਰਜੀਤ ਤੂੰ ਤਿੰਨ ਸਾਲ ਦੇ ਬਾਅਦ ਮਰ ਜਾਵੇਂਗਾ। ਇਹ ਸੁਣ ਕੇ ਗੁਰਜੀਤ ਨੂੰ ਯਕੀਨ ਨਹੀਂ ਹੋਇਆ। ਫਿਰ ਉਸ ਨੇ ਪੁੱਛਿਆ ਕਿ ਕਿਉਂ ? ਜਾਦੂਗਰ ਨੇ ਕਿਹਾ ਕਿ ਤੂੰ ਬਹੁਤ ਚਾਕਲੇਟ, ਆਈਸਕ੍ਰੀਮ ਖਾਂਦਾਂ ਏਂ ਤੇ ਤੇਰੇ ਮਾਤਾ-ਪਿਤਾ ਤੈਨੂੰ ਇਹ ਖਾਣ ਤੋਂ ਨਹੀਂ ਰੋਕਦੇ ਕਿਉਂਕਿ ਤੂੰ ਉਨ੍ਹਾਂ ਦੀ ਇਕੋ ਇਕ ਔਲਾਦ ਹੈਂ ਅਤੇ ਉਹ ਤੈਨੂੰ ਹਮੇਸ਼ਾ ਖੁਸ਼ ਦੇਖਣਾ ਚਾਹੁੰਦੇ ਹਨ। ਇਹ ਚੀਜ਼ਾਂ ਤੇਰੀ ਸਿਹਤ ਲਈ ਬਹੁਤ ਹਾਨੀਕਾਰਕ ਹਨ।

ਜੇਕਰ ਤੂੰ ਇਹ ਚੀਜ਼ਾਂ ਐਵੇਂ ਹੀ ਖਾਂਦਾ ਰਿਹਾ ਅਤੇ ਚੰਗਾ ਭੋਜਨ ਨਾ ਖਾਧਾ ਤਾਂ ਤੇਰੀ ਸਿਹਤ ਵਿਗੜ ਜਾਵੇਗੀ। ਫਿਰ ਗੁਰਜੀਤ ਨੂੰ ਇਹ ਗੱਲ ਸਮਝ ਵਿਚ ਆ ਗਈ ਅਤੇ ਉਸ ਨੇ ਵਚਨ ਲਿਆ ਕਿ ਅੱਗੇ ਤੋਂ ਚੰਗਾ ਭੋਜਨ ਖਾਇਆ ਕਰੇਗਾ।

ਉਸ ਨੇ ਇਹ ਗੱਲ ਆਪਣੇ ਮਾਤਾ-ਪਿਤਾ ਨੂੰ ਦੱਸੀ। ਉਸ ਨੇ ਇਹ ਗੱਲ ਆਪਣੇ ਦੋਸਤਾਂ ਨੂੰ ਵੀ ਦੱਸੀ ਅਤੇ ਕਿਹਾ ਕਿ ਅੱਗੇ ਤੋਂ ਉਹ ਵੀ ਚੰਗੀਆਂ ਚੀਜ਼ਾਂ ਖਾਣ ਤਾਂ ਕਿ ਤੁਸੀਂ ਵੀ ਸਿਹਤਮੰਦ ਰਹਿ ਸਕੋ।

– ਆਕਾਸ਼ਦੀਪ ਕੌਰ

# ਮਿੰਨੀ ਕਹਾਣੀਆਂ

## ਮੰਗ

ਗਲੀ ਦੀਆਂ ਤੀਵੀਆਂ ਸੰਤੋਖ ਕੌਰ ਨੂੰ ਮੁੰਡੇ ਦੇ ਵਿਆਹ ਦੀਆਂ ਵਧਾਈਆਂ ਦੇਣ ਆ ਰਹੀਆਂ ਸਨ। ਉਹ ਮੁੰਡੇ ਦਾ ਵਿਆਹ ਨਕੋਦਰ ਕਰ ਕੇ ਆਈ ਸੀ-ਅਖੇ! ਕੌਂਕ ਆਣ-ਜਾਣ ਦਾ ਝੰਜਟ ਕਰੇ। ਸੋਚਿਆ, ਮੈਂ ਵੀ ਵਧਾਈ ਦੇ ਆਵਾਂ-ਗਲੀ ਦਾ ਮਾਮਲਾ ਜੁ ਹੈ। ਖਾਸ ਗੱਲ ਇਹ ਵੀ ਸੀ ਕਿ ਸੰਤੋਖ ਕੌਰ ਨੇ ਦਾਜ ਨਹੀਂ ਸੀ ਲਿਆ। ਮੈਂ ਜਾ ਕੇ ਵੇਖਿਆ ਕਿ ਘਰ ਵਧੀਆ ਫਰਨੀਚਰ ਅਤੇ ਢੇਰਾਂ ਦੇ ਢੇਰ ਕੀਮਤੀ ਤੋਂ ਕੀਮਤੀ ਸਮਾਨ ਨਾਲ ਭਰਿਆ ਪਿਆ ਸੀ। ਮੇਰੇ ਮੂੰਹੋਂ ਨਿਕਲ ਗਿਆ, ਭੈਣ ਜੀ! ਆਹ ਕੀ! ਤੁਸੀਂ ਤਾਂ ਦਾਜ ਨਹੀਂ ਲੈਣਾ। ਸੰਤੋਖ ਕੌਰ ਕਹਿਣ ਲੱਗੀ, "ਭੈਣ ਜੀ ਜੋ ਦਿੱਤਾ ਆਪਣੀ ਧੀ ਨੂੰ ਦਿੱਤਾ, ਸਾਡੀ ਤਾਂ ਕੋਈ ਮੰਗ ਹੀ ਨਹੀਂ ਸੀ।

ਹਰਪ੍ਰੀਤ ਕੌਰ ਮਨਚੰਦਾ

## ਰੋਟੀ

ਜਾਦੂਗਰ ਤਮਾਸ਼ਾ ਦਿਖਾ ਰਿਹਾ ਸੀ। ਉਹ ਕਾਗਜ਼ ਨੂੰ ਸੌ ਦੇ ਨੋਟਾਂ ਵਿਚ ਬਦਲ ਦਿੰਦਾ। ਟੋਪੀ ਵਿਚੋਂ ਕਬੂਤਰ ਕੱਢ ਦਿੰਦਾ। ਉਹ ਕਿਸੇ ਨੂੰ ਵੀ ਬੁਲਾ ਕੇ ਉਸ ਤੋਂ ਸਿੱਕਿਆਂ ਦਾ ਡੱਬਾ ਭਰ ਲੈਂਦਾ। ਡੰਡਾ ਘੁੰਮਾ ਕੇ ਕਾਗਜ਼ ਤੋਂ ਤਰ੍ਹਾਂ-ਤਰ੍ਹਾਂ ਦੇ ਫੁੱਲ ਬਣਾ ਦਿੰਦਾ। ਜਾਦੂਗਰ ਦੇ ਇਸ ਤਮਾਸ਼ੇ 'ਤੇ ਲੋਕ ਤਾੜੀਆਂ ਵਜਾ ਰਹੇ ਸਨ। ਪਰ ਉਹ ਜਾਦੂ ਨਾਲ ਆਪਣੇ ਲਈ ਦੋ ਵਕਤ ਦੀ ਰੋਟੀ ਨਹੀਂ ਮੰਗਵਾ ਸਕਦਾ।

ਬੂਟਾ ਰਾਮ, ਮਾਖਾ ਚਹਿਲਾਂ

## ਨਜ਼ਰੀਆ

ਲਾਇਬਰੇਰੀ ਵਿਚ ਇਕ ਮੇਜ਼ 'ਤੇ ਪਏ ਤਿੰਨ ਚਾਰ ਅਖ਼ਬਾਰ ਆਪਸ ਵਿਚ ਗੱਲਾਂ ਕਰ ਰਹੇ ਸਨ :-

ਪਹਿਲਾ ਅਖ਼ਬਾਰ : ਆਪਣੀ ਵੀ ਕੋਈ ਜ਼ਿੰਦਗੀ ਏ। ਬੰਬ ਧਮਾਕਿਆਂ, ਐਕਸੀਡੈਂਟਾਂ, ਆਤਮ-ਹੱਤਿਆਵਾਂ, ਮੰਤਰੀਆਂ ਦੇ ਘੁਟਾਲਿਆਂ ਆਦਿ ਦੀਆਂ ਖ਼ਬਰਾਂ ਨਾਲ ਆਪਾਂ ਸਵੇਰੇ ਸਵੇਰੇ ਹੀ ਪਾਠਕਾਂ ਦੇ ਮੂਡ ਖਰਾਬ ਕਰ ਦਿੰਦੇ ਹਾਂ।

ਦੂਜਾ ਅਖ਼ਬਾਰ : ਹਾਂ ਯਾਰ, ਹੋਰ ਤਾਂ ਹੋਰ ਫਿਲਮੀ ਐਕਟਰਸਾਂ ਤੇ ਤਰ੍ਹਾਂ-ਤਰ੍ਹਾਂ ਦੀਆਂ ਮਾਡਲਾਂ ਦੇ ਅਸ਼ਲੀਲ ਫੋਟੋ ਪਾਠਕਾਂ ਅੰਦਰ ਗਲਤ ਪ੍ਰਵਿਰਤੀਆਂ ਜਗਾਉਂਦੇ ਹਨ।

ਤੀਜਾ ਅਖ਼ਬਾਰ : ਤਿੰਨ-ਤਿੰਨ ਸਾਲਾਂ ਦੀਆਂ ਮਾਸੂਮ ਬੱਚੀਆਂ ਨਾਲ ਬਲਾਤਕਾਰ, ਭਰੂਣ-ਹੱਤਿਆਵਾਂ, ਨਵ-ਵਿਆਹੁਤਾ ਦਾ ਸਹੁਰਿਆਂ ਵੱਲੋਂ ਮਾਰ ਦਿੱਤੇ ਜਾਣ ਦੀਆਂ ਵਾਰਦਾਤਾਂ। ਇਹੋ ਜਿਹੀਆਂ ਹੈਵਾਨਗੀ ਭਰੀਆਂ ਖ਼ਬਰਾਂ ਨਾਲ ਲੋਕਾਂ ਦੇ ਦਿਲ ਦਹਿਲ ਜਾਂਦੇ ਹਨ। ਕੀ ਸਿੱਖਿਆ ਦਿੰਦੇ ਹਾਂ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ?

ਚੌਥਾ ਅਖ਼ਬਾਰ : ਗੁਰੂ ਨਾਨਕ ਦੇਵ ਜੀ, ਮਹਾਤਮਾ ਬੁੱਧ, ਈਸਾ ਮਸੀਹ, ਸਵਾਮੀ ਦਇਆ ਨੰਦ ਵਰਗੀਆਂ ਹੋਰ ਮਹਾਨ ਆਤਮਾਵਾਂ ਬਾਰੇ ਸਮੱਗਰੀ, ਵਿਗਿਆਨ ਦੀਆਂ ਕਾਢਾਂ, ਸਿਹਤ ਬਾਰੇ, ਰਸੋਈ ਬਾਰੇ ਅਤੇ ਬੱਚਿਆਂ ਦੇ ਸੁੰਦਰ ਚਿੱਤਰ ਆਦਿ ਤਰ੍ਹਾਂ-ਤਰ੍ਹਾਂ ਦੀ ਜਾਣਕਾਰੀ ਵੀ ਤਾਂ ਹੁੰਦੀ ਹੈ ਅਖ਼ਬਾਰ ਵਿਚ। ਇਹ ਤਾਂ ਸਭ ਕੁਝ ਪਾਠਕ ਦੇ ਪੜ੍ਹਨ ਦੇ ਨਜ਼ਰੀਏ 'ਤੇ ਨਿਰਭਰ ਕਰਦਾ ਏ ਕਿ ਕਿਹੜਾ ਕੀ ਪੜ੍ਹਨਾ ਪਸੰਦ ਕਰਦਾ ਏ ?

ਰਿੰਪੀ ਪਨੇਸਰ



# ਕਾਵਿ ਰਚਨਾ

## ਗਜ਼ਲਾਂ

ਪੱਥਰਾਂ ਵਿਚ ਵਹੇ, ਇਕ ਨਦੀ ਸਾਂਵਲੀ।
ਦਰਦ ਦਿਲ ਦਾ ਕਹੇ, ਇਕ ਨਦੀਂ ਸਾਂਵਲੀ।
ਪੀੜ ਜ਼ਖਮਾਂ ਦੀ ਮਹਿਣੇ, ਤੇ ਇਲਜ਼ਾਮ ਸਹਿ,
ਗਮ ਦੇ ਸਾਗਰ ਲੋਹੇ, ਇਕ ਨਦੀ ਸਾਂਵਲੀ।
ਮੈਂ ਜਦੋਂ ਵੀ ਲਿਖਾਂ, ਗੀਤ ਕੋਈ ਗਜ਼ਲ,
ਮਨ ਵਿਚ ਮੇਰੇ ਰਹੇ, ਇਕ ਨਦੀ ਸਾਂਵਲੀ।
ਹੌਕਿਆਂ ਨੂੰ ਦਬਾ, ਹੰਝੂਆਂ ਨੂੰ ਛੁਪਾ
ਹਰ ਸਿੱਤਮ ਨਿੱਤ ਸਹੇ, ਇਕ ਨਦੀ ਸਾਂਵਲੀ
ਜਾਣਦੇ ਹੋਏ ਵੀ, ਬਣ ਕੇ ਅਣਜਾਣ ਹੀ
ਕੁਝ ਨਾ ਬੋਲੇ ਕਹੇ, ਇਕ ਨਦੀ ਸਾਂਵਲੀ।
ਦਿਲ ਵਿਚ ਮੇਰੇ ਉਹ, ਹਰ ਵਾਰ ਜਾਵੇ ਉਤਰ
ਪਾਸ ਜਦ ਵੀ ਬਹੇ, ਇਕ ਨਦੀ ਸਾਂਵਲੀ।
ਕਾਸ਼ ਸਮਝੇ ਉਹ, ਜੋ ਉਸ ਨੂੰ ਕਹਿ ਨਾ ਸਕਾਂ,
ਬਣ ਕੇ ਮੇਰੀ ਰਹੇ, ਇਕ ਨਦੀ ਸਾਂਵਲੀ।

* * * * *

ਹਰ ਮੋੜ ਮਕਤਲਾਂ ਨੇ ਹੋਰ ਚੌਕ ਕਤਲਗਾਹਾਂ,
ਕਿਧਰੇ ਵੀ ਜ਼ਿੰਦਗੀ ਨੂੰ ਨਹੀਂ ਮਿਲਦੀਆਂ ਪਨਾਹਾਂ
ਕਦਮਾਂ 'ਚ ਤੇਰੇ ਅਰਪਣ ਤਾਉਮਰ ਦੀ ਕਮਾਈ
ਅਸ਼ਕਾਂ ਦਾ ਇਕ ਸਮੁੰਦਰ ਲੱਖਾਂ ਹੀ ਸਰਦ ਆਹਾਂ।
ਦਰਵੇਸ਼ ਬੇਜ਼ੁਬਾਂ ਹਾਂ ਖਾਮੋਸ਼ ਚੀਕ ਮੇਰੀ,
ਦੁਨੀਆਂ ਨੂੰ ਨਾ ਸੁਣੇਗੀ ਕਿੰਨਾ ਵੀ ਮੈਂ ਕਰਾਹਾਂ
ਤਨ ਵੀ ਨਹੀਂ ਹੈ ਸਾਬਤ ਮਨ ਵੀ ਨਹੀਂ ਸਲਾਤਮ
ਤੇਰੀ ਪ੍ਰੀਤ ਲੈ ਤੂੰ ਅਣਲਿਖੇ ਨੂੰ ਸੁਣ ਲੈ ਤੂੰ ਅਦਕਹੇ ਨੂੰ
ਲੂ ਲੂ ਵਿਚ ਤਜ਼ਕਰਾ ਹੈ ਕਿੰਨਾ ਮੈਂ ਤੈਨੂੰ ਚਾਹਾਂ
ਸੁਣ ਲੈ ਪੁਕਾਰ ਮੇਰੀ ਖੰਭਾਂ 'ਚ ਤਾਣ ਭਰਦੇ
ਤੇਰੀ ਦੀਦਾਰ ਖਾਤਰ ਗਗਨਾਂਤਰਾਂ ਨੂੰ ਗਾਹਾਂ
ਅਜ਼ਲਾਂ ਤੋਂ ਮੁੰਤਜ਼ਿਰ ਹਾਂ ਆ ਮਿਲ ਹੁਣੇ ਹੀ ਵਰਨਾ
ਚੜ੍ਹਿਆ ਚਨਾਬ ਹਾਂ ਮੈਂ ਹੁਣ ਕਿੰਗਰੇ ਵੀ ਢਾਹਾਂ।

-ਡਾ. ਸਰਬਜੀਤ

* * * * *

ਰਾਤ ਦਾ ਸੰਨਾਟਾ ਹੈ ਤੇ ਦਿਨ ਦੀ ਖਾਮੋਸ਼ੀ ਹੈ,
ਹਰਕਤ-ਏ-ਲਾਸ਼ ਹੈ ਤੇ ਰੂਹ ਦੀ ਬੇਹੋਸ਼ੀ ਹੈ।
ਕਬਰਾਂ ਦਾ ਰਾਜ ਦਿੱਤਾ ਪਰਜਾ ਨੇ ਮੁਰਦੇ,
ਕਿਹੋ-ਜਿਹਾ ਜਸ਼ਨ ਇਹ ਕੇਹੀ ਤਾਜਪੋਸ਼ੀ ਹੈ।
ਸੂਰਤ ਦਾ ਜੋ ਵੀ ਚੰਗਾ ਲੱਗੇ ਉਹੀ ਮਹਿਬੂਬ,
ਪਿਆਰ ਨਹੀਂ ਯਾਰੋ ਇਹ ਤਾਂ ਜਿਸਮਫਰੋਸ਼ੀ ਹੈ।
ਖ਼ਫਾ ਕੁਝ ਬੋਲਾਂ ਜੇ ਮੈਂ ਚੁੱਪ ਰਹਾਂ ਸੜਦੇ ਨੇ,
ਲੋਕਾਂ ਪੱਲੇ ਪਾਈ ਮੇਰੇ ਅਜ਼ਬ ਨਮੋਸ਼ੀ ਹੈ।
ਹਸ਼ਰ ਦੇ ਵੇਲੇ ਖੌਰੇ ਹਸ਼ਰ ਕੀ ਹੋਣਾ ਏ,
ਮਿਲੀ ਨਾ ਪਰਮਜੀਤ' ਖੁਸ਼ੀ ਜੋ ਵੀ ਲੋਚੀ ਹੈ।

# ਕਾਵਿ ਕਿਆਰੀ

## ਵੱਡਾ ਪੁੰਨ :-

ਮੈਂ ਵੇਖਦਾ ਹਾਂ ਤੂੰ, ਹਰ ਰੋਜ਼
ਗਊ ਨੂੰ ਆਟੇ ਦਾ ਪੇੜਾ ਜ਼ਰੂਰ
ਚਾਰਦੀ ਏਂ
ਮੈਨੂੰ ਪਤਾ ਹੈ
ਤੂੰ ਬਹੁਤ ਵੱਡਾ ਪੁੰਨ ਸਮਝਦੀ ਏਂ
ਗਊ ਨੂੰ ਪੇੜਾ ਚਾਰਨਾ
ਪਰ
ਤੇਰੇ ਪੜੌਸੀਆਂ ਦੇ ਮਾਸੂਮ ਬੱਚੇ
ਤੈਨੂੰ ਪਤਾ ਹੈ
ਰੋਜ਼ਾਨਾ ਹੀ
ਭੁੱਖਣ ਭਾਣੇ ਸੌਂਦੇ ਹਨ
ਤਰਸਦੇ ਨੇ ਏਸ ਆਟੇ ਨੂੰ
ਜੋ ਤੂੰ ਨਿੱਤ ਚਾਰਦੀ ਏਂ ਗਊ ਨੂੰ
ਕੀ ਤੂੰ ਕਿਸੇ ਇਨਸਾਨ ਨੂੰ
ਰੋਟੀ ਦੀ ਬੁਰਕੀ ਦੇਣੀ
ਪੁੰਨ ਨਹੀਂ ਸਮਝਦੀ
ਜ਼ਰਾ ਸੋਚ
ਭੁੱਖੇ ਇਨਸਾਨ ਨੂੰ ਰਜਾਉਣਾ
ਪੁੰਨ ਨਹੀਂ, ਕਿ ਪੁੰਨ ਹੈ
ਪੁੰਨ ਹੈ ਜਾਂ
ਗਊ ਨੂੰ ਪੇੜਾ ਚਾਰਨ ਤੋਂ ਵੀ ਵੱਡਾ ਪੁੰਨ
ਹੈ।

-ਬੇਅੰਤ ਗਿੱਲ

## ਮੁਖਾਤਿਬ

ਉਸ ਨੂੰ ਕਵਿਤਾ ਨੇ ਪੁੱਛਿਆ
ਤੂੰ ਕੌਣ ਏਂ ?
ਬੰਦਾ ਇਸ ਦੇ ਇਵਜ਼
ਕੁਝ ਬੋਲਣਾ ਚਾਹ ਕੇ ਵੀ
ਨਾ ਬੋਲਿਆ
ਕਵਿਤਾ ਫਿਰ ਮੁਖਾਤਿਬ ਹੋਈ
ਮੇਰੇ ਲੋਕਾਂ ਦੇ ਕੋਈ ਮਾਅਨੇ ਨਹੀਂ ?
ਤਾਂ ਬੰਦਾ ਰਤਾ ਘਬਰਾਇਆ
ਡਰਿਆ, ਪਰ ਉਪਰੋਂ
ਮੁਸਕਰਾਇਆ ਅਤੇ ਦਹਿਸ਼ਤ
ਵਰਗੇ
ਬੋਲਾਂ ਨਾਲ
ਹੋਇਆ ਕਵਿਤਾ ਨੂੰ ਸੰਬੋਧਨ
ਐ ਕਵਿਤਾ, ਤੋੜ ਦਿਆਂਗਾ
ਮੈਂ ਤੇਰਾ ਭਰਮ
ਮੇਰੇ ਆਪਣੇ ਕਰਮ ਤੇਰਾ
ਆਪਣਾ
ਧਰਮ ਕਵਿਤਾ
ਇਸ ਦੇ ਇਵਜ਼ ਸ਼ਰਮਾਈ
ਥੋੜ੍ਹਾ ਮੁਸਕਰਾਈ
ਵੀ ਅਤੇ ਜ਼ਮੀਨ ਤੋਂ ਲਈ ਉਸ
ਨੇ ਅੰਬਰ ਦੀ ਉਡਾਨ
ਧਰਤ ਬਣੀ ਕਬਰਿਸਤਾਨ।...

# ਭਗਵੰਤ ਸਿੰਘ ਮਾਨ ਦੀ ਸਰਕਾਰ ਦੇ ਵਿਰੁੱਧ ਬੋਲਣ ਲਈ ਨਹੀਂ ਰਿਹਾ ਵਿਰੋਧੀਆਂ ਕੋਲ ਕੋਈ ਮੁੱਦਾ: ਕੁਲਵੰਤ ਸਿੰਘ

## ਵਿਧਾਇਕ ਹੋਰਾਂ ਕਿਹਾ : ਮੋਹਾਲੀ ’ਚ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਨਾਲ ਸੰਬੰਧਿਤ ਰੋਜ਼ਾਨਾ ਹੋ ਰਹੀ ਹੈ ਇੱਕ ਹਜ਼ਾਰ ਤੋਂ ਵੀ ਵੱਧ ਰਜਿਸਟਰੇਸ਼ਨ

**ਮੁਹਾਲੀ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਵੱਲੋਂ ਪੰਜਾਬ ਦੇ ਵਿੱਚ ਲਿਆਂਦੀ ਗਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਨੂੰ ਸਹੀ ਮਾਇਨਾਂ ਦੇ ਵਿੱਚ ਲਾਗੂ ਕਰਨ ਦੇ ਲਈ ਮੋਹਾਲੀ ਵਿਧਾਨ ਸਭਾ ਹਲਕੇ ਸਮੇਤ ਪੂਰੇ ਪੰਜਾਬ ਦੇ ਵਿੱਚ ਮਸ਼ੀਨਾਂ ਦੁਆਰਾ ਰਜਿਸਟਰੇਸ਼ਨ ਦਾ ਕੰਮ ਵੱਡੇ ਪੱਧਰ ਤੇ ਸ਼ੁਰੂ ਹੋ ਚੁੱਕਾ ਹੈ। ਇਸ ਮੌਕੇ ਤੇ ਉਹਨਾਂ ਦੇ ਨਾਲ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰ ਪਰਸਨ ਇੰਜੀਨੀਅਰ ਪ੍ਰਭਜੋਤ ਕੌਰ ਵੀ ਹਾਜ਼ਰ ਸਨ ਰਹੇ, ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਬਾਰੇ ਵਿੱਚ ਇੱਕ ਗੱਲ ਵਿਰੋਧੀਆਂ ਨੂੰ ਵੀ ਸਪਸ਼ਟ ਹੋ ਚੁੱਕੀ ਹੈ ਕਿ ਇਹ ਜੋ ਵੀ ਕਹਿੰਦੇ ਹਨ ਜੋ ਵੀ ਲੋਕਾਂ ਨਾਲ ਵਾਅਦੇ ਅਤੇ ਦਾਵੇ ਕਰਦੇ ਹਨ ਉਹਨਾਂ ਨੂੰ ਜਲਦੀ ਤੋਂ ਜਲਦੀ ਲਾਗੂ ਕੀਤਾ ਜਾਂਦਾ ਹੈ ਇਹ ਗੱਲ ਪੰਜਾਬ ਦੇ ਲੋਕਾਂ ਨੇ ਪਿਛਲੇ ਚਾਰ ਵਰ੍ਹਿਆਂ ਵਿੱਚ ਵੇਖ ਵੀ ਲਈ ਹੈ। ਉਹਨਾਂ ਕਿਹਾ ਕਿ ਪੂਰੇ ਪੰਜਾਬ ਦੇ ਵਿੱਚ ਹਸਪਤਾਲ ਅਪਗ੍ਰੇਡ ਕੀਤੇ ਗਏ ਹਨ। ਵੱਡੀ ਗਿਣਤੀ ਦੇ ਵਿੱਚ ਲੋੜੀਂਦੇ ਡਾਕਟਰ ਨਰਸਾਂ ਅਤੇ ਅਮਲੇ ਫੈਲੇ ਦੀ ਭਰਤੀ ਵੱਡੇ ਪੱਧਰ ਤੇ ਕੀਤੀ ਗਈ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮੁਹੱਲਾ ਕਲੀਨਿਕ ਵੀ ਖੋਲ੍ਹੇ ਗਏ ਹਨ ਜਿੱਥੇ ਮਰੀਜ਼ਾਂ ਦਾ ਰੋਜ਼ਾਨਾ ਲੱਖਾਂ ਦੀ ਗਿਣਤੀ ਦੇ ਵਿੱਚ ਇਲਾਜ ਸੰਭਵ ਹੋ ਰਿਹਾ। ਵਿਧਾਇਕ ਕੁਲਵੰਤ ਸਿੰਘ ਹੋਰਾਂ ਕਿਹਾ ਕਿ ਹੁਣ ਵਿਰੋਧੀਆਂ ਦੇ ਕੋਲ਼ ਬੋਲਣ ਦੇ ਲਈ ਕੋਈ ਮੁੱਦਾ ਹੀ ਨਹੀਂ ਰਿਹਾ ਅਤੇ ਉਹ ਬਿਨਾਂ ਵਜ੍ਹਾ ਅਵਾ -ਤਵਾ ਬੋਲ ਕੇ ਆਪਣੀ ਰਾਜਨੀਤਿਕ ਡੰਗ-ਟਪਾਈ ਕਰਦੇ ਵਿਖਾਈ ਦਿੰਦੇ ਹਨ, ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਕੁਲਵੰਤ ਸਿੰਘ ਹੋਰਾਂ ਕਿਹਾ ਕਿ ਪੂਰੇ ਪੰਜਾਬ ਦੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਦੇ ਸੂਬੇ ਦੇ ਹਰ ਵਰਗ ਦੇ ਲਈ ਕੁਝ ਨਾ ਕੁਝ ਕੀਤਾ ਜਾ ਰਿਹਾ ਹੈ ਬਿਜਲੀ ਦੇ ਬਿੱਲ ਮੁਆਫ ਕੀਤੇ ਗਏ ,ਵੱਡੇ ਪੱਧਰ ਤੇ ਬਿਨਾਂ- ਕਿਸੇ ਰਿਜਰਵੇਸ਼ਨ ਦੇ ਸੂਬੇ ਦੇ ਨੌਜਵਾਨ ਮੁੰਡੇ -ਕੁੜੀਆਂ ਨੂੰ ਰੋਜ਼ਗਾਰ , 1000 ਤੋਂ ਵੀ ਵੱਧ ਸੂਬੇ ਵਿੱਚ ਮੁਹੱਲਾ ਕਲੀਨਿਕ ਖੋਲ੍ਹੇ ਗਏ, ਇਸ ਤੋਂ ਇਲਾਵਾ ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਵੱਲੋਂ ਸੂਬੇ ਦੇ ਲੋਕਾਂ ਲਈ 10 ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਕੀਤੀ ਗਈ ਹੈ। ਉਹਨਾਂ ਕਿਹਾ ਕਿ ਸੀ.ਐਸ.ਸੀ ਸੈਂਟਰਾਂ ਦੇ ਵਿੱਚ ਰੋਜ਼ਾਨਾ ਵਿਧਾਨ ਸਭਾ ਹਲਕਾ ਮੋਹਾਲੀ ਦੇ ਵਿੱਚ ਇਕ ਹਜਾਰ ਰਜਿਸਟਰੇਸ਼ਨ ਹੋ ਰਹੀ ਹੈ , ਉਹਨਾਂ ਕਿਹਾ ਕਿ ਮੇਰੀ ਲੋਕਾਂ ਨੂੰ ਇਹ ਅਪੀਲ ਹੈ ਕਿ ਉਹ ਰਜਿਸਟਰੇਸ਼ਨ ਕਰਵਾਉਣ ਦੇ ਮਾਮਲੇ ਦੇ ਵਿੱਚ ਜ਼ਿਆਦਾ ਪੈਨਿਕ ਨਾ ਹੋਣ ਹੜਬੜੀ ਨਾ ਮਚਾਉਣ ਕਿਉਂਕਿ ਇੱਕ ਇੱਕ ਕਰਕੇ ਪੜਾਅਵਾਰ ਸਭਨਾਂ ਦੀ ਰਜਿਸਟਰੇਸ਼ਨ ਹੋ ਰਹੀ ਹੈ। ਅਤੇ ਇਹਨਾਂ ਸੈਂਟਰਾਂ ਤੋਂ ਇਲਾਵਾ ਪੰਜਾਬ ਡਿਵੈਲਪਮੈਂਟ ਬੋਰਡ ਦੇ ਮੈਂਬਰ ਅਤੇ ਪਾਰਟੀ ਦੇ ਬਲਾਕ ਪ੍ਰਧਾਨ ਅਤੇ ਹੋਰ ਅਹੁਦੇਦਾਰ ਲੋਕਾਂ ਦੇ ਘਰ ਘਰ ਜਾ ਕੇ ਉਹਨਾਂ ਦੀ ਰਜਿਸਟਰੇਸ਼ਨ ਦਾ ਕੰਮ ਪੂਰਾ ਕਰਨਗੇ.

ਉਹਨਾਂ ਕਿਹਾ ਕਿ ਜਿਨਾਂ ਨੇ ਰਜਿਸਟਰੇਸ਼ਨ ਕਰਵਾਉਣੀ ਹੈ ਉਹ ਲੋਕੀ ਆਪਣੇ ਨਾਲ ਸਭਨਾ ਪਰਿਵਾਰਿਕ ਮੈਂਬਰਾਂ ਦੇ ਵੋਟਰ ਅਤੇ ਆਧਾਰ ਕਾਰਡ ਜ਼ਰੂਰ ਲੈ ਕੇ ਆਉਣ, ਇਸ ਮੌਕੇ ਤੇ ਆਪ ਨੇਤਾ ਕੁਲਦੀਪ ਸਿੰਘ ਸਮਾਣਾ, ਰਾਜਿੰਦਰ ਪ੍ਰਸਾਦ ਸ਼ਰਮਾ, ਸਾਬਕਾ ਕੌਂਸਲਰ ਜਗਦੇਵ ਸ਼ਰਮਾ, ਗੁਰਪ੍ਰੀਤ ਸਿੰਘ ਬੈਂਸ, ਅਕਵਿੰਦਰ ਸਿੰਘ ਗੋਸਲ, ਜਸਪਾਲ ਸਿੰਘ ਮਟੌਰ ਵੀ ਹਾਜ਼ਰ ਸਨ।

# ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਬਜਟ 2026 ਵਿੱਚ ਪੰਜਾਬ ਨੂੰ ਅਣਗੌਲਿਆਂ ਕਰਨਾ ਲੋਕਤੰਤਰ ਅਤੇ ਸੰਘਵਾਦ ਲਈ ਵੱਡਾ ਖ਼ਤਰਾ: ਵਿੱਤ ਮੰਤਰੀ ਹਰਪਾਲ ਸਿੰਘ ਚੀਮਾ

## ਕਿਸਾਨ, ਸਿੱਖਿਆ ਅਤੇ ਸਿਹਤ ਵਿਰੋਧੀ ਇਸ ਬਜਟ ਵਿੱਚ ਪੰਜਾਬ ਦੀਆਂ ਕੁਰਬਾਨੀਆਂ ਅਤੇ ਜ਼ਰੂਰਤਾਂ ਨੂੰ ਕੀਤਾ ਦਰਕਿਨਾਰ: ਹਰਪਾਲ ਚੀਮਾ

**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ’ਤੇ ਕੇਂਦਰੀ ਬਜਟ 2026 ਵਿੱਚ ਪੰਜਾਬ ਦੀਆਂ ਜ਼ਰੂਰਤਾਂ ਅਤੇ ਕੁਰਬਾਨੀਆਂ ਨੂੰ ਪੂਰੀ ਤਰ੍ਹਾਂ ਦਰਕਿਨਾਰ ਕਰਨ ਦਾ ਦੋਸ਼ ਲਗਾਉਂਦਿਆ ਕਿਹਾ ਕਿ ਬਜਟ ਵਿੱਚ ਕਿਤੇ ਵੀ ਪੰਜਾਬ ਦਾ ਕੋਈ ਜ਼ਿਕਰ ਨਹੀਂ ਹੈ ਅਤੇ ਨਾ ਹੀ ਲੰਬੇ ਸਮੇਂ ਤੋਂ ਬਕਾਇਆ ਪਏ 8,500 ਕਰੋੜ ਰੁਪਏ ਦੇ ਪੇਂਡੂ ਵਿਕਾਸ ਫੰਡ (ਆਰਡੀਐਫ) ਦਾ ਕੋਈ ਹਵਾਲਾ ਦਿੱਤਾ ਗਿਆ ਹੈ।

ਬਜਟ-2026 ਨੂੰ ਸਿੱਖਿਆ, ਸਿਹਤ, ਕਿਸਾਨ, ਗ਼ਰੀਬ, ਵਪਾਰੀ ਅਤੇ ਪੰਜਾਬ ਦੀ ਸੁਰੱਖਿਆ ਵਿਰੋਧੀ ਗਰਦਾਨਦਿਆਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਹੈ ਕਿ ਰਾਸ਼ਟਰੀ ਖੁਰਾਕ ਸੁਰੱਖਿਆ ਦਾ ਬੋਝ ਝੱਲਣ, ਵਾਰ-ਵਾਰ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰਨ ਅਤੇ ਆਰਡੀਐਫ ਨਾਲ ਸਬੰਧਤ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੇ ਬਾਵਜੂਦ ਪੰਜਾਬ ਨੂੰ ਇੱਕ ਵਾਰ ਫਿਰ ਆਪਣੇ ਪੱਧਰ ‘ਤੇ ਸਾਰੇ ਪ੍ਰਬੰਧ ਕਰਨ ਲਈ ਮਜਬੂਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਜਟ ਵਿੱਚ ਆਮ ਲੋਕਾਂ ਲਈ ਕੋਈ ਰਾਹਤ ਨਹੀਂ ਹੈ ਅਤੇ ਲਗਾਤਾਰ 12ਵੇਂ ਸਾਲ ਵੀ ਕੇਂਦਰ ਵੱਲੋਂ ਕੋਈ ਠੋਸ ਸਹਾਇਤਾ ਨਹੀਂ ਦਿੱਤੀ ਗਈ।

ਅੱਜ ਇੱਥੇ ਪੰਜਾਬ ਭਵਨ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਬਜਟ ਦੇਸ਼ ਲਈ ਬੇਮਿਸਾਲ ਕੁਰਬਾਨੀਆਂ ਦੇਣ ਵਾਲੇ ਸੂਬੇ ਪੰਜਾਬ ਨੂੰ ਵਿਕਾਸ ਦੀਆਂ ਲੀਹਾਂ ਤੋਂ ਉਤਾਰਨ ਲਈ ਜਾਣਬੁੱਝ ਕੇ ਕੀਤੀ ਗਈ ਕੋਸ਼ਿਸ਼ ਹੈ। ਉਨ੍ਹਾਂ ਕਿਹਾ, ਕੇਂਦਰ ਦੀ ਸੱਤਾ ‘ਤੇ ਕਾਬਜ ਭਾਜਪਾ ਦੀ ਮਾਨਸਿਕਤਾ ਦੇਸ਼ ਦੇ ਲੋਕਤੰਤਰ ਅਤੇ ਖਾਸ ਕਰਕੇ ਪੰਜਾਬ ਲਈ ਇੱਕ ਵੱਡਾ ਖ਼ਤਰਾ ਬਣ ਗਈ ਹੈ। ਕੇਂਦਰੀ ਬਜਟ 2026 ਸਿੱਖਿਆ, ਸਿਹਤ ਅਤੇ ਕਿਸਾਨਾਂ, ਗਰੀਬਾਂ, ਵਪਾਰੀਆਂ ਅਤੇ ਪੰਜਾਬ ਦੀ ਸੁਰੱਖਿਆ ਵਿਰੋਧੀ ਹੈ। ਇਸ ਬਜਟ ਰਾਹੀਂ, ਦੇਸ਼ ਲਈ ਬੇਮਿਸਾਲ ਕੁਰਬਾਨੀਆਂ ਦੇਣ ਵਾਲੇ ਪੰਜਾਬ ਦੇ ਵਿਕਾਸ ਨੂੰ ਲੀਹਾਂ ਤੋਂ ਉਤਾਰਨ ਦੀ ਇੱਕ ਸੋਚੀ ਸਮਝੀ ਚਾਲ ਖੇਡੀ ਗਈ ਹੈ।



ਵਿੱਤ ਮੰਤਰੀ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਲਗਾਤਾਰ 12ਵੇਂ ਬਜਟ ਵਿੱਚ ਪੰਜਾਬ ਨੂੰ ਦਰਕਿਨਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬੇ ਵੱਲੋਂ ਕੇਂਦਰੀ ਵਿੱਤ ਮੰਤਰੀ ਨੂੰ ਦਿੱਤੇ ਗਏ ਮੈਮੋਰੰਡਮ ਨੂੰ ਅਣਗੌਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਲਈ ਹਿੱਕ ਡਾਹ ਕੇ ਖੜਦਾ ਆਇਆ ਹੈ, ਪੰਜਾਬ ਨੇ ਕੇਂਦਰੀ ਫੂਡ ਪੂਲ’ਚ ਆਪਣਾ ਯੋਗਦਾਨ ਘਟਾਇਆ ਨਹੀਂ, ਸਗੋਂ ਹਰ ਸਾਲ ਵਧਾਇਆ ਹੈ। ਉਨ੍ਹਾਂ ਕਿਹਾ ਦੇਸ਼ ਦੇ ਅੰਨ ਭੰਡਾਰ ਨੂੰ ਵਧਾਉਣ ਕਰਕੇ ਪੰਜਾਬ ਦੇ ਪਾਣੀ ਦੇ 117 ਬਲਾਕ ਡਾਰਕ ਜ਼ੋਨ ‘ਚ ਜਾ ਚੁੱਕੇ ਹਨ।

16ਵੇਂ ਵਿੱਤ ਕਮਿਸ਼ਨ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਨ ਦਾ ਦੋਸ਼ ਲਗਾਉਂਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਨੇ ਰਾਜਾਂ ਨੂੰ ਦਰਪੇਸ਼ ਵਿੱਤੀ ਤਣਾਅ ਦੇ ਬਾਵਜੂਦ ਰਾਜਾਂ ਦੀ ਮਾੜੀ ਹਾਲਤ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਹੈ ਅਤੇ ਰਾਜਾਂ ਨੂੰ ਦਰਪੇਸ਼ ਵਿੱਤੀ ਤਣਾਅ ਦੇ ਬਾਵਜੂਦ ਇਸ ਹਿੱਸੇ ਨੂੰ ਵਧਾਉਣ ਵਿੱਚ ਅਸਫਲ ਰਿਹਾ ਹੈ। ਉਨ੍ਹਾਂ ਕਿਹਾ ਕਿ ਵਰਟੀਕਲ ਡੈਵੋਲੂਸ਼ਨ (ਟੈਕਸ ਪੂਲ ਵਿੱਚ ਸਾਰੇ ਰਾਜਾਂ ਦਾ ਕੁੱਲ ਹਿੱਸਾ) 41 ਪ੍ਰਤੀਸ਼ਤ ’ਤੇ ਰੱਖਿਆ ਗਿਆ ਹੈ ਅਤੇ ਕੋਈ ਬਦਲਾਅ ਨਹੀਂ ਕੀਤਾ ਗਿਆ। 16ਵੇਂ ਵਿੱਤ ਕਮਿਸ਼ਨ ਤੋਂ ਕੋਈ ਮਾਲੀਆ ਘਾਟਾ ਗ੍ਰਾਂਟ ਨਹੀਂ। 15ਵੇਂ ਵਿੱਤ ਕਮਿਸ਼ਨ ਨੇ ਇਨ੍ਹਾਂ ਗ੍ਰਾਂਟਾਂ ਦੀ ਸਿਫ਼ਾਰਸ਼ ਕੀਤੀ ਸੀ। ਐਸਡੀਆਰਐਫ ਦੀਆਂ ਸ਼ਰਤਾਂ ਬਹੁਤ ਜ਼ਿਆਦਾ ਸੀਮਤ ਹਨ ਅਤੇ ਆਫ਼ਤਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਘਟਾਉਣ ਅਤੇ ਪ੍ਰਬੰਧਨ ਕਰਨ ਦੀ ਪੰਜਾਬ ਵਰਗੇ ਰਾਜ ਨੂੰ ਪ੍ਰਭਾਵਤ ਕਰਨਗੀਆਂ।

ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਇੱਕ ਵਾਰ ਫਿਰ ਪੰਜਾਬ ਦੇ ਕਿਸਾਨਾਂ ਦੀਆਂ ਜਾਇਜ਼ ਚਿੰਤਾਵਾਂ ਨੂੰ ਨਜ਼ਰਅੰਦਾਜ਼ ਕੀਤਾ ਹੈ, ਜਿਸ ਨਾਲ ਉਸ ਦੇ ਕਿਸਾਨ-ਪੱਖੀ ਹੋਣ ਦੇ ਖੋਖਲੇ ਦਾਅਵਿਆਂ ਦੀ ਪੋਲ ਖੁੱਲ੍ਹ ਗਈ ਹੈ। ਉਨ੍ਹਾਂ ਕਿਹਾ ਕਿ ਬਜਟ 2026 ਵਿੱਚ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ ਅਤੇ ਨਾ ਹੀ ਮੰਡੀ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਕੋਈ ਠੋਸ ਸਹਾਇਤਾ ਦਿੱਤੀ ਗਈ ਹੈ, ਜਿਸ ਨਾਲ ਖੇਤੀ ਪ੍ਰਧਾਨ ਰਾਜਾਂ ਨੂੰ ਆਪਣੇ ਭਰੋਸੇ ਛੱਡ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਬਜਟ-2026 ਵਿੱਚ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ ਵਿੱਚ ਵਾਧੇ ਜਾਂ ਮੰਡੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਬਾਰੇ ਪੰਜਾਬ ਦੇ ਕਿਸਾਨਾਂ ਲਈ ਕੁਝ ਵੀ ਨਹੀਂ ਹੈ। ਉਨ੍ਹਾਂ ਅੱਗੇ ਕਿਹਾ ਕਿ ਰਾਜਾਂ ਨੂੰ ਆਪਣੇ ਫੰਡਾਂ ਨਾਲ ਹੀ ਵਿਕਾਸ ਕਰਨਾ ਹੋਵੇਗਾ। ਬਜਟ ਵਿੱਚ ਉੱਚ-ਮੁੱਲ ਵਾਲੀਆਂ ਫਸਲਾਂ ਦੇ ਵਿਕਾਸ ਬਾਰੇ ਜ਼ਿਕਰ ਹੋਇਆ ਪਰ ਪੰਜਾਬ ਨੂੰ ਪੂਰੀ ਤਰ੍ਹਾਂ ਅੱਖੋਂ ਪਰੋਖੇ ਰੱਖਿਆ।

ਪੰਜਾਬ ਦੇ ਵਿੱਤ ਮੰਤਰੀ ਨੇ ਦੱਸਿਆ ਕਿ ਪੰਜਾਬ ਦਾ ਕਿਸਾਨ ਦੇਸ਼ ਦਾ ਪੇਟ ਭਰਦਾ ਹੈ, ਫਿਰ ਵੀ ਕੇਂਦਰ ਸਰਕਾਰ ਉਨ੍ਹਾਂ ਪ੍ਰਣਾਲੀਆਂ ਵਿੱਚ ਨਿਵੇਸ਼ ਨੂੰ ਲਗਾਤਾਰ ਅਣਗੌਲਾ ਕਰ ਰਹੀ ਹੈ ਜੋ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਂਦੀਆਂ ਹਨ। ਵਿੱਤ ਮੰਤਰੀ ਨੇ ਵੱਧ ਕੀਮਤ ਵਾਲੀਆਂ ਫ਼ਸਲਾਂ ਨੂੰ ਉਤਸ਼ਾਹਿਤ ਕਰਨ ਲਈ ਅਪਣਾਏ ਗਏ ਚੋਣਵੇਂ ਪਹੁੰਚ ਦੀ ਵੀ ਆਲੋਚਨਾ ਕੀਤੀ। ਜਦੋਂ ਕਿ ਬਜਟ ਵਿੱਚ ਨਾਰੀਅਲ, ਕਾਜੂ, ਚੰਦਨ ਅਤੇ ਡਰਾਈ ਫਰੂਟਸ ਵਰਗੀਆਂ ਫ਼ਸਲਾਂ ਦਾ ਜ਼ਿਕਰ ਹੈ, ਪਰ ਉੱਤਰੀ ਭਾਰਤ ਦੇ ਕਿਸਾਨਾਂ ਲਈ ਕੁਝ ਵੀ ਨਹੀਂ ਹੈ ਜੋ ਆਪਣੀਆਂ ਖੇਤੀਬਾੜੀ-ਜਲਵਾਯੂ ਹਾਲਤਾਂ ਦੇ ਅਨੁਕੂਲ ਫ਼ਸਲਾਂ ’ਤੇ ਨਿਰਭਰ ਕਰਦੇ ਹਨ। ਉਨ੍ਹਾਂ ਕਿਹਾ ਕਿ ਇਹ ਬਜਟ ਸਪੱਸ਼ਟ ਤੌਰ ’ਤੇ ਕੇਂਦਰ ਦੇ ਪੱਖਪਾਤ ਅਤੇ ਅੰਨ ਪੈਦਾ ਕਰਨ ਵਾਲੇ ਰਾਜਾਂ, ਖਾਸ ਕਰਕੇ ਪੰਜਾਬ ਦੇ ਕਿਸਾਨਾਂ ਪ੍ਰਤੀ ਉਸ ਦੀ ਲਗਾਤਾਰ ਉਦਾਸੀਨਤਾ ਨੂੰ ਦਰਸਾਉਂਦਾ ਹੈ। ਇਹ ਕਿਸਾਨ ਸਨਮਾਨ, ਸਹਿਯੋਗ ਅਤੇ ਉਚਿਤ ਨਿਵੇਸ਼ ਦੇ ਹੱਕਦਾਰ ਹਨ, ਖੋਖਲੇ ਨਾਅਰਿਆਂ ਦੇ ਨਹੀਂ।

ਸਬਸਿਡੀਆਂ ਵਿੱਚ ਕਟੌਤੀ ਅਤੇ ਆਮ ਨਾਗਰਿਕਾਂ ਨੂੰ ਕੋਈ ਵੀ ਰਾਹਤ ਨਾ ਦੇਣ ਦੀ ਆਲੋਚਨਾ ਕਰਦਿਆਂ ਉਨ੍ਹਾਂ ਕਿਹਾ ਕਿ ਯੂਰੀਆ ਸਬਸਿਡੀ ਪਿਛਲੇ ਸਾਲ 1,26,475 ਕਰੋੜ ਤੋਂ ਘਟਾ ਕੇ 1,16,805 ਕਰੋੜ ਕਰ ਦਿੱਤੀ ਗਈ ਹੈ। ਇਸ ਬਜਟ ਵਿੱਚ ‘ਆਮ ਆਦਮੀ’ ਲਈ ਕੁਝ ਨਹੀਂ, ਜਦਕਿ ਅੱਜ ਦੇ ਸਮੇਂ ਵਿੱਚ ਜਦੋਂ ਮਹਿੰਗਾਈ ਆਮ ਆਦਮੀ ਦੀ ਬੱਚਤ ਨੂੰ ਖਾ ਰਹੀ ਹੈ ਅਤੇ ਆਮਦਨ ਵਧ ਨਹੀਂ ਰਹੀ ਤਾਂ ਟੈਕਸ ਤੋਂ ਜ਼ੀਰੋ ਰਾਹਤ ਵਾਜਿਬ ਨਹੀਂ । ਦਰਅਸਲ, ਭਾਰਤ ਸਰਕਾਰ ਨੇ ਐਸਐਸਟੀ (ਸਿਕਿਓਰਿਟੀਜ਼ ਟਰਾਂਜੈਕਸ਼ਨ ਟੈਕਸ) ਵਧਾ ਦਿੱਤਾ ਹੈ ਜੋ ਆਮ ਆਦਮੀ ’ਤੇ ਮਾੜਾ ਪ੍ਰਭਾਵ ਪਾਵੇਗਾ। ਇਸ ਵਾਧੇ ਨਾਲ ਬਾਅਦ ਲੰਬੇ ਸਮੇਂ ਦੇ ਪੂੰਜੀ ਲਾਭ ’ਤੇ ਕੋਈ ਰਾਹਤ ਨਹੀਂ ਹੈ। ਇਹ ਆਮ ਆਦਮੀ ਨੂੰ ਹਰ ਪਾਸਿਓਂ ਨਿਚੋੜਨ ਵਾਂਗ ਹੈ।

ਰੱਖਿਆ ਬਾਰੇ ਬੋਲਦਿਆਂ ਪੰਜਾਬ ਦੇ ਵਿੱਤ ਮੰਤਰੀ ਨੇ ਕਿਹਾ ਕਿ ਸਾਨੂੰ ਉਮੀਦ ਸੀ ਕਿ ਕੇਂਦਰੀ ਵਿੱਤ ਮੰਤਰੀ ਭਾਰਤ ਨੂੰ ਰੱਖਿਆ ਉਤਪਾਦਨ ਸਬੰਧੀ ਮਜ਼ਬੂਤ ਬਣਾਉਣ ਅਤੇ ਪਿਛਲੇ ਸਾਲ ਪਾਕਿਸਤਾਨ ਨਾਲ ਤਣਾਅ ਦੇ ਮੱਦੇਨਜ਼ਰ ਰੱਖਿਆ ਬਜਟ ਵਿੱਚ ਅਰਥਪੂਰਨ ਵਾਧੇ ਲਈ ਵੱਡੀਆਂ ਯੋਜਨਾਵਾਂ ਦਾ ਐਲਾਨ ਕਰਨਗੇ। ਅਜਿਹਾ ਕੁਝ ਵੀ ਨਹੀਂ ਹੋਇਆ। ਕੇਂਦਰੀ ਵਿੱਤ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਰੱਖਿਆ ਦਾ ਜ਼ਿਕਰ ਸਿਰਫ ਚਾਰ ਵਾਰ ਕੀਤਾ।

ਪ੍ਰਧਾਨ ਮੰਤਰੀ-ਵਿਸ਼ਵਕਰਮਾ ਯੋਜਨਾ ਦਾ ਹਵਾਲਾ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਹ ਪਿਛਲੇ ਸਾਲ ਬਹੁਤ ਜ਼ਿਆਦਾ ਧੂਮਧਾਮ ਨਾਲ ਸ਼ੁਰੂ ਕੀਤਾ ਗਿਆ ਸੀ ਤਾਂ ਜੋ ਰਵਾਇਤੀ ਕਾਰੀਗਰਾਂ ਅਤੇ ਦਸਤਕਾਰਾਂ ਨੂੰ ਸੰਪੂਰਨ, ਆਧੁਨਿਕ ਸਹਾਇਤਾ ✫ਪ੍ਰਦਾਨ ਕੀਤੀ ਜਾ ਸਕੇ, ਹੁਨਰ ਸਿਖਲਾਈ ਦੀ ਪੇਸ਼ਕਸ਼ ਕੀਤੀ ਜਾ ਸਕੇ ਪਰ ਇਸ ਸਬੰਧੀ ਬਜਟ 5,100 ਕਰੋੜ ਤੋਂ ਘਟਾ ਕੇ 3,861 ਕਰੋੜ ਕਰ ਦਿੱਤਾ ਗਿਆ। ਇੱਕ ਪਾਸੇ, ਸਰਕਾਰ ਦਾਅਵਾ ਕਰਦੀ ਹੈ ਕਿ ਇਹ ਇੱਕ ਯੁਵਾ-ਸ਼ਕਤੀ ਬਜਟ ਹੈ ਜਿਸਦਾ ਉਦੇਸ਼ ਵਿਰਾਸਤੀ ਉਦਯੋਗਾਂ ਨੂੰ ਵਿਕਸਤ ਕਰਨਾ ਹੈ ਅਤੇ ਦੂਜੇ ਪਾਸੇ, ਉਸ ਯੋਜਨਾ ਲਈ ਬਜਟ ਵਿੱਚ ਕਟੌਤੀ ਕੀਤੀ ਜਾਂਦੀ ਹੈ। ਸਿੱਖਿਆ ਬਾਰੇ ਮੰਤਰੀ ਹਰਪਾਲ ਸਿੰਘ ਚੀਮਾ ਨੇ ਬਜਟ ਨੂੰ ਬਹੁਤ ਹੀ ਨਿਰਾਸ਼ਾਜਨਕ ਦੱਸਿਆ। ਉਨ੍ਹਾਂ ਕਿਹਾ ਕਿ ਸਿੱਖਿਆ ’ਤੇ ਪਿਛਲੇ ਸਾਲ ਨਾਲੋਂ 10 ਫ਼ੀਸਦ ਤੋਂ ਘੱਟ (8 ਫ਼ੀਸਦ) ਵਾਧਾ ਹੋਇਆ ਹੈ। ਬਜਟ ਵਿੱਚ ਪਿਛਲੇ ਸਾਲ ਨਾਲੋਂ ਬਦਲਾਅ ਨਹੀਂ ਕੀਤਾ ਗਿਆ ਹੈ, ਜਿਸ ਵਿੱਚ ਪੀਐਮ-ਸ਼੍ਰੀ ਯੋਜਨਾ ਲਈ 7,500 ਕਰੋੜ ਰੁਪਏ ਰੱਖੇ ਗਏ। ਪੂੰਜੀ ਨਿਰਮਾਣ ਲਈ ਰਾਜਾਂ ਨੂੰ ਵਿਸ਼ੇਸ਼ ਸਹਾਇਤਾ (ਐਸਏਐਸਸੀਆਈ) ਬਾਰੇ ਉਨ੍ਹਾਂ ਕਿਹਾ ਕਿ ਇਸ ਯੋਜਨਾ ਦਾ ਕੋਈ ਜ਼ਿਕਰ ਨਹੀਂ ਹੈ। ਸਾਰੇ ਰਾਜਾਂ ਨੇ ਪੂੰਜੀ ਖਰਚ ਦੇ ਉੱਚ-ਪੱਧਰ ਨੂੰ ਜਾਰੀ ਰੱਖਣ ਲਈ ਯੋਜਨਾ ਦੀ ਰੂਪਰੇਖਾ ਦੇ ਅਰਥਪੂਰਨ ਢੰਗ ਨਾਲ ਵਿਸਥਾਰ ਦੀ ਬੇਨਤੀ ਕੀਤੀ ਹੈ ਪਰ ਕੇਂਦਰ ਨੇ ਇਸ ਮੰਗ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੈ।

ਸਿਹਤ ਦੇ ਮਾਮਲੇ ਬਾਰੇ ਉਨ੍ਹਾਂ ਕਿਹਾ ਕਿ ਆਯੁਸ਼ਮਾਨ ਭਾਰਤ ਯੋਜਨਾ ਦੇ ਬਜਟ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ ਜੋ ਕਿ 9,500 ਕਰੋੜ ਰੁਪਏ ਹੈ। ਸਵੱਛ ਭਾਰਤ ਮਿਸ਼ਨ ਦਾ ਬਜਟ ਪਿਛਲੇ ਸਾਲ 5,000 ਕਰੋੜ ਤੋਂ ਅੱਧਾ ਹੋ ਕੇ 2,500 ਕਰੋੜ ਰਹਿ ਗਿਆ। ਮਗਨਰੇਗਾ ਅਧੀਨ ਵੀਬੀ-ਜੀ-ਰਾਮ-ਜੀ ਬਜਟ 88,000 ਕਰੋੜ ਰੁਪਏ ਤੋਂ ਵੱਧ ਕੇ 95,692 ਕਰੋੜ ਰੁਪਏ ਹੋ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਸਰਹੱਦੀ ਬੁਨਿਆਦੀ ਢਾਂਚਾ ਅਤੇ ਪ੍ਰਬੰਧਨ ਯੋਜਨਾ (ਕੇਂਦਰੀ ਯੋਜਨਾ) ਦਾ ਬਜਟ ਪਿਛਲੇ ਸਾਲ ਦੇ 5,597 ਕਰੋੜ ਰੁਪਏ ਤੋਂ ਘਟਾ ਕੇ ਮੌਜੂਦਾ ਬਜਟ ਵਿੱਚ 5,577 ਕਰੋੜ ਰੁਪਏ ਕਰ ਦਿੱਤਾ ਗਿਆ ਹੈ।

ਬਜਟ ਦੇ ਸਾਰ ਬਾਰੇ ਗੱਲ ਕਰਦਿਆਂ ਪੰਜਾਬ ਦੇ ਵਿੱਤ ਮੰਤਰੀ ਨੇ ਕਿਹਾ ਕਿ ਕੇਂਦਰੀ ਬਜਟ 2026 ਪੰਜਾਬ ਅਤੇ ਇਸਦੇ ਲੋਕਾਂ ਪ੍ਰਤੀ ਕੇਂਦਰ ਦੀ ਉਦਾਸੀਨਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ, ਇਸ ਬਜਟ ਵਿੱਚ ਪੰਜਾਬ ਦੇ ਯੋਗਦਾਨ ਅਤੇ ਇਸਦੀਆਂ ਚੁਣੌਤੀਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ ਅਤੇ ਇਸ ਦੇ ਭਵਿੱਖ ਨੂੰ ਕਮਜ਼ੋਰ ਕਰਨ ਦੀ ਚਾਲ ਖੇਡੀ ਗਈ ਹੈ। ਇਹ ਬਜਟ ਨਾ ਤਾਂ ਦੇਸ਼ ਦੀ ਸੁਰੱਖਿਆ ਨੂੰ ਮਜ਼ਬੂਤ ਕਰਦਾ ਹੈ ਅਤੇ ਨਾ ਹੀ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਜਾਂ ਸੂਬਿਆਂ ਦਾ ਸਮਰਥਨ ਕਰਦਾ ਹੈ। ਪੰਜਾਬ ਅਤੇ ਇਸ ਦੇ ਲੋਕ ਇਸ ਤੋਂ ਕਿਤੇ ਬਿਹਤਰ ਬਜਟ ਦੇ ਹੱਕਦਾਰ ਹਨ।

## ਸਪੀਕਰ ਸੰਧਵਾਂ, ਮੰਤਰੀ ਖੁੱਡੀਆਂ ਤੇ ਸੌਂਦ ਵੱਲੋਂ ਹੀਰਾ ਮਹਿਲ ਵਿਖੇ ਕੁੰਵਰ ਅਭੀਉਦੇਪ੍ਰਤਾਪ ਸਿੰਘ ਨਾਭਾ ਦੇ ਦਸਤਾਰਬੰਦੀ ਸਮਰੋਹ ’ਚ ਸ਼ਿਰਕਤ

# ਮਹਾਰਾਜਾ ਰਿਪੁਦਮਨ ਸਿੰਘ ਵੱਲੋਂ ਪੰਜਾਬ ਤੇ ਸਿੱਖ ਪੰਥ ਦੀ ਕੀਤੀ ਸੇਵਾ ਦੀ ਤਰਜ ’ਤੇ ਉਨ੍ਹਾਂ ਦੇ ਮੌਜੂਦਾ ਪਰਿਵਾਰ ਤੋਂ ਵੀ ਸੂਬੇ ਦੀ ਸੇਵਾ ਕਰਨ ਦੀ ਆਸ: ਸੰਧਵਾਂ, ਖੁੱਡੀਆਂ

**ਪਟਿਆਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਹੀਰਾ ਮਹਿਲ ਵਿਖੇ ਰਿਆਸਤ-ਏ-ਨਾਭਾ ਦੇ ਮਹਾਰਾਜਾ ਹੀਰਾ ਸਿੰਘ ਤੇ ਮਹਾਰਾਜਾ ਰਿਪੁਦਮਨ ਸਿੰਘ ਦੇ ਵੰਸ਼ਜ ਭਾਨੂੰਪ੍ਰਤਾਪ ਸਿੰਘ ਤੇ ਰਾਣੀ ਪ੍ਰੀਤੀ ਸਿੰਘ ਨਾਭਾ ਦੇ ਪੁੱਤਰ ਕੰਵਰ ਅਭੀਉਦੇਪ੍ਰਤਾਪ ਸਿੰਘ ਦੀ ਦਸਤਾਰ ਬੰਦੀ ਦੀ ਰਸਮ ਦੇ ਸਮਾਰੋਹ ਮੌਕੇ ਸ਼ਿਰਕਤ ਕੀਤੀ। ਇੱਥੇ ਗੁਰਦੁਆਰਾ ਦਰਬਾਰ ਸਿਰੋਪਾਓ ਸਾਹਿਬ ਵਿਖੇ ਭਾਈ ਰਾਜਾ ਸਿੰਘ ਕਾਲਝਰਾਨੀ ਨੇ 48 ਘੰਟਿਆਂ ਦੇ ਇੱਕ ਚੌਂਕੜੇ ਵਿੱਚ ਬੈਠਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਕੀਤਾ, ਜਿਸ ਦੀ ਸਮਾਪਤੀ ਦੀ ਅਰਦਾਸ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਹੈਡ ਗ੍ਰੰਥੀ ਭਾਈ ਹਰਪਾਲ ਸਿੰਘ ਨੇ ਕੀਤੀ ਅਤੇ ਦਸਤਾਰਬੰਦੀ ਦੀ ਰਸਮ ਨਿਭਾਈ ਗਈ।

ਸਮਾਰੋਹ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਪੰਜਾਬ ਸਰਕਾਰ ਵੱਲੋਂ ਪਰਿਵਾਰ ਨੂੰ ਮੁਬਾਰਕਬਾਦ ਦਿੰਦਿਆਂ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕੁੰਵਰ ਅਭੀਉਦੇਪ੍ਰਤਾਪ ਸਿੰਘ ਅਤੇ ਸਮੁੱਚੇ ਪਰਿਵਾਰ ਨੂੰ ਦਸਤਾਰ ਬੰਦੀ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਆਪਣੇ ਗੌਰਵਮਈ ਇਤਿਹਾਸ ਨੂੰ ਯਾਦ ਰੱਖਦਿਆਂ ਪੁਰਾਤਨ ਰਵਾਇਤਾਂ ਨੂੰ ਨਿਭਾਉਣਾ ਸਾਡੇ ਲਈ ਮਾਣ ਵਾਲੀ ਗੱਲ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਉਮੀਦ ਜਤਾਈ ਕਿ ਜਿਸ ਤਰ੍ਹਾਂ ਮਹਾਰਾਜਾ ਰਿਪੁਦਮਨ ਸਿੰਘ ਨੇ ਪੰਜਾਬ, ਸਿੱਖ ਪੰਥ ਤੇ ਦੇਸ਼ ਦੀ ਸੇਵਾ ਕੀਤੀ, ਉਨ੍ਹਾਂ ਦਾ ਮੌਜੂਦਾ ਪਰਿਵਾਰ ਤੇ ਖਾਸ ਕਰਕੇ ਕੁੰਵਰ ਅਭੀਉਦੇਪ੍ਰਤਾਪ ਸਿੰਘ ਵੀ ਉਸੇ ਤਰਜ ’ਤੇ ਪੰਜਾਬ ਦੀ ਸੇਵਾ ਕਰਨਗੇ। ਕੁਲਤਾਰ ਸਿੰਘ ਸੰਧਵਾਂ ਅਤੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੀ ਦੇਸ਼ ਪ੍ਰਤੀ ਸੇਵਾ ਅਤੇ ਪੰਥ ਪ੍ਰਸਤੀ ਨੂੰ ਸਾਰਾ ਸੰਸਾਰ ਜਾਣਦਾ ਹੈ ਅਤੇ ਉਨ੍ਹਾਂ ਦੇ ਵੰਸ਼ਜ ਵੱਲੋਂ ਆਪਣੀਆਂ ਪੁਰਾਤਨ ਰਵਾਇਤਾਂ ਦੀ ਪਾਲਣਾ ਕਰਦਿਆਂ ਵਿਰਾਸਤ ਨੂੰ ਚੇਤੇ ਰੱਖਣਾ ਬਹੁਤ ਮਾਣ ਵਾਲੀ ਗੱਲ ਹੈ।



ਸੈਰ ਸਪਾਟਾ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਪੰਜਾਬ ਸਰਕਾਰ, ਸੂਬੇ ਦੀ ਵਿਰਾਸਤ ਤੇ ਵਿਰਾਸਤੀ ਇਮਾਰਤਾਂ ਨੂੰ ਸੰਭਾਲਣ ਲਈ ਵਚਨਬੱਧ ਹੈ, ਇਸੇ ਤਰਜ ’ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਮੌਕੇ ਭਾਈ ਜੈਤਾ ਜੀ ਯਾਦਗਾਰੀ ਇਮਾਰਤ ਸ਼ਰਧਾਲੂਆਂ ਨੂੰ ਸਮਰਪਿਤ ਕੀਤੀ ਗਈ ਹੈ। ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਜਦੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਸਰਕਾਰ ਸੰਭਾਲੀ, ਉਸ ਸਮੇਂ ਸਾਡੇ ਸਾਹਮਣੇ ਬਹੁਤ ਵੱਡੀਆਂ ਚੁਣੌਤੀਆਂ ਸਨ, ਕਿਉਂਕਿ ਪਿਛਲੀਆਂ ਸਰਕਾਰਾਂ ਨੇ ਵਿਰਾਸਤ ਤੇ ਵਿਰਾਸਤੀ ਇਮਾਰਤਾਂ ਨੂੰ ਸੰਭਾਲਣ ਦਾ ਕੋਈ ਕਦਮ ਨਹੀਂ ਸੀ ਉਠਾਇਆ।ਉਨ੍ਹਾਂ ਕਿਹਾ ਕਿ ਪਹਿਲਾਂ ਸੈਰ ਸਪਾਟਾ ਤੇ ਸੱਭਿਆਚਾਰਕ ਵਿਭਾਗ ਨੂੰ ਇੱਕ ਡੰਮੀ ਮਹਿਕਮਾ ਬਣਾ ਰੱਖਿਆ ਸੀ, ਪਰੰਤੂ ਮੌਜੂਦਾ ਸਰਕਾਰ ਇੱਕ-ਇੱਕ ਕਰਕੇ ਸਾਰੀਆਂ ਵਿਰਾਸਤੀ ਤੇ ਪੁਰਾਤਨ ਇਮਾਰਤਾਂ ਨੂੰ ਸੰਭਾਲਣ ਲਈ ਠੋਸ ਕਦਮ ਉਠਾ ਰਹੀ ਹੈ ਅਤੇ ਬਹੁਤ ਜਲਦ ਸਾਰੀਆਂ ਵਿਰਾਸਤਾਂ ਦਾ ਕੰਮ ਨੇਪਰੇ ਚਾੜ੍ਹਿਆ ਜਾਵੇਗਾ। ਸੌਂਦ ਨੇ ਕਿਹਾ ਕਿ ਉਹ ਰਾਣੀ ਪ੍ਰੀਤੀ ਸਿੰਘ ਨੂੰ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਜਰੀਏ ਮਿਲੇ ਸਨ ਅਤੇ ਇਨ੍ਹਾਂ ਵੱਲੋਂ ਦੀਵਾਨ ਟੋਡਰ ਮੱਲ ਜਹਾਜ਼ੀ ਹਵੇਲੀ ਦੀ ਸਾਂਭ ਸੰਭਾਲ ਕਰਵਾਉਣ ਲਈ ਪਾਇਆ ਜਾ ਰਿਹਾ ਯੋਗਦਾਨ ਸ਼ਲਾਘਾਯੋਗ ਹੈ।

ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ 124 ਸਾਲ ਪਹਿਲਾਂ ਭਾਈ ਕਾਨ੍ਹ ਸਿੰਘ ਨਾਭਾ ਦੇ ਪਿਤਾ ਭਾਈ ਨਰੈਣ ਸਿੰਘ ਨੇ ਇੱਕ ਚੌਂਕੜੇ ਵਿੱਚ ਇਸੇ ਅਸਥਾਨ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਾ ਸੀ।ਉਨ੍ਹਾਂ ਕਿਹਾ ਕਿ ਇਸ ਰਵਾਇਤ ਨੂੰ ਜਿਉਂਦੇ ਰੱਖਣਾ ਬਹੁਤ ਮਾਣ ਵਾਲੀ ਗੱਲ ਹੈ। ਆਈ ਹੋਈ ਸੰਗਤ ਤੇ ਸਮੁੱਚੀਆਂ ਸ਼ਖ਼ਸੀਅਤਾਂ ਦਾ ਬੀਬੀ ਉਮਾ ਨਾਭਾ, ਭਾਨੂੰਪ੍ਰਤਾਪ ਸਿੰਘ, ਰਾਣੀ ਪ੍ਰੀਤੀ ਸਿੰਘ ਨਾਭਾ ਤੇ ਕੁੰਵਰ ਅਭੀਉਦੇ ਪ੍ਰਤਾਪ ਸਿੰਘ ਨੇ ਧੰਨਵਾਦ ਕਰਦਿਆਂ ਕਿਹਾ ਕਿ ਉਹ ਨਾਭਾ ਵਾਸੀਆਂ ਤੇ ਸਮੁੱਚੇ ਪੰਜਾਬ ਦੇ ਸਦਾ ਰਿਣੀ ਰਹਿਣਗੇ ਕਿਉਂਕਿ ਉਨ੍ਹਾਂ ਦੇ ਪੁਰਖੇ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਸਮੇਤ ਹੋਰ ਪੂਰਵਜਾਂ ਨੂੰ ਧਰਮੀ ਤੇ ਸ਼ਹੀਦ ਦਾ ਦਰਜਾ ਦਿੱਤਾ ਗਿਆ ਹੈ। ਕੁੰਵਰ ਅਭੀਉਦੇਪ੍ਰਤਾਪ ਸਿੰਘ ਨੇ ਕਿਹਾ ਕਿ ਹਰ ਸਿੱਖ ਆਪਣੇ ਬੱਚਿਆਂ ਦੀ ਦਸਤਾਰਬੰਦੀ ਦੀ ਰਸਮ ਜਰੂਰ ਕਰਵਾਏ, ਜਿਸ ਨਾਲ ਆਪਣੇ ਗੌਰਵਮਈ ਇਤਿਹਾਸ ਅਤੇ ਵਿਰਾਸਤ ਨੂੰ ਚੇਤੇ ਰੱਖਿਆ ਜਾ ਸਕਦਾ ਹੈ।

ਇਸ ਦੌਰਾਨ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਇੰਪਰੂਵਮੈਂਟ ਟਰੱਸਟ ਚੇਅਰਮੈਨ ਜੱਸੀ ਸੋਹੀਆਂ ਵਾਲਾ, ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ, ਉੱਘੇ ਕਲਾਕਾਰ ਕਰਮਜੀਤ ਅਨਮੋਲ, ਬੀਰ ਸਿੰਘ, ਪੰਮੀ ਬਾਈ, ਪ੍ਰਧਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਲਖਵਿੰਦਰ ਸਿੰਘ ਕਾਹਨੇਕੇ, ਸੀਨੀਅਰ ਮੀਤ ਪ੍ਰਧਾਨ ਕ੍ਰਿਪਾਲ ਸਿੰਘ ਬਲਾਕੀਪੁਰ, ਮੰਚ ਸੰਚਾਲਨ ਜਨਰਲ ਸਕੱਤਰ ਗਿਆਨੀ ਜਸਵਿੰਦਰ ਸਿੰਘ, ਖ਼ਜ਼ਾਨਚੀ ਲਖਵਿੰਦਰ ਸਿੰਘ ਕੱਤਰੀ, ਵਿੱਤ ਸਕੱਤਰ ਦਲਵਾਰ ਸਿੰਘ ਧੌਲਾ, ਵਾਈਸ ਚਾਂਸਲਰ ਆਰ.ਪੀ. ਤਿਵਾੜੀ, ਸਾਬਕਾ ਐਮ.ਪੀ ਪ੍ਰਨੀਤ ਕੌਰ, ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਕਾ ਸਮੇਤ ਸ਼ਾਹੀ ਘਰਾਣੇ ਦੇ ਮੈਂਬਰ ਠਾਕੁਰ ਚੰਦਰ ਉਦੇ ਸਿੰਘ, ਹੇਮੰਤ ਸਿੰਘ ਧੌਲਪੁਰ, ਕਪੂਰਥਲਾ, ਬਡਰੁੱਖਾਂ, ਗੋਂਡਲ ਸਾਹੀ ਪਰਿਵਾਰ ਗੁਜਰਾਤ ਤੇ ਜੈਸਲਮੇਰ ਰਾਜ ਪਰਿਵਾਰ ਦੇ ਮੈਂਬਰ ਵੀ ਮੌਜੂਦ ਸਨ।

ਇਸ ਦੌਰਾਨ ਧਾਰਮਿਕ ਸ਼ਖ਼ਸੀਅਤਾਂ ਵਿੱਚ ਸੰਤ ਸੇਵਾ ਸਿੰਘ ਰਾਮਪੁਰ ਖੇੜੇ ਵਾਲੇ, ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ, ਸੰਤ ਅਮਰ ਸਿੰਘ ਰਾੜਾ ਸਾਹਿਬ, ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ, ਬਾਬਾ ਨਰਿੰਦਰ ਸਿੰਘ ਅਲੌਹਰਾਂ, ਬਾਬਾ ਕਸ਼ਮੀਰ ਸਿੰਘ ਅਲਹੌਰਾ, ਬਾਬਾ ਹਰਬੰਤ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਸ਼ਾਹੀ ਸਮਾਧਾਂ, ਸ੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਨਾਮਧਾਰੀ ਸੰਸਥਾ, ਪਦਮਸ੍ਰੀ ਜਗਜੀਤ ਸਿੰਘ ਦਰਦੀ, ਬਾਬਾ ਜਗਸੀਰ ਸਿੰਘ ਘੋੜਿਆ ਵਾਲੇ, ਹੈਡ ਗ੍ਰੰਥੀ ਹਰਜਿੰਦਰ ਸਿੰਘ, ਡਾ. ਮਨਿੰਦਰ ਸਿੰਘ, ਮਹੰਤ ਗਿਆਨਦੇਵ, ਬਾਬਾ ਬਲਬੀਰ ਸਿੰਘ ਸੁਰਾਜਪੁਰ, ਬਾਬਾ ਰੋਸ਼ਨ ਸਿੰਘ ਧਬਲਾਨ, ਬਾਬਾ ਜਸਵੀਰ ਸਿੰਘ ਮੂਡਖੇੜਾ, ਬਾਬਾ ਦਰਸ਼ਨ ਸਿੰਘ ਮਸਤੂਆਣਾ ਸਾਹਿਬ, ਬਾਬਾ ਜਸਦੇਵ ਸਿੰਘ ਲੋਹਟਬੱਦੀ, ਬਾਬਾ ਕੇਸ਼ੋ ਰਾਮ, ਬਾਬਾ ਬਲਕਾਰ ਸਿੰਘ ਰੱਖੜਾ, ਗਿਆਨੀ ਜਸਵੀਰ ਸਿੰਘ ਹੈਡਗ੍ਰੰਥੀ ਗੁਰਦੁਆਰਾ ਚਮਕੌਰ ਸਾਹਿਬ ਸਮੇਤ ਕਰਨੈਲ ਸਿੰਘ ਸੰਧੂ ਕੈਨੈਡਾ, ਸਤਨਾਮ ਸਿੰਘ ਸੰਧੂ ਅਮਰੀਕਾ, ਗਿਆਨ ਸਿੰਘ ਸੰਧੂ ਕੈਨੇਡਾ, ਜਥੇਦਾਰ ਮਹਿੰਦਰ ਸਿੰਘ ਮਹਿਸਮਪੁਰ ਕੈਨੈਡਾ, ਹਰਬੰਸ ਸਿੰਘ ਜੰਡਾਲੀ ਕੈਨੇਡਾ, ਹਰਬੰਸ ਸਿੰਘ ਤੱਖਰ ਅਮਰੀਕਾ, ਸੁਖਵਿੰਦਰ ਸਿੰਘ ਢਿੱਲੋਂ, ਬਾਬਾ ਲਾਲ ਸਿੰਘ ਧੂਰਕੋਟ, ਗੁਰਜਿੰਦਰ ਸਿੰਘ ਛੰਨਾ ਸਮੇਤ ਪੰਜਾਬ ਦੇ ਵੱਖ-ਵੱਖ ਹਿੱਸਿਆਂ ’ਚੋਂ ਪਤਵੰਤੇ ਪੁੱਜੇ ਹੋਏ ਸਨ।

## ਮਾਡਲ ਸਕੂਲ ਦੇ ਵਿਦਿਆਰਥੀਆਂ ਵੱਲੋਂ ਪ੍ਰਸਿੱਧ ਪੁਲਾੜ-ਵਿਗਿਆਨੀ ਕਲਪਨਾ ਚਾਵਲਾ ਨੂੰ ਕੀਤਾ ਯਾਦ

**ਪਟਿਆਲਾ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਸੈਕੰਡਰੀ ਮਾਡਲ ਸਕੂਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਅੱਜ ਸਵੇਰ ਦੀ ਸਭਾ ਵਿੱਚ ਪ੍ਰਸਿੱਧ ਪੁਲਾੜ-ਵਿਗਿਆਨੀ ਕਲਪਨਾ ਚਾਵਲਾ ਨੂੰ ਯਾਦ ਕੀਤਾ ਗਿਆ । ਇਸੇ ਮੌਕੇ ਸਕੂਲ ਇੰਚਾਰਜ ਸਤਵੀਰ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਦੱਸਿਆਂ ਕਿ ਸਾਡੇ ਦੇਸ਼ ਲਈ ਬੜੀ ਮਾਣ ਵਾਲੀ ਗੱਲ ਹੈ ਕਿ ਕਲਪਨਾ ਚਾਵਲਾ ਇੱਕ ਪ੍ਰਸਿੱਧ ਭਾਰਤੀ ਪੁਲਾੜ-ਵਿਗਿਆਨੀ ਸਨ, ਜਿਨ੍ਹਾਂ ਨੇ ਇਹ ਸਾਬਤ ਕੀਤਾ ਕਿ ਕੋਈ ਵੀ ਮਹਾਨ ਕੰਮ ਕਰਨ ਲਈ ਮਰਦ ਅਤੇ ਔਰਤ ਵਿੱਚ ਕੋਈ ਫਰਕ ਨਹੀਂ ਹੁੰਦਾ।



ਉਨ੍ਹਾਂ ਵੱਲੋਂ ਕਲਪਨਾ ਚਾਵਲਾ ਜੀ ਜਿੰਦਗੀ ਬਾਰੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ ਅਤੇ ਉਨ੍ਹਾਂ ਵਲੋਂ ਵਿਸਵ ਭਰ ਵਿੱਚ ਕੀਤੀਆਂ ਪ੍ਰਾਪਤੀਆਂ ਤੇ ਚਾਨਣਾ ਪਾਇਆ ਅਤੇ ਬੱਚਿਆਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਤੋਂ ਸਿਖਣ ਲਈ ਕਿਹਾ। ਇਸ ਮੌਕੇ ਸਕੂਲ ਦਾ ਸਾਰਾ ਸਟਾਫ ਮੌਜੂਦ ਰਿਹਾ।

## ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ



**ਹੁਸ਼ਿਆਰਪੁਰ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਅੱਜ ਆਪਣੇ ਦਫ਼ਤਰ ਵਿੱਚ ਹੋਈ ਜਨਤਕ ਸੁਣਵਾਈ ਦੌਰਾਨ ਵੱਖ-ਵੱਖ ਇਲਾਕਿਆਂ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਉਨ੍ਹਾਂ ਦੇ ਜਲਦੀ ਹੱਲ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ।

ਜਨਤਕ ਸੁਣਵਾਈ ਦੌਰਾਨ ਪੇਂਡੂ ਅਤੇ ਸ਼ਹਿਰੀ ਖੇਤਰਾਂ ਦੇ ਨਾਗਰਿਕਾਂ ਨੇ ਪੀਣ ਵਾਲੇ ਪਾਣੀ, ਸੜਕਾਂ ਦੀ ਮੁਰੰਮਤ, ਸਫ਼ਾਈ, ਬਿਜਲੀ ਸਪਲਾਈ, ਪੈਨਸ਼ਨ, ਰਾਸ਼ਨ ਕਾਰਡ, ਸਿਹਤ ਸੇਵਾਵਾਂ ਅਤੇ ਮਾਲੀਆ ਨਾਲ ਸਬੰਧਤ ਮਾਮਲਿਆਂ ਨਾਲ ਸਬੰਧਤ ਆਪਣੀਆਂ ਸਮੱਸਿਆਵਾਂ ਚੇਅਰਪਰਸਨ ਅੱਗੇ ਰੱਖੀਆਂ। ਕਰਮਜੀਤ ਕੌਰ ਨੇ ਹਰੇਕ ਸ਼ਿਕਾਇਤ ਨੂੰ ਧਿਆਨ ਨਾਲ ਸੁਣਿਆ ਅਤੇ ਅਧਿਕਾਰੀਆਂ ਨੂੰ ਸਮੇਂ ਸਿਰ ਅਤੇ ਗੁਣਵੱਤਾਪੂਰਨ ਹੱਲ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਕਿਹਾ ਕਿ ਜਨਤਾ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਪ੍ਰਸ਼ਾਸਨ ਦੀ ਪਹਿਲੀ ਤਰਜੀਹ ਹੈ ਅਤੇ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਮੌਕੇ ਦਾ ਦੌਰਾ ਕਰਕੇ ਸਮੱਸਿਆਵਾਂ ਦੀ ਅਸਲ ਸਥਿਤੀ ਦਾ ਜਾਇਜ਼ਾ ਲੈਣ ਅਤੇ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਉਨ੍ਹਾਂ ਦਾ ਹੱਲ ਕਰਨ ਅਤੇ ਰਿਪੋਰਟ ਦਫ਼ਤਰ ਨੂੰ ਸੌਂਪਣ।

ਕਰਮਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਜਨਤਕ ਹਿੱਤਾਂ ਨੂੰ ਸਰਵਉੱਚ ਰੱਖਦੇ ਹੋਏ ਪਾਰਦਰਸ਼ੀ ਅਤੇ ਜਵਾਬਦੇਹ ਪ੍ਰਸ਼ਾਸਨ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਆਮ ਜਨਤਾ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸਮੱਸਿਆਵਾਂ ਨਿਡਰ ਹੋ ਕੇ ਪ੍ਰਸ਼ਾਸਨ ਅੱਗੇ ਰੱਖਣ, ਤਾਂ ਜੋ ਉਨ੍ਹਾਂ ਦਾ ਜਲਦੀ ਅਤੇ ਨਿਆਂਪੂਰਨ ਹੱਲ ਹੋ ਸਕੇ।

## ਜ਼ਿਲਾ ਸਿੱਖਿਆ ਅਫਸਰ ਵੱਲੋਂ ਪ੍ਰਾਈਮਰੀ ਸਕੂਲਾਂ ਦਾ ਪ੍ਰੇਰਨਾਦਾਇਕ ਦੌਰਾ



**ਸ੍ਰੀ ਆਨੰਦਪੁਰ ਸਾਹਿਬ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਮਸ਼ੇਰ ਸਿੰਘ ਜਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ ਵੱਲੋਂ ਅੱਜ ਬਲਾਕ ਸ਼੍ਰੀ ਅਨੰਦਪੁਰ ਸਾਹਿਬ ਦੇ ਪ੍ਰਾਇਮਰੀ ਸਕੂਲਾਂ ਦਾ ਪ੍ਰੇਰਨਾਦਾਇਕ ਦੌਰਾ ਕੀਤਾ ਗਿਆ। ਅੱਜ ਉਹਨਾਂ ਨੇ ਬਲਾਕ ਸ਼੍ਰੀ ਅਨੰਦਪੁਰ ਸਾਹਿਬ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਗੂਵਾਲ ਅਤੇ ਬਣੀ ਸਕੂਲ ਦਾ ਦੌਰਾ ਕੀਤਾ। ਇਸ ਮੌਕੇ ਉਹਨਾਂ ਨੇ ਅਧਿਆਪਕਾਂ ਨੂੰ ਸਕੂਲਾਂ ਦੇ ਵਿੱਚ ਵੱਧ ਤੋਂ ਵੱਧ ਦਾਖਲਾ ਕਰਨ ਦੇ ਲਈ ਪ੍ਰੇਰਿਤ ਕੀਤਾ।

ਸ਼ਮਸ਼ੇਰ ਸਿੰਘ ਜਿਲ੍ਹਾ ਸਿੱਖਿਆ ਅਫਸਰ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਸਕੂਲਾਂ ਦੇ ਵਿੱਚ ਬੱਚਿਆਂ ਨੂੰ ਆਧੁਨਿਕ ਸਹੂਲਤਾਂ ਦੇ ਨਾਲ ਨਾਲ ਗੁਣਵੱਤਾ ਭਰਪੂਰ ਮਿਆਰੀ ਸਿੱਖਿਆ ਦਿੱਤੀ ਜਾ ਰਹੀ ਹੈ। ਉਹਨਾਂ ਨੇ ਦੱਸਿਆ ਕਿ ਸਰਕਾਰੀ ਸਕੂਲ ਵਿੱਚ ਪੜ੍ਹਦੇ ਬੱਚਿਆਂ ਨੂੰ ਕਈ ਰਿਆਇਤਾਂ ਵੀ ਦਿੱਤੀਆਂ ਜਾ ਰਹੀਆਂ ਹਨ ਤਾਂ ਕਿ ਵੱਧ ਤੋਂ ਵੱਧ ਬੱਚਿਆਂ ਨੂੰ ਸਰਕਾਰੀ ਸਕੂਲਾਂ ਦੇ ਨਾਲ ਜੋੜਿਆ ਜਾ ਸਕੇ, ਸੈਸ਼ਨ 2026-27 ਲਈ ਸਰਕਾਰੀ ਸਕੂਲਾਂ ਦੇ ਵਿੱਚ ਨਰਸਰੀ ਤੋਂ ਲੈ ਕੇ ਬਾਰਵੀਂ ਜਮਾਤ ਤੱਕ ਦੇ ਨਵੇਂ ਦਾਖਲਿਆ ਸਬੰਧੀ ਦਾਖਲਾ ਜਾਗਰੁਕਤਾ ਵੈਨ ਰਾਹੀਂ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਪ੍ਰਚਾਰ ਕੀਤਾ ਗਿਆ। ਇਸ ਮੌਕੇ ਉਨਾਂ ਨੇ ਸਕੂਲ ਵਿੱਚ ਚੱਲ ਰਹੇ ਵਿਭਾਗ ਦੇ ਵੱਖ ਵੱਖ ਵਿਕਾਸ ਕਾਰਜਾਂ ਦੀ ਸਬੰਧੀ ਵੀ ਜਾਇਜ਼ਾ ਲਿਆ। ਇਸ ਮੌਕੇ ਉਹਨਾਂ ਦੇ ਨਾਲ ਮੀਹਮਲ ਸਿੰਘ, ਜੋਗਾ ਸਿੰਘ, ਪਰਮਜੀਤ ਕੁਮਾਰ ਆਦਿ ਹਾਜ਼ਰ ਸਨ।

## ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿੱਚ ਚਾਈਨਾ ਡੋਰ ਖ਼ਿਲਾਫ਼ ਛਾਪੇਮਾਰੀ



**ਸ੍ਰੀ ਆਨੰਦਪੁਰ ਸਾਹਿਬ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਸਪੱਸ਼ਟ ਆਦੇਸ਼ਾਂ ਅਨੁਸਾਰ ਚਾਈਨਾ ਡੋਰ ਦੀ ਵਰਤੋਂ ਅਤੇ ਵਿਕਰੀ ’ਤੇ ਰੋਕ ਲਗਾਉਣ ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਸਖ਼ਤ ਕਾਰਵਾਈ ਕੀਤੀ ਗਈ। ਇਸ ਮੁਹਿੰਮ ਤਹਿਤ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਦੀ ਅਗਵਾਈ ਵਿੱਚ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਰੂਪਨਗਰ ਅਤੇ ਨਗਰ ਕੌਂਸਲ ਦੀ ਸਾਂਝੀ ਟੀਮ ਵੱਲੋਂ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਵਿੱਚ ਛਾਪੇਮਾਰੀ ਕੀਤੀ ਗਈ।

ਇਸ ਸਾਂਝੀ ਕਾਰਵਾਈ ਦੌਰਾਨ ਕਚਹਿਰੀ ਰੋਡ, ਚੋਈ ਬਾਜ਼ਾਰ ਅਤੇ ਨਵੀਂ ਆਬਾਦੀ ਸਮੇਤ ਕਈ ਇਲਾਕਿਆਂ ਵਿੱਚ ਪਤੰਗਾਂ ਦੀਆਂ ਦੁਕਾਨਾਂ ਦੀ ਜਾਂਚ ਕੀਤੀ ਗਈ ਅਤੇ ਚਾਈਨਾ ਡੋਰ ਦੀ ਮੌਜੂਦਗੀ ਨੂੰ ਲੈ ਕੇ ਸਖ਼ਤੀ ਨਾਲ ਨਿਗਰਾਨੀ ਕੀਤੀ ਗਈ। ਟੀਮ ਵਿੱਚ ਵਿਪਨ ਜਿੰਦਲ, ਹਿਮਾਨੀ ਗੋਇਲ , ਸੰਗੀਤ ਕੁਮਾਰ (ਕਾਰਜ ਸਾਧਕ ਅਫ਼ਸਰ), ਮਦਨ ਲਾਲ (ਸੈਨੇਟਰੀ ਇੰਸਪੈਕਟਰ) ਅਤੇ ਐਡਵੋਕੇਟ ਮਨਦੀਪ ਸਿੰਘ (ਪ੍ਰੋਗਰਾਮ ਕੋਆਰਡੀਨੇਟਰ) ਸ਼ਾਮਲ ਸਨ।

ਅਧਿਕਾਰੀਆਂ ਨੇ ਦੱਸਿਆ ਕਿ ਚਾਈਨਾ ਡੋਰ ਨਾ ਸਿਰਫ਼ ਪੰਛੀਆਂ ਲਈ ਘਾਤਕ ਸਾਬਤ ਹੋ ਰਹੀ ਹੈ, ਸਗੋਂ ਮਨੁੱਖੀ ਜਾਨ ਲਈ ਵੀ ਵੱਡਾ ਖ਼ਤਰਾ ਬਣ ਚੁੱਕੀ ਹੈ।

ਪਿਛਲੇ ਸਮਿਆਂ ਦੌਰਾਨ ਚਾਈਨਾ ਡੋਰ ਕਾਰਨ ਕਈ ਦਰਦਨਾਕ ਹਾਦਸੇ ਵਾਪਰ ਚੁੱਕੇ ਹਨ, ਜਿਨ੍ਹਾਂ ਵਿੱਚ ਰਾਹਗੀਰਾਂ ਦੇ ਗਲ ਵੱਢੇ ਜਾਣ ਅਤੇ ਗੰਭੀਰ ਸਰੀਰਕ ਚੋਟਾਂ ਦੇ ਮਾਮਲੇ ਸਾਹਮਣੇ ਆਏ ਹਨ।

ਪ੍ਰਸ਼ਾਸਨ ਵੱਲੋਂ ਦੁਕਾਨਦਾਰਾਂ ਨੂੰ ਸਖ਼ਤ ਚਿਤਾਵਨੀ ਦਿੱਤੀ ਗਈ ਕਿ ਚਾਈਨਾ ਡੋਰ ਦੀ ਵਿਕਰੀ ਜਾਂ ਸਟਾਕ ਮਿਲਣ ’ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਪਰਮਲ ਸਿੰਘ ਕੁਲਗਰਾਂ, ਸੁਲਿੰਦਰ ਕੁਮਾਰ ਸੈਂਟੂ, ਸ਼ਾਮ ਲਾਲ ਕੁਰੂਰਾ ਅਤੇ ਪਰਮਜੀਤ ਸਿੰਘ ਸੋਨੂੰ ਵੀ ਹਾਜ਼ਰ ਰਹੇ।

## ਤੁਹਾਡੀ ਰਸੋਈ



# ਬਨਾਨਾ ਐਂਡ ਪੀਨਟ ਬਟਰ ਮਿਲਕਸ਼ੇਕ



**ਸਮੱਗਰੀ**
ਕੇਲਾ- 1
ਪੀਨਟ ਬਟਰ- 3 ਚਮਚ
ਦੁੱਧ- 1 ਕੱਪ
ਆਈਸ- 4 ਕਿਊਬ
ਪ੍ਰੋਟੀਨ ਪਾਊਡਰ- 1 ਚਮਚ

**ਵਿਧੀ**
ਸਭ ਤੋਂ ਪਹਿਲਾਂ ਮਿਕਸੀ 'ਚ ਥੋੜ੍ਹਾ ਜਿਹਾ ਦੁੱਧ ਪਾ ਕੇ ਉਸ 'ਚ ਕੱਟੇ ਹੋਏ ਕੇਲੇ ਪਾ ਲਓ। ਫ਼ਿਰ ਉਸ ਨੂੰ 2 ਸੈਕਿੰਡ ਲਈ ਬਲੈਂਡ ਕਰੋ। ਫ਼ਿਰ ਮਿਕਸੀ 'ਚ ਪੀਨਟ ਬਟਰ, ਥੋੜ੍ਹਾ ਜਿਹਾ ਦੁੱਧ ਅਤੇ ਆਈਸ ਕਿਊਬ ਪਾ ਕੇ ਗ੍ਰਾਈਂਡ ਕਰੋ। ਹੁਣ ਸ਼ੇਕ 'ਚ ਪ੍ਰੋਟੀਨ ਪਾਊਡਰ ਰਲਾ ਲਓ ਅਤੇ 2 ਸੈਕਿੰਡ ਲਈ ਫ਼ਿਰ ਤੋਂ ਬਲੈਂਡ ਕਰੋ। ਇਸ ਸ਼ੇ ਨੂੰ ਥੋੜ੍ਹਾ ਜਿਹਾ ਗਾੜਾ ਬਣਾਉਣ ਲਈ ਇਸ 'ਚ ਥੋੜ੍ਹਾ ਜਿਹਾ ਦੁੱਧ ਹੋਰ ਪਾਓ।

# ਲਸੁਣੀ ਬੈਂਗਣ ਰੈਸਿਪੀ



ਸਮਗਗ
ਬੈਂਗਣ- 1
ਪਿਆਜ਼-1
ਲਣਸ- 15- 20 ਕਲੀਆਂ
ਲਸਣ ਪੇਸਟ- 1 ਚਮਚ
ਟਮਾਟਰ- 1
ਹਰੀ ਮਿਰਚ- 3
ਨਮਕ ਸੁਆਦ ਅਨੁਸਾਰ
ਜੀਰਾ ਪਾਊਡਰ- 1 ਚਮਚ
ਹਲਦੀ ਪਾਊਡਰ-1/2 ਚਮਚ
ਗਰਮ ਮਸਾਲਾ- 1/2 ਚਮਚ
ਧਨੀਆ ਦੇ ਪੱਤੇ- 2 ਚਮਚ
ਤੇਲ

ਵਿਧੀ - ਸਭ ਤੋਂ ਪਹਿਲਾਂ ਬੈਂਗਣ ਨੂੰ ਧੋ ਲਓ ਅਤੇ ਚਾਕੂ ਦੀ ਮਦਦ ਨਾਲ ਉਸ 'ਚ ਲੰਬੇ-ਲੰਬੇ ਚੀਰੇ ਲਗਾ ਲਓ। ਚੀਰੇ 'ਚ ਹਰ ਸਾਈਡ 'ਤੇ ਤੇਲ ਲਗਾਓ। ਹਰ ਚੀਰੇ ਦੇ ਅੰਦਰ ਲਸਣ ਦੀਆਂ ਕਲੀਆਂ ਨੂੰ ਉਂਗਲੀਆਂ ਨਾਲ ਡੂੰਘਾਈ ਤੱਕ ਪਾਓ। ਗੈਸ ਚਲਾਓ ਅਤੇ ਉਸ 'ਤੇ ਬੈਂਗਣ ਰੱਖ ਦਿਓ। ਬਗਣ ਨੂ ਪੂਰਾ ਕਾਲਾ ਹਣ ਤੱਕ 5 ਮਿੰਟ ਤੱਕ ਭੁੰਨੋ। ਫ਼ਿਰ ਗੈਸ ਬੰਦ ਕਰ ਦਿਓ ਅਤੇ ਬੈਂਗਣ ਨੂੰ ਠੰਡੇ ਪਾਣੀ 'ਚ ਪਾਓ ਇਸ ਤੋਂ ਬਾਅਦ ਉਸ ਨੂੰ ਛਿੱਲ ਲਓ ਹੁਣ ਇਸ 'ਚ ਬੈਂਗਣ ਨੂੰ ਕਟੋਰੇ 'ਚ ਰੱਖ ਕੇ ਚੰਗੀ ਨਾਲ ਮਸਲ ਲਓ। ਹੁਣ ਗੈਸ 'ਤੇ ਪੈਨ ਰੱਖੋ ਉਸ 'ਚ ਹਲਕਾ ਜਿਹਾ ਤੇਲ ਪਾ ਕੇ ਗਰਮ ਕਰੋ, ਫ਼ਿਰ ਉਸ 'ਚ ਕੱਟੇ ਹੋਏ ਪਿਆਜ਼ ਅਤੇ ਲਸਣ ਪੇਸਟ ਪਾ ਕੇ 4 ਮਿੰਟ ਤੱਕ ਫ਼ਰਾਈ ਕਰੋ, ਅੱਗ ਹੌਲੀ ਰੱਖੋ। ਹੁਣ ਇਸ 'ਚ ਅਦਰਕ ਪੇਸਟ, ਹਰੀ ਮਿਰਚ, ਹਲਦੀ ਪਾਊਡਰ, ਲਾਲ ਮਿਰਚ ਪਾਊਡਰ, ਜੀਰਾ ਪਾਊਡਰ ਪਾ ਕੇ 3 ਮਿੰਟ ਤੱਕ ਪਕਾਓ। ਹੁਣ ਇਸ 'ਚ ਟਮਾਟਰ ਅਤੇ ਨਮਕ ਪਾ ਕੇ 4 ਮਿੰਟ ਤੱਕ ਪਕਾਓ। ਹੁਣ ਇਸ 'ਚ ਸਮਲਿਆਂ ਹੋਇਆ ਬੈਂਗਣ ਪਾ ਕੇ 2-3 ਮਿੰਟ ਤੱਕ ਪਕਾਓ। ਇੱਕ ਵਾਰ ਹੋ ਜਾਣ ਤੋਂ ਬਾਅਦ ਅੱਗ ਬੰਦ ਕਰ ਦਿਓ ਅਤੇ ਇਸ 'ਚ ਕੱਟਿਆ ਹੋਣ ਧਨੀਆ ਪਾ ਦਿਓ।

# ਆਲੂ-ਪਨੀਰ ਸਲਾਦ



ਸਮੱਗਰੀ
ਸਮੱਗਰੀ-ਮੱਖਣ 1 ਚੱਮਚ, ਪਨੀਰ 1 ਕੱਪ, ਆਲੂ ਛੋਟੇ ਆਕਾਰ ਦੇ ਡੇਢ ਕੱਪ, ਬਰਾਊਨ ਸ਼ੂਗਰ 1 ਚੱਮਚ, ਕਾਰਨ (ਉਬਲੇ ਹੋਏ) ਅੱਧਾ ਕੱਪ, ਲਾਲ ਸ਼ਿਮਲਾ ਮਿਰਚ ਕਟੀ ਹੋਈ ਅੱਧਾ ਕੱਪ, ਹਰੀ ਸ਼ਿਮਲਾ ਮਿਰਚ ਕਟੀ ਹੋਈ ਅੱਧਾ ਕੱਪ, ਚੈਰੀ 4-5, ਨਮਕ ਤੇ ਕਾਲੀ ਮਿਰਚ ਸਵਾਦ ਅਨੁਸਾਰ।
ਸਜਾਵਟ ਲਈ-ਮਿਊਨੀਜ਼ 1 ਚੱਮਚ, ਕਾਲੀ ਮਿਰਚ ਕਸਟਰਡ 1/2 ਚੱਮਚ, ਕੁੱਟੀ ਹੋਈ ਲਾਲ ਮਿਰਚ ਅੱਧਾ ਚੱਮਚ, ਆਰਗੇਨੋ ਅੱਧਾ ਚੱਮਚ। ਸਜਾਵਟ ਲਈ ਉੱਬਲੇ ਹੋਏ ਅਮਰੀਕਨ ਕਾਰਨ।

ਵਿਧੀ
ਬਣਾਉਣ ਦਾ ਤਰੀਕਾ-ਕੜਾਹੀ 'ਚ ਮੱਖਣ ਪਾ ਕੇ ਗਰਮ ਕਰੋ। ਇਸ 'ਚ ਸਭ ਤੋਂ ਪਹਿਲਾਂ ਪਨੀਰ ਨੂੰ ਚੰਗੀ ਤਰ੍ਹਾਂ ਤਲ ਲਓ। ਫ਼ਿਰ ਇਸ ਵਿੱਚ ਬਰਾਊਨ ਸ਼ੂਗਰ, ਬੇਬੀ ਪਟੈਟੋ, ਨਮਕ ਤੇ ਮਿਰਚ ਪਾ ਕੇ ਲੱਗਭੱਗ ਦੋ ਮਿੰਟ ਤੱਕ ਘੱਟ ਸੇਕ 'ਤੇ ਪਕਾਓ। ਇਸ ਤੋਂ ਬਾਅਦ ਉੱਬਲੇ ਹੋਏ ਕਾਰਨ, ਲਾਲ ਅਤੇ ਹਰੀ ਸ਼ਿਮਲਾ ਮਿਰਚ ਨੂੰ ਪਾ ਕੇ ਚੰਗੀ ਤਰ੍ਹਾਂ ਮਿਲਾ ਲਓ। ਇਸ ਤੋਂ ਬਾਅਦ ਇਸ ਨੂੰ ਡੌਂਗੇ ਵਿੱਚ ਕੱਢ ਕੇ ਡ੍ਰੈਸਿੰਗ ਸਮੱਗਰੀ ਨੂੰ ਵੀ ਇਸ 'ਤੇ ਅਮਰੀਕਨ ਉੱਬਲੇ ਹੋਏ ਕਾਰਨ ਪਾ ਦਿਓ। ਜੇਕਰ ਤੁਸੀਂ ਇਸ ਵਿੱਚ ਹੋਰ ਸਬਜ਼ੀਆਂ ਮਿਲਾਉਣਾ ਚਾਹੋ, ਤਾਂ ਉਹ ਵੀ ਪਾ ਸਕਦੇ ਹੋ, ਜਿਵੇਂ-ਗਾਜਰ, ਫ਼ਰਾਂਸਬੀਨ ਆਦਿ।



# ਪੰਜਾਬੀ ਲੋਕ ਸੱਭਿਆਚਾਰ ਵਿੱਚ ਤ੍ਰਿੰਞਣ

➢ ਡਾ. ਪ੍ਰਿਤਪਾਲ ਸਿੰਘ ਮਹਿਰੋਕ

ਪੰਜਾਬੀ ਲੋਕ ਸੱਭਿਆਚਾਰ ਵਿੱਚ ਚਰਖੇ ਦਾ ਅਤੇ ਚਰਖਾ ਕੱਤਣ ਵਾਲੀਆਂ ਕੁੜੀਆਂ ਦਾ ਸਨਮਾਨਯੋਗ ਸਥਾਨ ਰਿਹਾ ਹੈ। ਸਾਧਾਰਨ ਅਰਥਾਂ ਵਿੱਚ ਕੁੜੀਆਂ ਜਦੋਂ ਇਕੱਠੀਆਂ ਹੋ ਕੇ ਚਰਖੇ ਕੱਤਦੀਆਂ ਹਨ, ਨੱਚਦੀਆਂ-ਗਾਉਂਦੀਆਂ ਹਨ ਅਤੇ ਇੱਕ-ਦੂਜੀ ਨਾਲ ਆਪਨੇ ਦਿਲੀ ਵਲਵਲੇ ਸਾਂਝੇ ਕਰਦੀਆਂ ਹਨ ਤਾਂ ਤ੍ਰਿੰਞਣ ਜੁੜ ਜਾਂਦਾ ਹੈ। ਸਮੇਂ ਦੇ ਬਦਲਣ ਨਾਲ ਹੁਣ ਪੰਜਾਬ ਦੇ ਪਿੰਡਾਂ ਵਿੱਚ ਤ੍ਰਿੰਞਣ ਦੀਆਂ ਅਜਿਹੀਆਂ ਝਾਕੀਆਂ ਕਿਧਰੇ ਘੱਟ ਹੀ ਵੇਖਣ ਨੂੰ ਮਿਲਦੀਆਂ ਹਨ। ਅਜਿਹਾ ਸਮਾਂ ਵੀ ਸੀ ਜਦੋਂ ਤ੍ਰਿੰਞਣ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੁੰਦਾ ਸੀ।

ਪੰਜਾਬ ਵਿੱਚ ਹਰੇਕ ਰੁੱਤੇ ਤ੍ਰਿੰਞਣ ਜੁੜਦੇ ਰਹੇ ਹਨ, ਪਰ ਸਿਆਲ ਦੀਆਂ ਲੰਮੀਆਂ ਰਾਤਾਂ ਵਿੱਚ ਅੱਠੇ ਪਹਿਰ ਚੱਲਦੇ ਰਹਿਣ ਵਾਲੇ ਤ੍ਰਿੰਞਣਾਂ ਦਾ ਵਿਸ਼ੇਸ਼ ਆਨੰਦ, ਨਜ਼ਾਰਾ ਤੇ ਮਹੱਤਵ ਹੁੰਦਾ ਸੀ। ਸ਼ਾਮ ਹੋਣ ਤੋਂ ਪਹਿਲਾਂ ਕੁੜੀਆਂ ਆਪਣੇ ਚਰਖੇ, ਪੀੜ੍ਹੀਆਂ ਤੇ ਕੱਤਣੀਆਂ ਉਸ ਘਰ ਵਿੱਚ ਰੱਖ ਆਉਂਦੀਆਂ ਸਨ ਜਿਸ ਘਰ ਵਿੱਚ ਤ੍ਰਿੰਞਣ ਦਾ ਇਕੱਠ ਜੁੜਨਾ ਹੁੰਦਾ ਸੀ। ਰਾਤ ਹੋ ਜਾਣ 'ਤੇ ਤ੍ਰਿੰਞਣ ਵਿੱਚ ਭਾਗ ਲੈਣ ਵਾਲੀਆਂ ਕੁੜੀਆਂ ਕਿਸੇ ਨਿਸ਼ਚਿਤ ਸਥਾਨ 'ਤੇ ਇਕੱਠੀਆਂ ਹੁੰਦੀਆਂ ਤੇ ਫਿਰ ਇਕੱਠੀਆਂ ਇੱਕ ਜੁੱਟ ਦੇ ਰੂਪ ਵਿੱਚ ਤ੍ਰਿੰਞਣ ਵਾਲੇ ਘਰ ਪਹੁੰਚਦੀਆਂ। ਕੁੜੀਆਂ ਆਪਣੇ ਨਾਲ ਆਪਣੇ ਘਰਾਂ ਤੋਂ ਖਾਣ-ਪੀਣ ਲਈ ਨਿਕ-ਸੁੱਕ ਜਿਵੇਂ ਤਿਲਚੌਲੀ, ਭੁੱਜੀ ਹੋਈ ਮੱਕੀ ਜਾਂ ਛੋਲਿਆਂ ਦੇ ਦਾਣੇ, ਗੁੜ, ਮੂੰਗਫਲੀ, ਪਿੰਨੀਆਂ, ਗੁੜ-ਸ਼ੱਕਰ ਆਦਿ ਲੈ ਕੇ ਆਉਂਦੀਆਂ ਸਨ। ਇਸੇ ਕਰਕੇ ਤ੍ਰਿੰਞਣ ਨੂੰ 'ਭੰਡਾਰਾ ਮੇਲਣਾ' ਵੀ ਕਿਹਾ ਜਾਂਦਾ ਸੀ। ਘਰੋਂ ਲਿਆਂਦੀਆਂ ਵਸਤਾਂ ਨੂੰ ਕੁੜੀਆਂ ਜਦੋਂ ਦਿਲ ਕਰਦਾ ਜਾਂ ਚਰਖਾ ਕੱਤਣ ਤੋਂ ਜਦੋਂ ਵੀ ਵਿਹਲ ਮਿਲਦੀ ਖਾ ਲੈਂਦੀਆਂ। ਖਾਣ ਵਾਲੀਆਂ ਚੀਜ਼ਾਂ ਦਾ ਵਟਾਂਦਰਾ ਕਰਕੇ ਖਾਣ ਵਿੱਚ ਉਹ ਵੱਖਰੀ ਤਰ੍ਹਾਂ ਦੀ ਖ਼ੁਸ਼ੀ ਦਾ ਅਨੁਭਵ ਕਰਦੀਆਂ ਸਨ। ਦੀਵਿਆਂ ਵਿੱਚ ਪਾਉਣ ਲਈ ਉਹ ਸਰੋਂ ਦਾ ਤੇਲ ਲਿਆਉਣਾ ਨਹੀਂ ਸਨ ਭੁੱਲਦੀਆਂ। ਕੱਤਣ ਦੌਰਾਨ ਹਾਸਾ-ਮਜ਼ਾਕ ਕਰਨ, ਗੀਤ ਗਾਉਣ ਤੇ ਕੁਝ ਨਾ ਕੁਝ ਖਾਈ ਜਾਣ ਦਾ ਸਿਲਸਿਲਾ ਸਾਰੀ ਰਾਤ ਚੱਲਦਾ ਰਹਿੰਦਾ ਸੀ। ਰਾਤ ਭਰ ਚੱਲਦੇ ਰਹਿੰਦੇ ਤ੍ਰਿੰਞਣ ਨੂੰ 'ਰਾਤ ਕੱਤਣੀ' ਵੀ ਕਹਿ ਲਿਆ ਜਾਂਦਾ ਸੀ। ਸਰਦੀਆਂ ਦੇ ਦਿਨੀਂ ਰੋਟੀ ਟੁੱਕ ਕਰਨ ਤੇ ਚੁੱਲ੍ਹੇ-ਚੌਂਕੇ ਦੇ ਆਹਰ ਤੋਂ ਵਿਹਲੀਆਂ ਹੋ ਕੇ ਵੀ ਕੁੜੀਆਂ ਤ੍ਰਿੰਞਣ ਛੋਹ ਬੈਠਦੀਆਂ ਸਨ ਤੇ ਰਲ-ਮਿਲ ਕੇ ਚਰਖੇ ਕੱਤਦੀਆਂ ਸਨ। ਇਸ ਤ੍ਰਿੰਞਣ ਨੂੰ 'ਚਿੜੀ ਚੜੂੰਗਾ' ਕਿਹਾ ਜਾਂਦਾ ਸੀ।

ਰਾਤ ਭਰ ਚੱਲਦੇ ਰਹਿਣ ਵਾਲੇ ਤ੍ਰਿੰਞਣ ਵਿੱਚ ਕੱਤਣ ਦੇ ਮੁਕਾਬਲੇ ਵੀ ਹੁੰਦੇ ਸਨ। ਉਨ੍ਹਾਂ ਨੂੰ ਛੋਪੇ ਕਿਹਾ ਜਾਂਦਾ ਸੀ। ਉਸ ਨੂੰ ਛੋਪ ਪਾ ਕੇ ਕੱਤਣਾ ਵੀ ਕਹਿ ਲਿਆ ਜਾਂਦਾ ਸੀ। ਸਰੋਂ ਦੇ ਤੇਲ ਦੇ ਦੀਵੇ ਜਗਾ ਲਏ ਜਾਂਦੇ ਸਨ। ਉਨ੍ਹਾਂ ਦੀ ਮਿੱਠੀ-ਮਿੱਠੀ ਰੌਸ਼ਨੀ ਵਿੱਚ ਚਰਖੇ ਕੱਤਦੀਆਂ ਮੁਟਿਆਰਾਂ ਵੀ ਮਸਤੀ ਵਿੱਚ ਆ ਕੇ ਚਰਚੇ ਕੱਤਦੀਆਂ ਤੇ ਵੰਨ-ਸੁਵੰਨੀ ਘੂਕਰ ਦੀਆਂ ਧੁਨਾਂ ਪੈਦਾ ਕਰਦੀਆਂ ਸਨ। ਚਰਖੇ ਗੂੰਜ ਉੱਠਦੇ ਸਨ, ਪੂਣੀਆਂ ਕੱਤੀਆਂ ਜਾਂਦੀਆਂ ਸਨ, ਕੁੜੀਆਂ ਗਲੋਟੇ ਬਣਾਈ ਜਾਂਦੀਆਂ ਸਨ ਤੇ ਨਾਲ-ਨਾਲ ਉਹ ਲੋਕ ਗੀਤਾਂ ਦੀਆਂ ਤੁਕਾਂ ਅਲਾਪਦੀਆਂ ਜਾਂਦੀਆਂ। ਰਾਤ ਦਾ ਤਾਰਾ ਚੜ੍ਹਦਿਆਂ ਹੀ ਛੋਪ ਪਾਉਣ ਦੀ ਤਿਆਰੀ ਸ਼ੁਰੂ ਹੋ ਜਾਂਦੀ। ਕੁੜੀਆਂ ਚੱਕਰ ਦੀ ਗੋਲਾਈ ਵਿੱਚ ਆਪਣੇ ਚਰਖੇ ਡਾਹ ਲੈਂਦੀਆਂ ਸਨ। ਕਿਸੇ ਚੁਸਤ ਤੇਜ਼ ਹੁਸ਼ਿਆਰ ਤੇ ਵਧੀਆ ਕੱਤਣ ਵਾਲੀ ਕੁੜੀ ਦੇ ਕੋਲ ਇੱਕ ਛੱਜ ਜਾਂ ਟੋਕਰਾ ਰੱਖ ਦਿੱਤਾ ਜਾਂਦਾ ਸੀ। ਸਾਰੀਆਂ ਕੁੜੀਆਂ ਆਪਣੇ ਆਪਣੇ ਹਿੱਸੇ ਦੀਆਂ ਚਾਰ-ਚਾਰ ਪੂਣੀਆਂ ਉਸ ਮੋਹਤਬਰ ਕੁੜੀ ਵੱਲ ਵਾਰੋ-ਵਾਰੀ ਸੁੱਟਦੀਆਂ ਜਾਂਦੀਆਂ, ਉਹ ਬੜੀ ਜੁਗਤ ਤੇ ਤਰਤੀਬ ਨਾਲ ਉਨ੍ਹਾਂ ਨੂੰ ਛੱਜ ਨਾਲ ਜਾਂ ਟੋਕਰੇ ਵਿੱਚ ਟਿਕਾਉਂਦੀ ਜਾਂਦੀ। ਇਸ ਤਰ੍ਹਾਂ ਨਾਲ ਚਾਰ-ਚਾਰ ਪੂਣੀਆਂ ਦੇ ਇੱਕ ਤੋਂ ਬਾਅਦ ਇੱਕ ਕਈ ਗੇੜ, ਪਹਿਲਾਂ ਬਣਾਈ ਤਰਤੀਬ ਨਾਲ ਹੀ, ਉੱਪਰ ਤੋਂ ਉੱਪਰ ਟਿਕਾ ਲਏ ਜਾਂਦੇ ਸਨ। ਮੋਹਤਬਰ ਕੁੜੀ ਇਸ ਗੱਲ ਦਾ ਸਹਿਜੇ ਹੀ ਅਨੁਮਾਨ ਲਗਾ ਲੈਂਦੀ ਸੀ ਕਿ ਸਾਰੀ ਰਾਤ ਵਿੱਚ ਕਿੰਨੀਆਂ ਕੁ ਪੂਣੀਆਂ ਕੱਤੀਆਂ ਜਾ ਸਕਣਗੀਆਂ। ਉਸ ਅੰਦਾਜ਼ੇ ਅਨੁਸਾਰ ਹੀ ਛੋਪ ਪਾਏ ਜਾਂਦੇ ਸਨ। ਛੋਪ ਪਾ ਲਏ ਜਾਣ ਪਿੱਛੋਂ ਕੁੜੀਆਂ ਕੱਤਣਾ ਸ਼ੁਰੂ ਕਰ ਦਿੰਦੀਆਂ। ਮੋਹਤਬਰ ਕੁੜੀ ਸਾਰੀਆਂ ਕੁੜੀਆਂ ਵੱਲ ਪਹਿਲੇ ਗੇੜ ਦੀਆਂ ਚਾਰ-ਚਾਰ ਪੂਣੀਆਂ ਸੁੱਟ ਦਿੰਦੀ। ਮੋਹਤਬਰ ਬਣਾਈ ਕੁੜੀ ਨੂੰ ਬਾਕੀਆਂ ਨਾਲੋਂ ਦੁੱਗਣਾ ਕੰਮ ਕਰਨਾ ਪੈਂਦਾ ਸੀ। ਉਸ ਨੇ ਕੁੜੀਆਂ ਵੱਲ ਪੂਣੀਆਂ ਵੀ ਸੁੱਟਣੀਆਂ ਹੁੰਦੀਆਂ ਸਨ ਤੇ ਆਪਣੇ ਹਿੱਸੇ ਦਾ ਕੱਤਣਾ ਵੀ ਹੁੰਦਾ ਸੀ। ਜਿਉਂ-ਜਿਉਂ ਪੂਣੀਆਂ ਦੇ ਗੇੜਾਂ ਦੀ ਗਿਣਤੀ ਵਧਦੀ ਜਾਂਦੀ, ਕੋਈ ਨਾ ਕੋਈ ਕੁੜੀ ਕੱਤਣ ਵਿੱਚ ਪੱਛੜਦੀ ਜਾਂਦੀ ਤੇ ਪੂਣੀਆਂ ਸੁੱਟਣ ਵਾਲੀ ਕੁੜੀ ਕੋਲ ਟੋਕਰੇ ਵਿੱਚ ਪੂਣੀਆਂ ਜਮ੍ਹਾਂ ਹੋਣੀਆਂ ਸ਼ੁਰੂ ਹੋ ਜਾਂਦੀਆਂ। ਛੋਪ ਪਾਉਣ ਦੇ ਗੇੜ ਚੱਲਦੇ ਰਹਿੰਦੇ, ਉਪਰੋਥਲੀ ਹਾਸਾ ਠੱਠਾ ਵੀ ਚੱਲਦਾ ਰਹਿੰਦਾ, ਚਾਹ ਬਣਾਈ ਤੇ ਵਰਤਾਈ ਜਾਂਦੀ, ਅੱਧੀ ਰਾਤ ਤੇ ਫਿਰ ਸਵੇਰ ਹੋਣ ਤਕ ਇਹ ਸਿਲਸਿਲਾ ਚੱਲਦਾ ਰਹਿੰਦਾ। ਵੇਖੋ-ਵੇਖੀ ਕੁੜੀਆਂ ਵਧੀਆ ਤੋਂ ਵਧੀਆ ਚਰਖਾ ਲੈਣ ਦੀ ਰੀਝ ਆਪਣੇ ਮਨ ਵਿੱਚ ਪਾਲਦੀਆਂ ਸੁਣੀਆਂ ਜਾਂਦੀਆਂ:

ਕਿੱਕਰ ਦਾ ਮੇਰਾ ਚਰਖਾ ਮਾਏ
ਟਾਹਲੀ ਦਾ ਬਣਵਾ ਦੇ।
ਇਸ ਚਰਖੇ ਦੇ ਹਿੱਲੇ ਮੁਝੇਰੂ
ਮਾਲ੍ਹਾਂ ਬਹੁਤੀਆਂ ਖਾਵੇ।
ਮੇਰੇ ਹਾਣ ਦੀਆਂ ਕੱਤ ਕੇ ਸੌਂ ਗਈਆਂ
ਮੈਥੋਂ ਕੱਤਿਆ ਨਾ ਜਾਵੇ।
ਚਰਖਾ ਬੂਹ ਚੰਦਰਾ
ਮੇਰੀ ਨੀਂਦ ਉਡਾਵੇ।

ਧੀ ਦੀ ਅਜਿਹੀ ਫ਼ਰਮਾਇਸ਼ ਨੂੰ ਸੁਣਨ ਤੋਂ ਪਿੱਛੋਂ ਹਾਜ਼ਰ ਜਵਾਬ ਮਾਂ ਟਟ-ਫਟ ਕਹਿਣ ਲੱਗ ਜਾਂਦੀ ਸੀ:

ਧੀਏ, ਚੱਜ ਨਾ ਕੱਤਣ ਦਾ ਤੈਨੂੰ
ਚਰਖੇ ਨੂੰ ਦੋਸ਼ ਦੇਨੀਂ ਏਂ।

ਤ੍ਰਿੰਞਣ ਸਜਾ ਕੇ ਬੈਠੀਆਂ ਕੁੜੀਆਂ ਪਹੁ ਫੁਟਾਲੇ ਤਕ ਵਾਹੋ-ਦਾਹੀ ਚਰਖੇ ਕੱਤਦੀਆਂ ਰਹਿੰਦੀਆਂ। ਰਾਤ ਭਰ ਕਈ ਕਈ ਵਾਰ ਉੱਠ ਕੇ ਦੀਵਿਆਂ ਵਿੱਚ ਤੇਲ ਪਾਇਆ ਜਾਂਦਾ। ਪੰਜਾਬੀ ਸੱਭਿਆਚਾਰ ਵਿੱਚ ਆਪਸੀ ਮੇਲਜੋਲ, ਸਦਭਾਵਨਾ ਅਤੇ ਭਾਈਚਾਰੇ ਵਿੱਚ ਆਪਸੀ ਵਿਸ਼ਵਾਸ ਦਾ ਕਮਾਲ ਵੇਖੋ ਕਿ ਛੋਪ ਕੱਤ ਲੈਣ ਪਿੱਛੋਂ ਤ੍ਰਿੰਞਣ ਦੀਆਂ ਖ਼ੁਸ਼ੀਆਂ ਸਾਂਝੀਆਂ ਕਰ ਲੈਣ ਪਿੱਛੋਂ ਕੁੜੀਆਂ ਉੱਥੇ ਹੀ ਸੌਂ ਜਾਂਦੀਆਂ ਸਨ। ਦਿਨ ਚੜ੍ਹੇ ਆਪਨੇ-ਆਪਨੇ ਚਰਖੇ, ਕੱਤਿਆ ਸੂਤ ਅਤੇ ਕੱਤਣੀਆਂ ਲੈ ਕੇ ਕੁੜੀਆਂ ਘਰੋਂ-ਘਰੀ ਤੁਰ ਜਾਂਦੀਆਂ। ਸਿਆਲੀ ਰੁੱਤੇ ਅਜਿਹੇ ਤ੍ਰਿੰਞਣ ਜੁੜਨੇ, ਛੋਪ ਪੈਣੇ ਤੇ ਖ਼ੁਸ਼ੀਆਂ ਵੰਡਣੀਆਂ-ਵੰਡਾਉਣੀਆਂ ਬੜੀ ਆਮ ਗੱਲ ਹੁੰਦੀ ਸੀ। ਬਜ਼ੁਰਗ ਦੱਸਦੇ ਹਨ ਕਿ ਕਦੇ-ਕਦੇ ਅੱਠ ਪਹਿਰਾਂ ਵੀ ਕੱਤਿਆ ਜਾਂਦਾ ਸੀ। ਸੂਰਜ ਛਿਪਣ ਦੇ ਸਮੇਂ ਤ੍ਰਿੰਞਣ ਵਿੱਚ ਕੱਤਣਾ ਸ਼ੁਰੂ ਕਰਨ ਤੋਂ ਲੈ ਕੇ ਸਾਰੀ ਰਾਤ ਕੱਤਦਿਆਂ ਰਹਿਣ ਤੇ ਫਿਰ ਅਗਲੇ ਦਿਨ ਦੇ ਸੂਰਜ ਛਿਪਣ ਤੱਕ, ਅੱਠੇ ਪਹਿਰ ਤ੍ਰਿੰਞਣ ਵਿੱਚ ਕੱਤਣ ਦਾ ਸਿਲਸਿਲਾ ਚੱਲਦਾ ਰਹਿੰਦਾ ਸੀ।

ਬੇਸ਼ਕ ਇਹ ਬੀਤ ਗਏ ਸਮੇਂ ਦੀਆਂ ਗੱਲਾਂ ਹਨ, ਪਰ ਹੁਣ ਵੀ ਜਦੋਂ ਸੱਭਿਆਚਾਰਕ ਸਾਂਝ ਦਾ ਜ਼ਿਕਰ ਹੁੰਦਾ ਹੈ ਤਾਂ ਤ੍ਰਿੰਞਣ ਦੀ ਗੱਲ ਜ਼ਰੂਰ ਛਿੜਦੀ ਹੈ। ਤ੍ਰਿੰਞਣਾਂ ਨੂੰ ਯਾਦ ਕਰਕੇ ਬੀਤੇ ਸਮਿਆਂ ਦੇ ਸੁਖਾਵੇਂ ਅਨੁਭਵ ਦੀ ਕਲਪਨਾ ਸਹਿਜ ਹੀ ਕੀਤੀ ਜਾ ਸਕਦੀ ਹੈ। ਸਮਾਂ ਰੁਕਦਾ ਨਹੀਂ, ਇਤਿਹਾਸ ਵਿੱਚ ਸਾਂਭਿਆ ਜ਼ਰੂਰ ਜਾਂਦਾ ਹੈ:

ਪਾਣੀ ਜੋ ਅੱਜ ਪੱਤਣੋਂ ਲੰਘਦਾ
ਫੇਰ ਨਾ ਆਉਂਦਾ ਭਲਕੇ
ਬੇੜੀ ਦਾ ਪੂਰ, ਤ੍ਰਿੰਞਣ ਦੀਆਂ ਕੁੜੀਆਂ
ਫੇਰ ਨਾ ਬੈਠਣ ਰਲ ਕੇ।

ਹਰੇਕ ਸਮੇਂ ਦੀ ਅਟੱਲ ਸੱਚਾਈ ਕਹਿੰਦੀਆਂ ਉਪਰੋਕਤ ਤੁਕਾਂ ਤ੍ਰਿੰਞਣ ਦਾ ਮਹੱਤਵ ਵੀ ਦਰਸਾ ਜਾਂਦੀਆਂ ਹਨ ਤੇ ਬਹੁਤ ਕੁਝ ਸੋਚਣ ਲਈ ਵੀ ਮਜਬੂਰ ਕਰ ਦਿੰਦੀਆਂ ਹਨ। ਕਿਸੇ ਸਮੇਂ ਪੰਜਾਬ ਦੇ ਲੋਕ ਜੀਵਨ ਵਿੱਚ ਚਰਖਾ ਕੱਤਣ ਨੂੰ ਕੁੜੀਆਂ ਦਾ ਵੱਡਾ ਰੁਝੇਵਾਂ ਤੇ ਆਹਰ ਸਮਝਿਆ ਜਾਂਦਾ ਸੀ ਤੇ ਉਨ੍ਹਾਂ ਦੀ ਸ਼ਖ਼ਸੀਅਤ ਦਾ ਵਿਲੱਖਣ ਗੁਣ ਵੀ ਤਸੱਵਰ ਕੀਤਾ ਜਾਂਦਾ ਸੀ। ਹੁਣ ਇਹ ਗੱਲਾਂ ਭਾਵੇਂ ਬਹੁਤਾ ਮਹੱਤਵ ਨਹੀਂ ਰੱਖਦੀਆਂ, ਪਰ ਲੋਕਧਾਰਾ ਵਿੱਚ ਇਨ੍ਹਾਂ ਦਾ ਮਹੱਤਵ ਜਿਉਂ ਦਾ ਤਿਉਂ ਬਣਿਆ ਚਲਿਆ ਆ ਰਿਹਾ ਹੈ। ਕਿਸੇ ਦੇ ਕਹੇ ਪੁਰਾਣੇ ਬੋਲ ਅਜੇ ਵੀ ਯਾਦ ਆ ਜਾਂਦੇ ਹਨ:

ਜੋਗੀ ਉੱਤਰ ਪਹਾੜੋਂ ਆਇਆ
ਚਰਖੇ ਦੀ ਘੂਕ ਸੁਣ ਕੇ।

ਘਰਾਂ ਦੇ ਸਾਜ਼-ਸਾਮਾਨ ਵਿੱਚ ਚਰਖੇ ਦਾ ਮੌਜੂਦ ਹੋਣਾ ਬਹੁਤੀਆਂ ਹਾਲਤਾਂ ਵਿੱਚ ਮਾਣ ਮਹਿਸੂਸ ਕਰਨ ਵਾਲੀ ਗੱਲ ਸਮਝੀ ਜਾਂਦੀ ਸੀ। ਵਧੀਆ ਦਿੱਖ ਵਾਲਾ ਚਰਖਾ ਬਣਾਉਣ ਵਾਲੇ ਕਾਰੀਗਰ ਦੇ ਵੀ ਸੋਹਲੇ ਗਏ ਜਾਂਦੇ ਸਨ। ਤ੍ਰਿੰਞਣ ਜੋੜਨ ਲਈ ਵਧੇਰੇ ਕਰਕੇ ਉਸ ਘਰ ਦੀ ਚੋਣ ਕੀਤੀ ਜਾਂਦੀ ਸੀ, ਜਿਸ ਘਰ ਵਿੱਚ ਦੋ-ਤਿੰਨ ਕੁੜੀਆਂ, ਜਿਨ੍ਹਾਂ ਨੇ ਤ੍ਰਿੰਞਣ ਵਿੱਚ ਕੱਤਣਾ ਹੁੰਦਾ ਸੀ, ਹੁੰਦੀਆਂ ਸਨ। ਸ਼ਾਮ ਹੋਣ ਤੋਂ ਪਹਿਲਾਂ ਹੀ ਤ੍ਰਿੰਞਣ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ ਜਾਂਦੀਆਂ ਸਨ।

ਇਹ ਲੋਕਧਾਰਾ ਵਿਗਿਆਨੀਆਂ ਦੇ ਸਿਦਕ, ਸਿਰੜ, ਮਿਹਨਤ ਅਤੇ ਖੇਤਰੀ ਖੋਜ ਕਾਰਜ ਦਾ ਹੀ ਪ੍ਰਤੀਫਲ ਹੈ ਕਿ ਲੋਕਧਾਰਾ ਨਾਲ ਸਬੰਧਤ ਅਮੀਰ ਵਿਰਾਸਤ ਦੀ ਅਮੋਲਵੀਂ ਸਮੱਗਰੀ ਸਾਡੇ ਤਕ ਪਹੁੰਚ ਸਕੀ ਹੈ। ਹੁਣ ਵੀ ਅਜਿਹੀ ਕੀਮਤੀ ਜਾਣਕਾਰੀ ਨੂੰ ਕਲਮਬੱਧ ਕਰਨ ਵਾਸਤੇ ਸੁਚੇਤ ਪੱਧਰ 'ਤੇ ਯਤਨ ਕਰਨ ਦੀ ਲੋੜ ਹੈ। ਲੋਕਧਾਰਾ ਨਾਲ ਸਬੰਧਤ ਦੁਰਲੱਭ ਖ਼ਜ਼ਾਨੇ ਨੂੰ ਆਉਣ ਵਾਲੇ ਸਮੇਂ ਤਕ ਸਾਂਭ ਕੇ ਰੱਖਣ ਲਈ ਸਰਕਾਰਾਂ ਨੂੰ ਵੀ ਪ੍ਰਾਜੈਕਟ ਉਲੀਕ ਕੇ ਉਨ੍ਹਾਂ ਉੱਪਰ ਕੰਮ ਕਰਵਾਉਣਾ ਚਾਹੀਦਾ ਹੈ। ਤ੍ਰਿੰਞਣ ਹੁਣ ਸੁਪਨੇ ਦੀ ਨਿਆਈਂ ਹੋ ਗਏ ਹਨ, ਜੋ ਬੀਤੇ ਸਮਿਆਂ ਦੀ ਮਿੱਠੀ ਤੇ ਸੁਹਾਵਣੀ ਯਾਦ ਬਣ ਕੇ ਰਹਿ ਗਏ ਹਨ।



# ਜਜ਼ਬਾਤੀ ਸੂਝ-ਬੂਝ: ਜੀਵਨ ਵਿੱਚ ਸਫਲਤਾ ਦਾ ਰਾਜ਼

ਡਾ. ਜਗਦੀਸ਼ ਕੌਰ ਵਾੜੀਆ

ਜੀਵਨ ਵਿੱਚ ਸਫਲਤਾ ਹਾਸਲ ਕਰਨ ਲਈ ਖ਼ੁਸ਼ੀ, ਉਤਸ਼ਾਹ, ਵਿਸ਼ਵਾਸ, ਸਾਕਾਰਾਤਮਕ ਸੋਚ ਤੇ ਰਵੱਈਆ, ਸਮਰੱਥਾ ਤੇ ਸਮਾਜਿਕ ਵਰਤੋਂ ਵਿਹਾਰ ਅਨੇਕਾਂ ਪਹਿਲੂ ਹਨ, ਪਰ ਸ਼ਖ਼ਸੀਅਤ ਨੂੰ ਹੋਰ ਉਚੇਰਾ ਚੁੱਕਣ ਤੇ ਨਿਖਾਰਨ ਲਈ ਕੁਝ ਹੋਰ ਪੱਖ ਵੀ ਹਨ ਜਿਨ੍ਹਾਂ ਵਿੱਚ ਮਹੱਤਵਪੂਰਨ ਹੈ ਭਾਵਨਾਤਮਕ ਸੂਝਬੂਝ ਤੇ ਦੂਰ-ਅੰਦੇਸ਼ੀ। ਪੁਰਾਤਨ ਕਾਲ ਵਿੱਚ ਗੁਰੂਕੁਲ ਵਿੱਚ ਸਰਬਪੱਖੀ ਵਿਦਿਆ ਦਿੱਤੀ ਜਾਂਦੀ ਸੀ ਜਿਸ ਨਾਲ ਬੱਚੇ ਦਾ ਸਮੁੱਚਾ ਸ਼ਖ਼ਸੀ ਵਿਕਾਸ ਹੁੰਦਾ ਸੀ। ਉਸ ਨੂੰ ਰਾਜਸੀ, ਸਮਾਜਿਕ, ਨੀਤੀਬਾਗੀ, ਵਿਦਿਅਕ ਗਿਆਨ ਆਦਿ ਦੇ ਕੇ ਪੂਰੀ ਤਰ੍ਹਾਂ ਸਿੱਖਿਅਤ ਕਰਕੇ ਖੇਤਰ ਵਿੱਚ ਵਿਚਾਰਨਯੋਗ ਬਣਾਇਆ ਜਾਂਦਾ ਸੀ। ਇਹੀ ਪ੍ਰਣਾਲੀ ਬਹੁਤ ਦੇਰ ਪ੍ਰਚਲਿੱਤ ਰਹੀ। ਉਸ ਦੇ ਮੁਕਾਬਲੇ ਜੇ ਅਜੋਕੀ ਸਿੱਖਿਆ ਪ੍ਰਣਾਲੀ ਵੱਲ ਝਾਤੀ ਮਾਰੀਏ ਤਾਂ ਬਸਤਿਆਂ ਤੇ ਪੁਸਤਕਾਂ ਦੇ ਭਾਰ ਹੇਠ ਬੱਚਿਆਂ ਦਾ ਬਚਪਨ ਦੱਬ ਕੇ ਰਹਿ ਗਿਆ ਹੈ, ਉਨ੍ਹਾਂ ਨੂੰ ਵਧੇਰੇ ਕਰਕੇ ਕਿਤਾਬੀ ਗਿਆਨ ਦੇਣ ਉੱਤੇ ਹੀ ਜ਼ੋਰ ਦਿੱਤਾ ਜਾਂਦਾ ਹੈ ਤੇ ਬਹੁਤ ਸਾਰੀਆਂ ਗੱਲਾਂ ਅਮਲੀ ਰੂਪ ਵਿੱਚ ਜੀਵਨ ਵਿੱਚ ਲਾਗੂ ਨਹੀਂ ਕੀਤੀਆਂ ਜਾਂਦੀਆਂ। ਅਮਲੀ ਰੂਪ ਵਿੱਚ ਗਿਆਨ ਹੀ ਮਨੁੱਖ ਦੀ ਸ਼ਖ਼ਸੀਅਤ ਵਿੱਚ ਨਿਖਾਰ ਲਿਆਉਂਦਾ ਹੈ।

ਅੱਜ ਲੋੜ ਹੈ ਬੱਚੇ ਦੇ ਸਰਬਪੱਖੀ ਵਿਕਾਸ ਵੱਲ ਧਿਆਨ ਦੇਣ ਦੀ, ਸ਼ਖ਼ਸੀਅਤ ਦਾ ਵਿਕਾਸ ਕਰਨ ਦੀ। ਸ਼ਖ਼ਸੀਅਤ ਤੋਂ ਭਾਵ ਉਸ ਦੀ ਬਾਹਰੀ ਦਿੱਖ, ਪਹਿਰਾਵਾ ਜਾਂ ਆਲੇ-ਦੁਆਲੇ ਲੋਕਾਂ ਜਾਂ ਦੋਸਤਾਂ ਨਾਲ ਮੇਲ ਜੋਲ ਜਾਂ ਵਰਤੋਂ ਵਿਹਾਰ ਨਹੀਂ; ਇਸ ਵਿੱਚ ਉਸ ਦੀ ਅੰਦਰੂਨੀ ਖ਼ੂਬਸੂਰਤੀ ਵੀ ਸ਼ਾਮਲ ਹੋਣੀ ਜ਼ਰੂਰੀ ਹੈ। ਇੱਕ ਵਿਅਕਤੀ ਦੀ ਸ਼ਖ਼ਸੀਅਤ ਦੇ ਦੋ ਪਹਿਲੂ ਹੁੰਦੇ ਹਨ- ਬਾਹਰੀ ਤੇ ਅੰਦਰੂਨੀ ਅਤੇ ਜੇ ਉਹ ਅੰਦਰੂਨੀ ਤੌਰ 'ਤੇ ਸੰਤੁਲਿਤ ਹੈ ਤੇ ਬਾਹਰੀ ਤੌਰ 'ਤੇ ਖ਼ੂਬਸੂਰਤ, ਸਭ ਨਾਲ ਰਚਿਆ- ਮਿਚਿਆ ਮਿਲਾਪੜਾ ਹੈ ਤਾਂ ਉਸ ਨੂੰ ਬਾਖ਼ੂਬੀ ਮੁਕੰਮਲ ਸ਼ਖ਼ਸੀਅਤ ਵਾਲਾ ਕਿਹਾ ਜਾਂਦਾ ਹੈ ਜਿਸ ਤੋਂ ਭਾਵ ਹੈ ਕਿ ਸਰੀਰਿਕ ਤੌਰ 'ਤੇ ਤੰਦਰੁਸਤ, ਮਾਨਸਿਕ ਤੌਰ 'ਤੇ ਸੁਚੇਤ, ਭਾਵੁਕਤਾ ਦੇ ਪੱਖਾਂ ਤੋਂ ਸੰਤੁਲਿਤ ਤੇ ਸਮਾਜਿਕ ਤੌਰ 'ਤੇ ਸਭ ਨਾਲ ਮਿਲ-ਜੁਲ ਕੇ ਰਹਿਣ ਵਾਲਾ।

ਸਾਡੀ ਅਜੋਕੀ ਵਿਦਿਅਕ ਪ੍ਰਣਾਲੀ ਅਨੁਸਾਰ ਬੱਚਿਆਂ ਨੂੰ ਜੋ ਸਿੱਖਿਆ ਦਿੱਤੀ ਜਾਂਦੀ ਹੈ, ਉਸ ਵਿੱਚ ਵਧੇਰੇ ਜ਼ੋਰ ਸਰੀਰਿਕ ਤੇ ਮਾਨਸਿਕ ਵਿਕਾਸ ਉੱਤੇ ਦਿੱਤਾ ਜਾਂਦਾ ਹੈ, ਭਾਵਨਾਤਮਕ ਤੇ ਸਮਾਜਿਕ ਤੌਰ 'ਤੇ ਵਿਕਸਿਤ ਕਰਨ ਉੱਤੇ ਨਹੀਂ। ਸਰੀਰਿਕ ਤੋਂ ਭਾਵ ਹੈ ਬੱਚੇ ਵਿੱਚ ਗਤੀਵਿਧੀ ਯੋਗਤਾ ਵਿਕਸਿਤ ਕਰਨੀ ਜਿਵੇਂ ਕਿ ਗਤੀ, ਤਾਕਤ ਬਲ, ਸਮਰੱਥਾ, ਲਚਕੀਲਾਪਣ, ਫੁਰਤੀਲਾਪਣ, ਗਤੀਸ਼ੀਲਤਾ ਤੇ ਸਹਿਣਸ਼ੀਲਤਾ ਆਦਿ। ਮਾਨਸਿਕ ਤੌਰ 'ਤੇ ਵਿਕਾਸ ਤੋਂ ਭਾਵ ਹੈ ਸਮੁੱਚੀ ਬੁੱਧੀਮਤਾ ਦਾ ਗਤੀਸ਼ੀਲ ਹੋਣਾ ਅਰਥਾਤ ਸਿੱਖਣਾ, ਬਲਸ਼ਕਤੀ, ਯਾਦ ਰੱਖਣਾ, ਸੋਚ ਵਿਚਾਰ ਕਰਨੀ, ਤਰਕਸ਼ੀਲਤਾ, ਫ਼ੈਸਲਾ ਲੈਣਾ ਤੇ ਸਮੱਸਿਆ ਦਾ ਸਮਾਧਾਨ ਕਰਨਾ ਆਦਿ। ਇਹ ਸਾਰੇ ਪਹਿਲੂ ਉਸ ਦਾ ਗਿਆਨ ਵਿਕਸਿਤ ਕਰਨ ਨਾਲ ਸਬੰਧਤ ਹਨ, ਭਾਵ ਉਸ ਦੀ ਬੁੱਧੀਮਤਾ, ਦੂਰਅੰਦੇਸ਼ੀ ਤੇ ਸੂਝ-ਬੂਝ ਆਦਿ।

ਇਸ ਬਾਰੇ ਇੱਕ ਹੋਰ ਵਿਚਾਰਧਾਰਾ ਉੱਭਰ ਕੇ ਸਾਹਮਣੇ ਆਈ ਹੈ ਕਿ ਜੀਵਨ ਵਿੱਚ ਸਫਲਤਾ ਹਾਸਲ ਕਰਨ ਲਈ ਕੇਵਲ ਬੁੱਧੀਮਤਾ ਜਾਂ ਦੂਰਅੰਦੇਸ਼ੀ ਹੀ ਨਹੀਂ, ਸਗੋਂ ਭਾਵਨਾਤਮਕ ਸੂਝਬੂਝ ਵੀ ਮਾਅਨੇ ਰੱਖਦੀ ਹੈ। ਅੱਜ ਦਾ ਯੁੱਗ ਕਾਰਪੋਰੇਟ ਦਾ ਯੁੱਗ ਹੈ। ਉਚੇਰੀ ਸਿੱਖਿਆ ਹਾਸਲ ਕਰਨ ਉਪਰੰਤ, ਮੁਕਾਬਲੇ ਵਿੱਚ ਸਫ਼ਲ ਹੋਣ ਤੇ ਭਿੰਨ-ਭਿੰਨ ਕੰਪਨੀਆਂ ਵਿੱਚ ਨੌਕਰੀਆਂ ਹਾਸਲ ਕਰਨੀਆਂ ਇੱਕ ਲੋੜ ਬਣ ਗਈ ਹੈ। ਹਰ ਵਿਅਕਤੀ ਪਦਾਰਥਕ ਦੌੜ ਵਿੱਚ ਇੱਕ ਦੂਸਰੇ ਤੋਂ ਅੱਗੇ ਨਿਕਲਣ ਦੀ ਕੋਸ਼ਿਸ਼ ਵਿੱਚ ਹੈ ਅਤੇ ਦੌੜ ਕੰਪਨੀਆਂ ਵਿੱਚ ਨੌਕਰੀ ਕਰਕੇ ਹੀ ਉਨ੍ਹਾਂ ਦੇ ਮਕਸਦ ਤਕ ਪਹੁੰਚਦੀ ਹੈ। ਪਰ ਚੰਗੀ ਨੌਕਰੀ ਲੈਣ ਲਈ ਉਚੇਰੀ ਬੁੱਧੀਮਤਾ, ਗਿਆਨ ਸੂਝਬੂਝ ਦੇ ਨਾਲ ਨਾਲ ਭਾਵਨਾਤਮਕ ਤੌਰ 'ਤੇ ਸੰਤੁਲਿਤ ਹੋਣਾ ਵੀ ਲਾਜ਼ਮੀ ਹੈ ਜਿਸ ਨਾਲ ਕੰਮਕਾਜ ਵਿੱਚ ਸਫਲਤਾ, ਸਦਗੁਣ, ਵਿਸ਼ੇਸ਼ਤਾ, ਖ਼ੁਸ਼ੀ ਤੇ ਨੌਕਰੀ ਵਿੱਚ ਸੰਤੁਸ਼ਟੀ ਮਿਲਦੀ ਹੈ। ਬਹੁਤ ਸਾਰੇ ਅਜਿਹੇ ਲੋਕ ਵੀ ਹਨ ਜੋ ਭਾਵਨਾਵਾਂ ਉੱਤੇ ਕਾਬੂ ਨਾ ਪਾ ਸਕਣ ਕਾਰਨ ਨੌਕਰੀ ਵਿੱਚ ਸਫਲਤਾ ਹਾਸਲ ਨਹੀਂ ਕਰ ਸਕਦੇ। ਜਜ਼ਬੇ ਤੇ ਜੋਸ਼ ਦਾ ਹੋਣਾ ਸ਼ਖ਼ਸੀਅਤ ਲਈ ਮਹੱਤਵਪੂਰਨ ਹੈ; ਹਰ ਇਨਸਾਨ ਦੇ ਸੁਭਾਅ ਵਿੱਚ ਪਿਆਰ, ਮੋਹ, ਗੁੱਸਾ, ਡਰ, ਈਰਖਾ, ਬਦਲਾ ਲੈਣ ਦੀ ਭਾਵਨਾ ਮੌਜੂਦ ਹੁੰਦੀ ਹੈ। ਪਰ ਵੇਖਣਾ ਇਹ ਹੈ ਕਿ ਸਾਰੀਆਂ ਗੱਲਾਂ ਦਾ ਉਹ ਸਾਹਮਣਾ ਕਿਵੇਂ ਕਰਦਾ ਹੈ। ਇਹ ਉਸ ਦੇ ਸ਼ਖ਼ਸੀ ਗੁਣਾਂ ਉੱਤੇ ਕਾਬੂ ਨਹੀਂ ਪਾ ਸਕਦਾ ਤਾਂ ਉਹ ਜੀਵਨ ਦੇ ਹੋਰ ਮਸਲੇ ਸਹਿਜ ਨਾਲ ਕਿਵੇਂ ਹੱਲ ਕਰ ਸਕਦਾ ਹੈ। ਭਾਵਨਾਤਮਕ ਸੂਝਬੂਝ ਲਈ ਕੁਝ ਵਿਸ਼ੇਸ਼ਤਾਵਾਂ ਦਾ ਹੋਣਾ ਜ਼ਰੂਰੀ ਹੈ। ਸਵੈ-ਚੇਤੰਨਤਾ ਦਾ ਹੋਣਾ ਮਨੁੱਖੀ ਸ਼ਖ਼ਸੀਅਤ ਦਾ ਉਸਾਰੂ ਪਹਿਲੂ ਹੈ ਕਿਉਂਕਿ ਜਿਹੜਾ ਮਨੁੱਖ ਆਪਣੀਆਂ ਕਮਜ਼ੋਰੀਆਂ ਤੇ ਚੰਗਿਆਈਆਂ ਪ੍ਰਤੀ ਜਾਗਰੂਕ ਹੈ। ਉਹ ਜੀਵਨ ਵਿੱਚ ਸੰਤੁਲਨ ਰੱਖਣ ਵਿੱਚ ਕਾਮਯਾਬ ਹੋ ਸਕਦਾ ਹੈ।

ਭਾਵਨਾਵਾਂ ਉੱਤੇ ਕਾਬੂ ਪਾਉਣਾ, ਆਪਣੀਆਂ ਤੇ ਦੂਸਰਿਆਂ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕਦਰ ਕਰਨੀ ਅਤੇ ਸਵੈ-ਕਾਬੂ ਪਾਉਣ ਲਈ ਉਨ੍ਹਾਂ ਨੂੰ ਤੀਬਰਤਾ ਨਾਲ ਸਮਝਣ ਦੀ ਕੋਸ਼ਿਸ਼ ਕਰਨੀ ਵੀ ਸ਼ਖ਼ਸੀ ਗੁਣਾਂ ਨੂੰ ਮਹੱਤਤਾ ਪ੍ਰਦਾਨ ਕਰਦੀ ਹੈ। ਆਪਣੇ ਆਪ ਨੂੰ ਹਾਲਾਤ ਮੁਤਾਬਿਕ ਢਾਲਣਾ, ਸਵੈ-ਪ੍ਰੇਰਨਾ ਲੈਣੀ, ਅੰਤਰੀਵ ਪ੍ਰੇਰਨਾ ਜੋ ਕੰਮਾਂ ਵਿੱਚ ਦਿਲਚਸਪੀ ਲੈ ਕੇ ਪੈਦਾ ਹੁੰਦੀ ਹੈ ਤੇ ਵਿਕਸਤ ਹੁੰਦੀ ਹੈ, ਵੀ ਮਨੁੱਖ ਦੇ ਨਿੱਜੀ ਗੁਣਾਂ ਵਿੱਚ ਵਾਧਾ ਕਰਦੀ ਹੈ ਤੇ ਸਮਾਜ ਵਿੱਚ ਵਿਚਾਰਨਯੋਗ ਬਣਾਉਂਦੀ ਹੈ।

ਹਮਦਰਦੀ ਰੱਖਣੀ ਇੱਕ ਅਜਿਹਾ ਵਿਲੱਖਣ ਗੁਣ ਹੈ ਜੋ ਹਰ ਖੇਤਰ ਵਿੱਚ ਸਵੈ ਦੀ ਪਛਾਣ ਕਾਇਮ ਕਰਦਾ ਹੈ। ਆਪਣੇ ਆਪ ਨੂੰ ਦੂਸਰੇ ਵਿਅਕਤੀ ਦੀ ਮਾਨਸਿਕ ਸਥਿਤੀ ਵਿੱਚ ਰੱਖ ਕੇ ਵੇਖਣਾ, ਦੂਸਰਿਆਂ ਪ੍ਰਤੀ ਸਾਕਾਰਤਮਕ ਰਵੱਈਆ ਰੱਖਣਾ ਤੇ ਭਾਵਨਾਵਾਂ ਨੂੰ ਸਮਝਣਾ ਵੀ ਮਨੁੱਖੀ ਯੋਗਤਾ ਹੈ। ਸਮਾਜ ਵਿੱਚ ਸਫਲਤਾਪੂਰਵਕ ਵਿਚਰਨ ਲਈ ਰਿਸ਼ਤਿਆਂ ਨੂੰ ਸੰਭਾਲ ਕੇ ਰੱਖਣਾ ਅਦੁੱਤੀ ਗੁਣ ਹੈ। ਆਪਣੇ ਆਪ ਵਿੱਚ ਸਮਾਜਿਕ ਸਮਰੱਥਾ ਤੇ ਗੁਣ ਵਿਕਸਿਤ ਕਰਨੇ ਤਾਂ ਕਿ ਦੂਸਰਿਆਂ, ਸਾਥੀਆਂ, ਮਿੱਤਰਾਂ ਨਾਲ ਸੁਚੱਜੇ ਸਬੰਧ ਕਾਇਮ ਰੱਖੇ ਜਾ ਸਕਣ, ਸਾਂਝ ਕਾਇਮ ਰੱਖੀ ਜਾ ਸਕੇ, ਇੱਕ ਦੂਸਰੇ ਦੇ ਦੁੱਖ-ਸੁੱਖ ਵਿੱਚ ਸਾਥ ਦਿੱਤਾ ਜਾ ਸਕੇ।

ਭਾਵਨਾਤਮਕ ਸੂਝਬੂਝ ਕੰਮ-ਕਾਜ ਦੇ ਵਿਭਿੰਨ ਖੇਤਰਾਂ ਵਿੱਚ ਸਫਲਤਾ ਹਾਸਲ ਕਰਨ ਲਈ ਸੁਚੱਜਾ ਹਥਿਆਰ ਸਾਬਤ ਹੋ ਸਕਦੀ ਹੈ ਅਤੇ ਉਤਪਾਦਨ, ਪਰਿਵਰਤਨ, ਬਦਲਦੇ ਹਾਲਾਤ ਅਨੁਸਾਰ ਕੰਮ-ਕਾਰ ਵਿੱਚ ਤੇਜ਼ੀ ਲਿਆਉਣੀ, ਅਗਵਾਈ ਕਰਨ ਦੇ ਗੁਣ ਵਿਕਸਿਤ ਕਰਨੇ ਅਤੇ ਮੌਲਿਕਤਾ ਉਤਾਰਨ ਵਿੱਚ ਸਹਾਈ ਹੁੰਦੀ ਹੈ। ਅਜਿਹੇ ਸ਼ਖ਼ਸੀ ਗੁਣਾਂ ਦੇ ਮਾਲਕ ਵਿਅਕਤੀ ਸਮਾਜਿਕ ਰਿਸ਼ਤੇ ਕਾਇਮ ਕਰਨ, ਖ਼ੁਸ਼ ਰਹਿਣ, ਸਿਹਤਮੰਦ ਰਹਿਣ ਤੇ ਕੰਮਕਾਰ ਵਿੱਚ ਵਧੇਰੇ ਸਫ਼ਲ ਹੁੰਦੇ ਹਨ।

ਉਹ ਜਿੱਥੇ ਆਪਣੀਆਂ ਭਾਵਨਾਵਾਂ ਪ੍ਰਤੀ ਚੇਤੰਨ ਹੁੰਦੇ ਹਨ, ਉੱਥੇ ਦੂਸਰਿਆਂ ਪ੍ਰਤੀ ਹਮਦਰਦ ਤੇ ਰਹਿਮਦਿਲ ਹੁੰਦੇ ਤੇ ਸਵੈ-ਪ੍ਰਤੀ ਜੋਸ਼ ਭਰਪੂਰ ਹੁੰਦੇ ਹਨ। ਭਾਵਨਾਤਮਕ ਸੂਝਬੂਝ ਸਿੱਖੀ ਵੀ ਜਾਂਦੀ ਹੈ, ਗ੍ਰਹਿਣ ਵੀ ਕੀਤੀ ਜਾ ਸਕਦੀ ਹੈ ਤੇ ਜੀਵਨ ਭਰ ਵਿਕਸਿਤ ਵੀ ਹੁੰਦੀ ਰਹਿੰਦੀ ਹੈ। ਇਹ ਜੀਵਨ ਦੇ ਤਜਰਬਿਆਂ ਉੱਤੇ ਆਧਾਰਿਤ ਹੈ। ਬੁੱਧੀਮਤਾ, ਸੂਝਬੂਝ ਵਾਂਗ ਭਾਵਨਾਤਮਕ ਸੂਝਬੂਝ ਵਿੱਚ ਸਾਰੀ ਉਮਰ ਸੁਧਾਰ ਕੀਤਾ ਜਾ ਸਕਦਾ ਹੈ। ਕਿਸੇ ਵਿਅਕਤੀ ਦੀ ਭਾਵਨਾਤਮਕ ਸੂਝਬੂਝ ਦੀ ਪੱਧਰ ਜਾਂ ਗੁਣਵੱਤਾ ਭਾਵਨਾਤਮਕ ਸੂਝਬੂਝ ਦੇ ਨਤੀਜਿਆਂ ਦਾ ਪੈਮਾਨਾ ਹੈ। ਇਸ ਸੰਦਰਭ ਵਿੱਚ ਕਿਸੇ ਦੀ ਸੂਝਬੂਝ ਬਾਰੇ ਜਾਣਨਾ ਹੋਵੇ ਤਾਂ ਉਸ ਦੀਆਂ ਵਿਦਿਅਕ ਤੇ ਸਮਾਜਿਕ ਪ੍ਰਾਪਤੀਆਂ ਤੇ ਉਸ ਵੱਲੋਂ ਸਮਾਜਿਕ ਭਲਾਈ ਵਿੱਚ ਵੱਡੀ ਪੱਧਰ 'ਤੇ ਪਾਏ ਯੋਗਦਾਨ ਤੋਂ ਹੀ ਅਨੁਮਾਨ ਲਾਇਆ ਜਾ ਸਕਦਾ ਹੈ।

ਸੰਪਰਕ: 98555-84298

## ਤੁਸੀਂ ਵੀ ਰੱਖ ਸਕਦੇ ਹੋ ਘਰ ਨੂੰ ਅਪ ਟੂ ਡੇਟ

× ਬਿਜਲੀ ਦੀ ਵਾਇਰਿੰਗ 'ਤੇ ਉਚਿਤ ਧਿਆਨ ਦੇਣਾ ਚਾਹੀਦਾ ਹੈ। ਕਿਤਿਓਂ ਵੀ ਨੰਗੀ ਤਾਰ ਦਿਖਾਈ ਦੇਵੇ ਤਾਂ ਛੇਤੀ ਉਸ ਨੂੰ ਬਦਲਵਾ ਲਓ। ਬਿਜਲੀ ਦੇ ਮਾਮਲੇ ਵਿਚ ਥੋੜ੍ਹੀ ਜਿਹੀ ਲਾਪ੍ਰਵਾਹੀ ਵੱਡਾ ਬਖੇੜਾ ਖੜ੍ਹਾ ਕਰ ਸਕਦੀ ਹੈ। ਜਿਥੋਂ ਬਿਜਲੀ ਦੇ ਕੁਨੈਕਸ਼ਨ ਢਿੱਲੇ ਹੋਣ, ਉਨ੍ਹਾਂ ਨੂੰ ਨਾਲ-ਨਾਲ ਠੀਕ ਕਰਵਾ ਲਓ।

× ਸਿੱਲ੍ਹ ਆਦਿ ਹੋਣ 'ਤੇ ਉਸ ਨੂੰ ਤੁਰੰਤ ਠੀਕ ਸੁੱਕਣ 'ਤੇ ਠੀਕ ਕਰਵਾਓ, ਨਹੀਂ ਤਾਂ ਸਿੱਲ੍ਹ ਹੌਲੀ-ਹੌਲੀ ਪੂਰੇ ਘਰ ਵਿਚ ਫੈਲ ਜਾਵੇਗੀ ਅਤੇ ਕਈ ਬਿਮਾਰੀਆਂ ਨੂੰ ਜਨਮ ਦੇਣ ਵਿਚ ਸਿੱਲ੍ਹ ਸਹਾਇਕ ਹੁੰਦੀ ਹੈ।

× ਘਰ ਵਿਚ ਟੁੱਟ-ਫੁੱਟ ਹੁੰਦੀ ਰਹਿੰਦੀ ਹੈ, ਜਿਸ ਦੀ ਮੁਰੰਮਤ ਵਿਚ ਦੇਰੀ ਨਾ ਵਰਤ ਕੇ ਛੇਤੀ ਠੀਕ ਕਰਵਾ ਲੈਣੀ ਚਾਹੀਦੀ ਹੈ। ਜਿਥੋਂ ਕਿਤਿਓਂ ਵੀ ਸੀਮਿੰਟ ਡਿਗ ਰਿਹਾ ਹੋਵੇ ਜਾਂ ਭੁਰ ਰਿਹਾ ਹੋਵੇ, ਉਸ ਨੂੰ ਕਢਵਾ ਕੇ ਨਵਾਂ ਸੀਮਿੰਟ ਭਰਵਾ ਦਿਓ। ਸੀਮਿੰਟ ਭਰਵਾਉਣ ਤੋਂ ਪਹਿਲਾਂ ਧਿਆਨ ਰੱਖੋ ਕਿ ਉਸ ਜਗ੍ਹਾ ਨੂੰ ਚੰਗੀ ਤਰ੍ਹਾਂ ਨਾਲ ਖੁਰਚਵਾ ਕੇ ਸਾਫ਼ ਕਰਵਾ ਲੈਣਾ ਚਾਹੀਦਾ ਹੈ।

× ਸਮੇਂ-ਸਮੇਂ 'ਤੇ ਲੱਕੜੀ ਦੀਆਂ ਅਲਮਾਰੀਆਂ, ਪੁਰਾਣੇ ਪਲੰਘ ਅਤੇ ਲੱਕੜੀ ਦੇ ਫਰਨੀਚਰ ਨੂੰ ਐਂਟੀ-ਟਰਮਾਈਟ ਸਪਰੇਅ ਕਰਵਾਉਂਦੇ ਰਹਿਣਾ ਚਾਹੀਦਾ ਹੈ ਤਾਂ ਕਿ ਸਿਉਂਕ ਲੱਗਣ ਦਾ ਕੋਈ ਖ਼ਤਰਾ ਨਾ ਰਹੇ। ਜਦੋਂ ਕਿਤੇ ਸਿਉਂਕ ਦੀ ਸ਼ੁਰੂਆਤ ਹੋਵੇ ਤਾਂ ਉਸ ਹਿੱਸੇ ਦੀ ਲੱਕੜੀ ਬਦਲਵਾ ਕੇ ਨਵੀਂ ਲਗਵਾ ਲਓ, ਜਿਸ ਨਾਲ ਸਿਉਂਕ ਅੱਗੇ ਨਾ ਵਧ ਸਕੇ।

× ਦਾਗ-ਧੱਬੇ ਹੋ ਜਾਣ 'ਤੇ ਕੁਝ ਸਮੇਂ ਬਾਅਦ ਟਚ ਅਪ ਕਰਵਾਉਂਦੇ ਰਹੋ। ਜੇਕਰ ਅਜੇ ਸਫੈਦੀ ਕਰਵਾਉਣ ਵਿਚ ਕੁਝ ਸਮਾਂ ਹੋਵੇ ਜਾਂ ਆਰਥਿਕ ਸਥਿਤੀ ਅਜੇ ਆਗਿਆ ਨਾ ਦੇ ਰਹੀ ਹੋਵੇ ਤਾਂ ਅਜਿਹੇ ਵਿਚ ਉਸ ਸਥਾਨ ਨੂੰ ਛੁਪਾਉਣ ਲਈ ਵਾਲ ਹੈਂਗਿੰਗ, ਸੀਨਰੀ ਆਦਿ ਲਗਾ ਕੇ ਉਸ ਦਾਗ਼ ਨੂੰ ਛੁਪਾ ਸਕਦੇ ਹੋ।

× ਘਰ ਦੇ ਅੰਦਰ ਦੀ ਸਫ਼ਾਈ ਦੇ ਨਾਲ ਬਾਹਰ ਦੀ ਵੀ ਓਨੀ ਹੀ ਦੇਖ-ਰੇਖ ਕਰਨੀ ਚਾਹੀਦੀ ਹੈ। ਜੇ ਘਰ ਬਾਹਰੋਂ ਜ਼ਿਆਦਾ ਖ਼ਰਾਬ ਹੋ ਰਿਹਾ ਹੋਵੇ ਅਤੇ ਅੰਦਰੋਂ ਠੀਕ ਹੋਵੇ ਤਾਂ ਅਜਿਹੇ ਵਿਚ ਬਾਹਰੀ ਦਿੱਖ ਨੂੰ ਬਣਾਈ ਰੱਖਣ ਲਈ ਉਸ 'ਤੇ ਸਨੋਸਮ ਕਰਵਾ ਲੈਣਾ ਚਾਹੀਦਾ ਹੈ ਜਾਂ ਵਾਲ ਪੇਂਟ ਆਦਿ ਕਰਵਾ ਲੈਣਾ ਚਾਹੀਦਾ ਹੈ। ਆਪਣੇ ਆਸ਼ਿਆਨੇ ਦੀ ਥੋੜ੍ਹੀ ਜਿਹੀ ਦੇਖਭਾਲ ਕਰਕੇ ਤੁਸੀਂ ਵੀ ਉਸ ਨੂੰ ਸੰਵਾਰ ਸਕਦੇ ਹੋ।

-ਸੁਨੀਤਾ ਗਾਬਾ

# ਨੌਰਵੇ ਵਿੱਚ ਸਾਈਕਲ ਦੀ ਸ਼ਾਨ

ਨੌਰਵੇ ਦੁਨੀਆਂ ਦਾ ਇੱਕ ਖ਼ੂਬਸੂਰਤ ਤੇ ਠੰਢਾ ਮੁਲਕ ਹੈ। ਇਸ ਨੂੰ ਅੱਧੀ ਰਾਤ ਦੇ ਸੂਰਜ ਵਾਲਾ ਦੇਸ਼ ਵੀ ਕਿਹਾ ਜਾਂਦਾ ਹੈ। ਇਸ ਦਾ ਖੇਤਰਫਲ 3,85,185 ਵਰਗ ਕਿਲੋਮੀਟਰ ਹੈ ਤੇ ਇਹ ਦੁਨੀਆਂ ਭਰ ਵਿੱਚ 67ਵੇਂ ਨੰਬਰ 'ਤੇ ਹੈ। ਅੱਜ ਕੱਲ੍ਹ ਇੱਥੋਂ ਦੀ ਆਬਾਦੀ ਤਕਰੀਬਨ 50,38,842 ਹੈ ਜਿਸ ਵਿੱਚ 10,830 ਦੇ ਕਰੀਬ ਭਾਰਤੀ ਮੂਲ ਦੇ ਲੋਕ ਹਨ। ਇਹ ਦੁਨੀਆਂ ਦੇ ਅਮੀਰ ਦੇਸ਼ਾਂ 'ਚੋਂ ਇੱਕ ਹੈ। ਇਸ ਅਮੀਰ ਦੇਸ਼ ਦੇ ਅਮੀਰ ਲੋਕਾਂ ਦੀ ਇੱਕ ਗੱਲ ਬਹੁਤ ਹੀ ਚੰਗੀ ਹੈ ਕਿ ਇਹ ਵਧੀਆ ਕਾਰਾਂ ਦੇ ਨਾਲ-ਨਾਲ ਆਪਣੇ ਘਰਾਂ ਵਿੱਚ ਸਾਈਕਲ ਵੀ ਰੱਖਦੇ ਹਨ। ਕੰਮਾਂ-ਕਾਰਾਂ 'ਤੇ ਵੀ ਸਾਈਕਲ ਉੱਤੇ



ਜਾਂਦੇ ਹਨ। ਦੇਖਣ ਵਿੱਚ ਆਉਂਦਾ ਹੈ ਕਿ ਕਈ ਥਾਵਾਂ 'ਤੇ ਸੜਕ ਦੇ ਨੇੜੇ ਸਾਈਕਲ ਸਟੈਂਡ ਹੁੰਦੇ ਹਨ। ਸ਼ਹਿਰ ਦੇ ਅੰਦਰ ਬਣੇ ਇਨ੍ਹਾਂ ਸਾਈਕਲ ਸਟੈਂਡ ਵਾਲੇ ਸਾਈਕਲਾਂ ਨੂੰ 'ਸਿਟੀ ਸਾਈਕਲ' ਕਿਹਾ ਜਾਂਦਾ ਹੈ। ਸਿਟੀ ਸਾਈਕਲ, ਯੂਰਪ ਵਿੱਚ ਸਭ ਤੋਂ ਪਹਿਲਾਂ ਡੈਨਮਾਰਕ ਦੀ ਰਾਜਧਾਨੀ ਕੋਪਨਹੇਗਨ ਵਿੱਚ ਸ਼ੁਰੂ ਹੋਇਆ। ਨੌਰਵੇ ਦੇ ਪੰਜ ਵੱਡੇ ਸ਼ਹਿਰਾਂ 'ਚ ਸਿਟੀ ਸਾਈਕਲ ਦੀ ਸਹੂਲਤ ਹੈ। ਇਨ੍ਹਾਂ ਵਿੱਚ ਨੌਰਵੇ ਦੀ ਰਾਜਧਾਨੀ ਓਸਲੋ (+ਤ;ਰ), ਸੰਦਨਿਸ (ਫ ਬਰੰਦਹਾਈਮ ("ਗਰਅਵੀਕਨਠ), ਬੌਨਸਬਰਗ ("ਰਮਤਲਕਗਪ) ਤੇ ਦਰਮਨ (4ਗਠਠਕਅ) ਦੇ ਨਾਂ ਸ਼ਾਮਲ ਹਨ। ਇਹ ਸਾਈਕਲ ਲੋਕਾਂ ਨੂੰ ਨਹੀਂ ਸਗੋਂ ਲੋਕਾਂ ਲਈ ਇਨ੍ਹਾਂ ਸਟੈਂਡਾਂ 'ਤੇ ਖੜ੍ਹਾਏ ਜਾਂਦੇ ਹਨ। ਇਹ ਸਾਈਕਲ ਸਟੈਂਡ ਬਹੁਤੀ ਵਸੋਂ ਵਾਲੀਆਂ ਥਾਵਾਂ 'ਤੇ ਲੋਕਾਂ ਦੀ ਜ਼ਰੂਰਤ ਨੂੰ ਮੁੱਖ ਰੱਖ ਕੇ ਬਣਾਏ ਜਾਂਦੇ ਹਨ। ਇਹ ਸਾਈਕਲ ਸਟੈਂਡ ਪ੍ਰਾਈਵੇਟ ਕੰਪਨੀਆਂ ਦੇ ਹੁੰਦੇ ਹਨ। ਸਾਈਕਲਾਂ ਦੇ ਮਡਗਾਰਡਾਂ 'ਤੇ ਵੱਖ-ਵੱਖ ਇਸ਼ਤਿਹਾਰਾਂ (ਐਡਵਰਟਾਈਜ਼ਮੈਂਟ) ਵਾਲੇ ਸਟਿੱਕਰ ਲਗਾਏ ਹੁੰਦੇ ਹਨ। ਇਨ੍ਹਾਂ ਇਸ਼ਤਿਹਾਰਾਂ ਤੋਂ ਕਮਾਏ ਪੈਸਿਆਂ ਨਾਲ ਇਹ ਲੋਕ ਆਪਣਾ ਇਹ ਸਿਟੀ ਸਾਈਕਲ ਦਾ ਕਾਰੋਬਾਰ ਚਲਾਉਂਦੇ ਹਨ।

ਕਿਸੇ ਸਟੈਂਡ ਤੋਂ ਸਿਟੀ ਸਾਈਕਲ ਲੈਣ ਲਈ ਇੱਕ ਕਾਰਡ ਬਣਵਾਉਣਾ ਭਾਵ ਰਜਿਸਟਰਡ ਕਰਵਾਉਣਾ ਪੈਂਦਾ ਹੈ। ਇਹ ਕਾਰਡ 18 ਸਾਲਾਂ ਦੀ ਉਮਰ ਤੋਂ ਘੱਟ ਵਾਲੇ ਦਾ ਨਹੀਂ ਬਣਦਾ। ਸਿਟੀ ਸਾਈਕਲ ਲੈਣ ਲਈ ਇੱਕ 'ਸੀਜ਼ਨ' ਦੇ 90 ਕਰੋਨੇ ਯਾਨੀ ਕਿ ਭਾਰਤੀ 800 ਰੁਪਏ ਦੇ ਕਰੀਬ ਰਕਮ ਜਮ੍ਹਾਂ ਕਰਾਉਣੀ ਪੈਂਦੀ ਹੈ। ਇਸ ਕਾਰਡ ਨਾਲ ਉੱਥੇ ਲੱਗੀ ਮਸ਼ੀਨ ਦੇ ਸਕਰੀਨ 'ਤੇ ਸਾਈਕਲ ਦਾ ਨੰਬਰ ਆ ਜਾਂਦਾ ਹੈ ਤੇ ਲੋੜਵੰਦ ਵਿਅਕਤੀ ਉਹ ਸਾਈਕਲ ਲੈ ਲੈਂਦਾ ਹੈ। ਜੇ ਸਟੈਂਡ 'ਤੇ ਕੋਈ ਸਾਈਕਲ ਨਾ ਹੋਵੇ ਤਾਂ ਇਹੋ ਮਸ਼ੀਨ ਦੱਸਦੀ ਹੈ ਕਿ ਕਿਸ ਨੇੜਲੇ ਸਟੈਂਡ 'ਤੇ ਤੁਹਾਨੂੰ ਸਾਈਕਲ ਮਿਲੇਗਾ। ਇਸੇ ਕਾਰਡ ਨਾਲ ਸਾਈਕਲ ਦਾ ਲੌਕ ਖੁੱਲ੍ਹਦਾ ਹੈ। ਇਹ ਸਿਟੀ ਸਾਈਕਲ ਇੱਕ ਵਾਰ ਲੈ ਕੇ



ਤਿੰਨ ਘੰਟੇ ਲਈ ਵਰਤਣ ਦੀ ਆਗਿਆ ਹੁੰਦੀ ਹੈ ਤੇ ਤਿੰਨ ਘੰਟੇ ਬਾਅਦ ਕਿਸੇ ਵੀ ਸਟੈਂਡ 'ਤੇ ਛੱਡ ਕੇ ਉੱਥੋਂ ਹੋਰ ਸਾਈਕਲ ਲਿਆ ਜਾ ਸਕਦਾ ਹੈ। ਜੇ ਸਾਈਕਲ ਟੁੱਟ-ਭੱਜ ਜਾਵੇ ਤਾਂ ਉਸ ਨੂੰ ਸਟੈਂਡ 'ਤੇ ਰੱਖ ਦਿੱਤਾ ਜਾਂਦਾ ਹੈ। ਇਸ ਟੁੱਟ-ਭੱਜ ਦਾ ਕੋਈ ਹਰਜਾਨਾ-ਜੁਰਮਾਨਾ ਸਬੰਧਿਤ ਵਿਅਕਤੀ ਨੂੰ ਨਹੀਂ ਭਰਨਾ ਪੈਂਦਾ ਪਰ ਜੇ ਕੋਈ ਸਾਈਕਲ ਗੁੰਮ ਹੋ ਜਾਵੇ ਤਾਂ ਸਾਈਕਲ ਦੀ ਕੀਮਤ ਕੰਪਨੀ ਵਾਲੇ ਵਸੂਲ ਕਰਦੇ ਹਨ ਜੋ ਅੰਦਾਜ਼ਨ 3500 ਕਰੋਨੇ ਭਾਵ ਭਾਰਤੀ 30000 ਰੁਪਏ ਦੇ ਕਰੀਬ ਹੁੰਦੀ ਹੈ।

ਵਰਣਨਯੋਗ ਹੈ ਕਿ ਇੱਥੇ ਸਾਈਕਲ ਦੀ ਕੀਮਤ ਦਸ ਹਜ਼ਾਰ ਰੁਪਏ ਤੋਂ ਲੈ ਕੇ 4-5 ਲੱਖ ਰੁਪਏ ਤਕ ਹੈ। ਸਾਈਕਲ ਦਾ ਬੀਮਾ ਵੀ ਕਰਵਾਇਆ ਜਾਂਦਾ ਹੈ। ਇਨ੍ਹਾਂ ਸਾਈਕਲਾਂ ਨੂੰ ਲੱਗੀਆਂ ਲਾਈਟਾਂ ਬੈਟਰੀ ਨਾਲ ਚੱਲਦੀਆਂ ਹਨ। ਬਿਨਾਂ ਲਾਈਟ ਤੋਂ ਹਨੇਰੇ ਵਿੱਚ ਸਾਈਕਲ ਚਲਾਉਣ ਵਾਲੇ ਨੂੰ ਜੁਰਮਾਨਾ ਕੀਤਾ ਜਾਂਦਾ ਹੈ। ਸ਼ਹਿਰ ਵਿੱਚ ਫੁੱਟਪਾਥ ਵਰਗੀ ਹੀ ਵੱਖਰੀ ਸੜਕ ਹੁੰਦੀ ਹੈ ਜਿਸ 'ਤੇ ਬਾਕਾਇਦਾ ਸਾਈਨ ਬੋਰਡ 'ਤੇ ਸਾਈਕਲ ਬਣਿਆ ਹੁੰਦਾ ਹੈ। ਇੱਥੇ ਸਾਈਕਲ ਨੂੰ ਕਾਰਾਂ ਵਾਂਗ ਹੀ ਅਹਿਮੀਅਤ ਦਿੱਤੀ ਜਾਂਦੀ ਹੈ। ਇਹ ਸਾਈਕਲ ਗੇਅਰਾਂ ਵਾਲੇ ਹੁੰਦੇ ਹਨ। ਇਹ ਬੜੀ ਤੇਜ਼ ਰਫ਼ਤਾਰ ਨਾਲ ਚੱਲਦੇ ਹਨ। ਸਿਰਫ਼ ਹਾਈਵੇ 'ਤੇ ਸਾਈਕਲ ਚਲਾਉਣਾ ਮਨ੍ਹਾ ਹੈ ਕਿਉਂਕਿ ਉੱਥੇ ਵਾਹਨ ਬਹੁਤ ਤੇਜ਼ ਗਤੀ 'ਚ ਚੱਲਦੇ ਹਨ। ਇਨ੍ਹਾਂ ਦੇਸ਼ਾਂ ਵਿੱਚ ਟਰੈਫਿਕ ਨਿਯਮਾਂ ਦੀ ਪਾਲਣਾ ਬਹੁਤ ਸੰਜੀਦਗੀ ਨਾਲ ਕੀਤੀ ਜਾਂਦੀ ਹੈ ਤੇ ਪਾਲਣਾ ਨਾ ਕਰਨ ਵਾਲੇ ਨੂੰ ਭਾਰੀ ਜੁਰਮਾਨਾ ਕੀਤਾ ਜਾਂਦਾ ਹੈ। ਇਹੋ ਕਾਰਨ ਹੈ ਕਿ ਇੱਥੇ ਬਹੁਤ ਘੱਟ ਸੜਕ ਹਾਦਸੇ ਹੁੰਦੇ ਹਨ।

ਮਈ ਤੋਂ ਸਤੰਬਰ ਤਕ ਇੱਥੇ ਸਾਈਕਲ ਦੀ ਵਰਤੋਂ ਬਹੁਤ ਕੀਤੀ ਜਾਂਦੀ ਹੈ। ਸਰਦੀ ਦੇ ਬਰਫ਼ਬਾਰੀ ਤੋਂ ਪਹਿਲਾਂ-ਪਹਿਲਾਂ ਕੰਪਨੀ ਵਾਲੇ ਆਪਣੇ ਸਿਟੀ ਸਾਈਕਲ ਚੁੱਕ ਕੇ ਲੈ ਜਾਂਦੇ ਹਨ। ਆਮ ਦੇਖਣ ਵਿੱਚ ਆਉਂਦਾ ਹੈ ਕਿ ਮਰਦ-ਔਰਤਾਂ ਸਾਈਕਲ 'ਤੇ ਆਉਂਦੇ-ਜਾਂਦੇ ਹਨ। ਦੂਜੇ ਪਾਸੇ ਸਾਡੇ ਦੇਸ਼ ਵਿੱਚ ਸਾਈਕਲ ਵਾਲੇ ਨੂੰ ਗ਼ਰੀਬ ਤੇ ਪੱਛੜਿਆ ਹੋਇਆ ਸਮਝਿਆ ਜਾਂਦਾ ਹੈ।

ਨੌਰਵੇ ਵਿੱਚ ਆਮ ਕਰਮਚਾਰੀ ਤੋਂ ਲੈ ਕੇ ਵੱਡੇ-ਵੱਡੇ ਅਫ਼ਸਰ ਵੀ ਸਾਈਕਲਾਂ 'ਤੇ ਆਉਂਦੇ-ਜਾਂਦੇ ਹਨ। ਇਹ ਇੱਕ ਹੈਰਾਨੀ ਭਰਿਆ ਸੱਚ ਹੈ ਕਿ ਬੀਤੇ ਸਾਲ 22 ਜੁਲਾਈ ਨੂੰ ਨੌਰਵੇ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਪਹਿਲਾਂ ਇੱਥੋਂ ਦਾ ਪ੍ਰਧਾਨ ਮੰਤਰੀ ਜੈਨਸ ਸਤੋਲਤਨਬਰਗ ਵੀ ਸਾਈਕਲ ਉੱਤੇ ਪਾਰਲੀਮੈਂਟ ਆਉਂਦਾ-ਜਾਂਦਾ ਸੀ। ਕਰਮਚਾਰੀ ਜਾਂ ਉੱਚ ਅਧਿਕਾਰੀ ਵੀ ਪੂਰੀ ਸ਼ਾਨ ਨਾਲ ਆਪਣੇ ਸਾਈਕਲ 'ਤੇ ਦਫ਼ਤਰਾਂ ਨੂੰ ਜਾਂਦੇ ਹਨ। ਭਾਰਤ ਜਾਂ ਪੰਜਾਬ ਵਾਂਗ ਸਾਈਕਲ ਵਾਲੇ ਨੂੰ ਨੀਵਾਂ ਨਹੀਂ ਸਮਝਿਆ ਜਾਂਦਾ। ਨਾ ਹੀ ਨੌਰਵੀਅਨ ਲੋਕ ਸਾਈਕਲ 'ਤੇ ਆਉਣ-ਜਾਣ ਵਿੱਚ ਕੋਈ ਹੇਠੀ ਸਮਝਦੇ ਹਨ। ਬੇਸ਼ੱਕ ਇਨ੍ਹਾਂ ਲੋਕਾਂ ਨੇ ਲੋੜ ਲਈ ਵਧੀਆ ਮਹਿੰਗੀਆਂ ਕਾਰਾਂ ਰੱਖੀਆਂ ਹੋਈਆਂ ਹਨ, ਫਿਰ ਵੀ ਇਹ ਸਾਈਕਲਾਂ 'ਤੇ ਘੁੰਮਦੇ ਹਨ। ਇੱਥੇ ਸਰਕਾਰ ਤੇ ਪ੍ਰਾਈਵੇਟ ਕੰਪਨੀਆਂ ਵੱਲੋਂ ਸਾਈਕਲ ਮੁਹਿੰਮ ਵੀ ਚਲਾਈ ਜਾਂਦੀ ਹੈ ਤੇ ਲੋਕਾਂ ਨੂੰ ਸਾਈਕਲ ਚਲਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਇਹ ਲੋਕ ਆਪਣੀ ਸਿਹਤ ਪ੍ਰਤੀ ਬਹੁਤ ਜਾਗਰੂਕ ਹਨ।

80-90 ਸਾਲਾਂ ਦੇ ਮਰਦ-ਔਰਤਾਂ ਸੜਕਾਂ ਜਾਂ ਸ਼ਾਪਿੰਗ ਸੈਂਟਰਾਂ ਵਿੱਚ ਚੁਸਤ-ਦਰੁਸਤ ਤੁਰੇ ਫਿਰਦੇ ਹਨ। ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਸਾਈਕਲ ਚਲਾਉਣ ਨਾਲ ਸਾਡੀ ਸਰੀਰਕ ਕਸਰਤ ਤਾਂ ਹੁੰਦੀ ਹੀ ਹੈ, ਨਾਲ-ਨਾਲ ਵਾਹਨਾਂ ਦੇ ਧੂੰਏਂ ਤੋਂ ਪੈਦਾ ਹੋਣ ਵਾਲਾ ਪ੍ਰਦੂਸ਼ਣ ਵੀ ਘਟਦਾ ਹੈ। ਸੋਚਣ ਵਾਲੀ ਗੱਲ ਤਾਂ ਇਹ ਹੈ ਜਿਸ ਦੇਸ਼ ਦਾ ਪ੍ਰਧਾਨ ਮੰਤਰੀ ਖ਼ੁਦ ਸਾਈਕਲ ਦੀ ਸਵਾਰੀ ਕਰਦਾ ਹੈ, ਉੱਥੇ ਦੀ ਪਰਜਾ ਲਈ ਸਾਈਕਲ ਚਲਾਉਣਾ ਆਮ ਗੱਲ ਹੈ ਜਦੋਂਕਿ ਸਾਡੇ ਮੁਲਕ ਵਿੱਚ ਤਾਂ ਲੀਡਰ ਜਾਂ ਮੰਤਰੀ-ਸੰਤਰੀ ਸਿਰਫ਼ ਚੋਣਾਂ ਦੇ ਦਿਨਾਂ ਵਿੱਚ ਹੀ ਪੈਦਲ ਮਾਰਚ ਜਾਂ ਸਾਈਕਲਾਂ ਨੂੰ ਝੰਡੀਆਂ ਬੰਨ੍ਹ ਕੇ ਤੁਰੇ-ਫਿਰਦੇ ਹਨ ਜਾਂ ਫਿਰ ਪੈਟਰੋਲ ਜਾਂ ਡੀਜ਼ਲ ਦੀਆਂ ਵਧੀਆਂ ਕੀਮਤਾਂ ਖ਼ਿਲਾਫ਼ ਰੋਸ ਮੁਜ਼ਾਹਰੇ ਕਰਦੇ ਸਾਈਕਲਾਂ ਜਾਂ ਰਿਕਸ਼ਿਆਂ 'ਤੇ ਚੜ੍ਹੇ ਫਿਰਦੇ ਹਨ। ਤੇਲ ਦੀਆਂ ਕੀਮਤਾਂ ਵਧਣ ਦੇ ਬਾਵਜੂਦ ਸੜਕਾਂ 'ਤੇ ਦੋਪਹੀਆ-ਚੌਪਹੀਆ ਵਾਹਨਾਂ ਦੀ ਉਹੋ ਹੀ ਭੀੜ ਹੈ। ਇਨ੍ਹਾਂ ਸਾਈਕਲਾਂ 'ਤੇ ਫਿਰਦੇ ਨੌਰਵੇ ਦੇ ਲੋਕਾਂ ਨੂੰ ਦੇਖ ਕੇ ਜਾਪਦਾ ਹੈ ਕਿ ਇਹ ਲੋਕ ਪੈਸੇ ਨਾਲ ਹੀ ਨਹੀਂ ਸੋਚ ਪੱਖੋਂ ਵੀ ਅਮੀਰ ਹਨ। ਕਾਸ਼! ਅਸੀਂ ਲੋਕ ਵੀ ਅਜਿਹੀ ਅਮੀਰ ਸੋਚ ਅਪਣਾ ਸਕੀਏ।

# ਕਹਾਣੀ/ ਮਾਮੀ ਜੀ/ - ਸੁਰਿੰਦਰ ਸਿੰਘ ਰਾਏ

ਮਾਮੀ ਜੀ, ਕਿਤੇ ਚੰਡੀਗੜ੍ਹ ਸਾਡੇ ਕੋਲ ਵੀ ਗੇੜਾ ਮਾਰ ਜਾਇਆ ਕਰੋ। ਤੁਹਾਡਾ ਤਾਂ ਸਾਨੂੰ ਮਿਲਣ ਨੂੰ ਚਿੱਤ ਈ ਨਹੀਂ ਕਰਦਾ। ਵੇਖੋ ਤਾਂ, ਅਸੀਂ ਫਿਰ ਵੀ ਟਾਈਮ ਕੱਢ ਕੇ ਤੁਹਾਨੂੰ ਮਿਲਣ ਲਈ ਆ ਜਾਈਦੈ। ਰਾਜਬੰਤ ਨੇ ਆਪਣੀ ਮਾਮੀ ਦੇ ਘਰ ਵੜਦਿਆਂ ਹੀ ਹਾਸਾ ਬਿਖੇਰਦਿਆਂ ਉੱਚੀ ਦੇਣੀ ਆਖਿਆ। ਆਪਣੇ-ਆਪ ਨੂੰ ਮਾਮੀ ਜੀ ਆਖਿਆ ਸੁਣ ਕੇ ਬਚਿੰਤ ਕੌਰ ਬਾਹਲੀ ਹੀ ਖ਼ੁਸ਼ ਹੋ ਗਈ ਸੀ। ਉਸ ਨੂੰ ਰਾਜਬੰਤ ਬਹੁਤ ਹੀ ਪਿਆਰੀ ਤੇ ਸੁੱਘੜ-ਸਿਆਣੀ ਬਹੂ ਲੱਗ ਰਹੀ ਸੀ। ਉਹ ਚਾਹੁੰਦੀ ਸੀ ਕਿ ਅੱਜ ਉਹ ਰਾਜਬੰਤ ਨਾਲ ਦਿਲ ਭਰ ਕੇ ਗੱਲਾਂ ਕਰ ਲਵੇ। ਰਾਜਬੰਤ ਦੇ ਗੱਲਾਂ ਕਰਨ ਦੇ ਸਲੀਕੇ ਅਤੇ ਦਰਸਾਈ ਅਪਣੱਤ ਨੇ ਬਚਿੰਤ ਕੌਰ ਨੂੰ ਕੀਲ ਕੇ ਰੱਖ ਦਿੱਤਾ ਸੀ। ਆਪਣੀ ਮਾਮੀ ਨੂੰ ਸੁੱਖ-ਸਾਂਦ ਪੁੱਛਣ ਤੋਂ ਬਾਅਦ ਗੁਰਪ੍ਰੀਤ ਲਾਗੇ ਹੀ ਕੁਰਸੀ 'ਤੇ ਬੈਠ ਗਿਆ ਸੀ। ਉਹ ਚੁੱਪਚਾਪ ਬੈਠਾ ਉਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਸੀ ਅਤੇ ਨਿੰਮਾ-ਨਿੰਮਾ ਹੱਸੀ ਜਾ ਰਿਹਾ ਸੀ। ਬਹੁਟੀਏ! ਕੀ ਦੱਸਾਂ ਤੈਨੂੰ। ਘਰ ਦੇ ਕੱਖ-ਕੰਡੇ ਦਾ ਕੰਮ ਈ ਨੀਂ ਮੁੱਕਦਾ। ਦੋ-ਤਿੰਨ ਡੰਗਰ ਰੱਖਿਓ ਆਂ। ਬਸ ਇਹੀ ਨੀਂ ਕਿਸੇ ਪਾਸੇ ਨਿਕਲਣ ਦਿੰਦੇ। ਥੋਨੂੰ ਮਿਲਣ ਨੂੰ ਤਾਂ ਮੇਰਾ ਵੀ ਬਹੁਤ ਜੀਅ ਕਰਦਾ ਰਹਿੰਦੈ, ਪਰ ਪੇਸ਼ ਈ ਨਹੀਂ ਜਾਂਦੀ।

ਮਾਮੀ ਜੀ, ਇਹ ਤਾਂ ਬਹਾਨੇ ਨੇ। ਜੇ ਤੁਹਾਡਾ ਮਿਲਣ ਨੂੰ ਦਿਲ ਕਰਦਾ ਹੋਵੇ ਤਾਂ ਬੰਦਾ ਟਾਈਮ ਕੱਢ ਈ ਲੈਂਦੈ। ਰਾਜਬੰਤ ਹੱਸਦੀ ਹੋਈ ਬੋਲੀ।

ਬਹੁਟੀਏ। ਮੈਂ ਝੂਠ ਨੀਂ ਆਂਹਦੀ। ਮੇਰਾ ਤਾਂ ਸਚਮੁੱਚ ਈ ਟੈਮ ਨੀ ਲਗਦਾ। ਸੁਲੱਖਣ ਤਾਂ ਮੈਂ ਕੀ ਵਿਆਹਿਆ, ਉਹ ਵੀ ਆਪਣੀ ਬਹੁਟੀ ਦਾ ਹੀ ਹੋ ਗਿਆ। ਉਨ੍ਹਾਂ ਦੋਹਾਂ ਦੇ ਤਾਂ ਸ਼ਹਿਰ ਦੇ ਗੇੜੇ ਈ ਨਹੀਂ ਮੁੱਕਦੇ। ਘਰ ਦੇ ਕੰਮ ਨੂੰ ਤਾਂ ਹੱਥ ਈ ਨੀ ਲਾਉਂਦੇ।

ਮਾਮੀ ਜੀ! ਅੱਜ-ਕੱਲ੍ਹ ਦੇ ਮੁੰਡੇ-ਕੁੜੀਆਂ ਇਵੇਂ ਈ ਕਰਦੇ ਨੇ। ਇਨ੍ਹਾਂ ਦੇ ਸ਼ੌਕ ਵੀ ਅਵੱਲੇ ਈ ਨੇ। ਜਿਵੇਂ ਉਹ ਕਰਦੇ ਨੇ, ਕਰ ਲੈਣ ਦਿਓ। ਬਾਹਲੀ ਸਿਰਦਰਦੀ ਨਹੀਂ ਲਈਦੀ। ਜਿਵੇਂ ਦਾ ਜ਼ਮਾਨਾ ਹੋਵੇ ਉਵੇਂ ਦੇ ਬਣ ਜਾਈਦੈ। ਜਦੋਂ ਸਿਰ 'ਤੇ ਜੁਆਕਾਂ ਦੀ ਜ਼ਿੰਮੇਵਾਰੀ ਪੈਣੀ ਆਂ ਫਿਰ ਉਨ੍ਹਾਂ ਆਪੇ ਸਮਝ ਜਾਣੈ। ਤੁਸੀਂ ਆਪਣਾ ਖ਼ੂਨ ਕਿਉਂ ਸਾੜਦੇ ਓ।

ਰਾਜਬੰਤ। ਐਦਾਂ ਈ ਸੋਚ ਕੇ ਟੈਮ ਪਾਸ ਹੁੰਦੈ। ਹੁਣ ਹੋਰ ਕਰਨਾ ਵੀ ਕੀ ਆ। ਸੜ-ਭੁੱਜ ਕੇ ਕਿਹੜਾ ਕੁਝ ਸੰਵਰ ਜਾਣਾ। ਉਨ੍ਹਾਂ ਨੇ ਕਰਨੀ ਤਾਂ ਆਪਣੀ ਮਰਜ਼ੀ ਈ ਆ। ਸਾਨੂੰ ਅਨਪੜ੍ਹਾਂ ਨੂੰ ਤਾਂ ਅੱਜ-ਕੱਲ੍ਹ ਦੀ ਮੁੰਡੀਹਰ ਮੂਰਖ ਈ ਸਮਝਦੀ ਆ।

ਮਾਮੀ ਜੀ! ਤੁਸੀਂ ਇਨ੍ਹਾਂ ਗੱਲਾਂ ਨੂੰ ਛੱਡੋ। ਆਪਣੀ ਸਿਹਤ ਦਾ ਖ਼ਿਆਲ ਰੱਖਿਆ ਕਰੋ। ਸਭ ਕੁਝ ਸਿਹਤ ਨਾਲ ਈ ਆ। ਚਿੰਤਾ ਕਰਕੇ ਕੁਝ ਨੀ ਸੌਰਦਾ। ਬੁੱਢੀ ਉਮਰੇ ਐਵੇਂ ਕੋਈ ਰੋਗ ਲੁਆ ਬੈਠੋਗੇ। ਰਾਜਬੰਤ ਨੇ ਬਚਿੰਤ ਕੌਰ ਦੀ ਸਿਹਤ ਦਾ ਇਵੇਂ ਵਾਸਤਾ ਪਾਇਆ ਜਿਵੇਂ ਉਸ ਨੂੰ ਆਪਣੀ ਮਾਮੀ ਦੀ ਸਿਹਤ ਦੀ ਬਾਹਲੀ ਹੀ ਚਿੰਤਾ ਹੋਵੇ।

ਬਚਿੰਤ ਕੌਰ, ਰਾਜਬੰਤ ਦੇ ਮੂੰਹੋਂ ਆਪਣੀ ਸਿਹਤ ਦੀ ਚਿੰਤਾ ਬਾਰੇ ਸੁਣ ਕੇ ਕਮਲੀ ਹੋਈ ਪਈ ਸੀ। ਰਾਜਬੰਤ ਦੀਆਂ ਮਿੱਠੀਆਂ-ਮਿੱਠੀਆਂ ਅਪਣੱਤ ਭਰੀਆਂ ਗੱਲਾਂ ਨੇ ਬਚਿੰਤ ਕੌਰ ਨੂੰ ਮੋਹ ਸੁੱਟਿਆ ਸੀ। ਉਹ ਆਪਣੇ ਭਾਣਜੇ ਅਤੇ ਭਾਣਜ-ਨੂੰਹ ਦੀ ਟਹਿਲ ਸੇਵਾ ਕਰਨ ਵਿੱਚ ਕੋਈ ਕਸਰ ਨਹੀਂ ਸੀ ਛੱਡ ਰਹੀ। ਗਰਮ-ਗਰਮ ਦੁੱਧ ਦੇ ਨਾਲ ਉਹ ਦੁਕਾਨ ਤੋਂ ਮਹਿੰਗੇ ਬਿਸਕੁਟਾਂ ਦਾ ਇੱਕ ਪੈਕਟ ਵੀ ਝੱਟ ਹੀ ਖਰੀਦ ਲਿਆਈ ਸੀ। ਉਹ ਚਾਅ-ਚਾਅ ਵਿੱਚ ਨੱਸੀ-ਨੱਸੀ ਗੱਲਾਂ ਵੀ ਕਰੀ ਜਾ ਰਹੀ ਸੀ ਤੇ ਉਨ੍ਹਾਂ ਦੀ ਖਿਦਮਤ ਵੀ। ਬਚਿੰਤ ਕੌਰ ਦਾ ਪੱਬ ਧਰਤ 'ਤੇ ਨਹੀਂ ਸੀ ਲੱਗ ਰਿਹਾ। ਅੱਜ ਉਸ ਨੂੰ ਇਉਂ ਜਾਪ ਰਿਹਾ ਸੀ ਜਿਵੇਂ ਇਸ ਧਰਤੀ 'ਤੇ ਉਸ ਦੀ ਭਾਣਜ-ਨੂੰਹ ਵਰਗੀ ਕੋਈ ਹੋਰ ਨੂੰਹ ਨਾ ਹੋਵੇ। ਉਹ ਰਾਜਬੰਤ ਨਾਲ ਆਪਣਾ ਦਿਲ ਫੋਲ-ਫੋਲ ਗੱਲਾਂ ਕਰ ਰਹੀ ਸੀ।

ਗੁਰਪ੍ਰੀਤ ਆਪਣੀ ਪਤਨੀ ਰਾਜਬੰਤ ਨੂੰ ਨਾਲ ਲੈ ਕੇ ਅੱਜ ਕਾਫ਼ੀ ਸਮੇਂ ਬਾਅਦ ਆਪਣੇ ਨਾਨਕੇ ਪਿੰਡ ਆਇਆ ਸੀ। ਗੁਰਪ੍ਰੀਤ ਚੰਡੀਗੜ੍ਹ ਦੇ ਇੱਕ ਕਾਲਜ ਵਿੱਚ ਪ੍ਰੋਫ਼ੈਸਰ ਲੱਗਿਆ ਹੋਇਆ ਸੀ ਤੇ ਉਸ ਦੀ ਪਤਨੀ ਰਾਜਬੰਤ ਸਰਕਾਰੀ ਸਕੂਲ ਵਿੱਚ ਟੀਚਰ ਸੀ। ਗੁਰਪ੍ਰੀਤ ਆਪਣੇ ਪਰਿਵਾਰ ਸਮੇਤ ਕਈ ਸਾਲਾਂ ਤੋਂ ਚੰਡੀਗੜ੍ਹ ਹੀ ਸੈੱਟ ਹੋ ਗਿਆ ਸੀ। ਦੋਵੇਂ ਪਤੀ-ਪਤਨੀ ਸਾਲ ਵਿੱਚ ਇੱਕ ਅੱਧੀ ਵਾਰ ਆਪਣੇ ਪਿੰਡ ਗੇੜਾ ਲਾ ਜਾਂਦੇ ਸਨ। ਪਿੰਡ ਆਇਆਂ ਉਹ ਕਦੇ-ਕਦਾਈਂ ਕਿਸੇ ਰਿਸ਼ਤੇਦਾਰ ਦੇ ਵੀ ਜਾ ਆਉਂਦੇ ਸਨ। ਆਪਣੇ ਨਾਨਕੇ ਪਿੰਡ ਗਿਆਂ, ਗੁਰਪ੍ਰੀਤ ਨੂੰ ਦੋ-ਤਿੰਨ ਸਾਲ ਹੋ ਗਏ ਸਨ। ਉਸ ਦਾ ਆਪਣੇ ਮਾਮੇ ਦੇ ਲੜਕੇ ਸੁਲੱਖਣ ਦੇ ਵਿਆਹ ਤੋਂ ਬਾਅਦ ਨਾਨਕੇ ਪਿੰਡ ਦਾ ਚੱਕਰ ਨਹੀਂ ਸੀ ਲੱਗਿਆ। ਇਸ ਵਾਰ ਪਿੰਡ ਆਇਆਂ ਉਨ੍ਹਾਂ ਨੇ ਆਪਣੇ ਨਾਨਕੇ ਪਿੰਡ ਮਿਲਣ ਜਾਣ ਦਾ ਪ੍ਰੋਗਰਾਮ ਬਣਾ ਲਿਆ ਸੀ।

ਬਚਿੰਤ ਕੌਰ ਨੇ ਚਾਹ ਪੀਂਦੇ ਹੋਏ ਆਪਣੇ ਭਾਣਜੇ ਤੇ ਭਾਣਜ-ਨੂੰਹ ਨਾਲ ਖ਼ੂਬ ਗੱਲਾਂ ਕੀਤੀਆਂ। ਗੱਲਾਂ ਕਰ-ਕਰ ਉਸ ਦਾ ਜੀਅ ਨਹੀਂ ਸੀ ਭਰ ਰਿਹਾ। ਘੰਟਾ ਕੁ ਭਰ ਬੈਠਣ ਤੋਂ ਬਾਅਦ ਉਨ੍ਹਾਂ ਨੇ ਆਪਣੀ ਮਾਮੀ ਤੋਂ ਰੁਖ਼ਸਤ ਹੋਣ ਦੀ ਇਜਾਜ਼ਤ ਲਈ। ਉਨ੍ਹਾਂ ਨੂੰ ਵਿਦਾ ਕਰਨ ਲੱਗੀ ਮਾਮੀ ਇਉਂ ਤੜਫ਼ੀ ਪਈ ਸੀ ਜਿਵੇਂ ਪਾਣੀ ਨੂੰ ਮਛਲੀ ਤਾਂਘ ਰਹੀ ਹੋਵੇ। ਤੁਰਨ ਲੱਗਿਆਂ ਰਾਜਬੰਤ ਨੇ ਆਪਣੀ ਮਾਮੀ ਨੂੰ ਚੰਡੀਗੜ੍ਹ ਆਉਣ ਲਈ ਸਰਸਰੀ ਜਿਹਾ ਫਿਰ ਆਖ ਦਿੱਤਾ ਸੀ। ਬਚਿੰਤ ਕੌਰ ਆਪਣੀ ਭਾਣਜ-ਨੂੰਹ 'ਤੇ ਬਲਿਹਾਰ ਬਲਿਹਾਰ ਹੋਈ ਜਾ ਰਹੀ ਸੀ। ਬਚਿੰਤ ਕੌਰੇ, ਅੱਜ ਕਾਰ ਵਾਲੇ ਥੋਡੇ ਘਰ ਕੌਣ ਪ੍ਰਾਹੁਣੇ ਆਏ ਸੀ? ਮੇਰੀ ਤਾਂ ਪਛਾਣ ਵਿੱਚ ਨਹੀਂ ਆਏ। ਊਂ ਕੋਈ ਸ਼ਹਿਰੀਏ ਲੱਗਦੇ ਸੀ। ਗੁਆਂਢਣ ਕੁਸ਼ੱਲਿਆ ਨੇ ਬਚਿੰਤ ਕੌਰ ਨੂੰ ਪੁੱਛਿਆ।

ਭੈਣੇ, ਇਹ ਤਾਂ ਮੇਰਾ ਭਾਣਜਾ ਅਤੇ ਭਾਣਜ-ਨੂੰਹ ਸੀ। ਇਹ ਚੰਡੀਗੜ੍ਹ ਈ ਰਹਿੰਦੇ ਆ। ਭਾਣਜਾ ਮੇਰਾ ਕਾਲਜ ਵਿੱਚ ਪ੍ਰੋਫ਼ੈਸਰ ਲੱਗਾ ਹੋਇਆ ਤੇ ਨੂੰਹ ਸਕੂਲ ਵਿੱਚ ਪੜ੍ਹਾਉਂਦੀ ਆ। ਬਚਿੰਤ ਕੌਰ ਖ਼ੂਬ ਦੱਸ ਰਹੀ ਸੀ।

ਮੈਂ ਵੀ ਕਹਾਂ ਕਿ ਇਹ ਤਾਂ ਕੋਈ ਪੜ੍ਹੇ-ਲਿਖੇ ਬੰਦੇ ਜਾਪਦੇ ਆ। ਸ਼ਹਿਰੀਆਂ ਦਾ ਤਾਂ ਬੋਲ-ਚਾਲ ਦਾ ਸਲੀਕਾ ਈ ਹੋਰ ਹੁੰਦੈ। ਸਾਡੇ ਵਰਗੇ ਦੇਸੀ ਬੰਦਿਆਂ 'ਚ ਤਾਂ ਇਹ ਦੂਰੋਂ ਈ ਪਛਾਣੇ ਜਾਂਦੇ ਆ। ਕੁਸ਼ੱਲਿਆ ਵੀ ਆਪਣਾ ਲਾਇਆ ਅਨੁਮਾਨ ਦਰੁਸਤ ਦੱਸ ਰਹੀ ਸੀ।

ਮੇਰੀ ਭਾਣਜ-ਨੂੰਹ ਦੀਆਂ ਕਿਆ ਰੀਸਾਂ। ਮਾਮੀ ਜੀ, ਮਾਮੀ ਜੀ ਕਰਦੀ ਦੇ ਬੁੱਲ੍ਹ ਸੁੱਕਦੇ ਆ। ਜਦੋਂ ਗੱਲ ਕਰਦੀ ਆਂ ਤਾਂ ਜਾਣੋਂ ਇਉਂ ਜਾਪਦੀ ਆ ਜਿਵੇਂ ਮੂੰਹ 'ਚੋਂ ਫੁੱਲ ਕਿਰਦੇ ਹੋਣ। ਕਿੰਨਾ ਮੋਹ ਕਰਦੀ ਆ ਮੈਨੂੰ। ਆਂਹਦੀ ਸੀ ਕਿ ਮਾਮੀ ਜੀ ਕਦੇ ਚੰਡੀਗੜ੍ਹ ਸਾਡੇ ਕੋਲ ਵੀ ਗੇੜਾ ਮਾਰ ਜਾਇਓ। ਇੱਦਾਂ ਕੌਣ ਕਹਿੰਦਾ ਅੱਜ-ਕੱਲ੍ਹ। ਅੱਜ-ਕੱਲ੍ਹ ਦੀਆਂ ਪੜ੍ਹੀਆਂ-ਲਿਖੀਆਂ ਬਹੂਆਂ ਤਾਂ ਸਾਡੇ ਅਰਗੇ ਅਨਪੜ੍ਹਾਂ ਨਾਲ ਗੱਲ ਕਰਕੇ ਰਾਜ਼ੀ ਨਹੀਂ। ਸਾਡੇ ਮੁਹੱਲੇ ਦੀਆਂ ਪੜ੍ਹੀਆਂ-ਲਿਖੀਆਂ ਬਹੂਆਂ ਵੀ ਹੈਗੀਆਂ ਈ। ਹੈ ਕੋਈ ਐਨੀ ਸਮਝਦਾਰ। ਪਹਿਲਾਂ ਤੂੰ ਮੇਰੀ ਨੂੰਹ ਈ ਵੇਖ ਲੈ। ਆਖਣ ਨੂੰ ਪੜ੍ਹੀ-ਲਿਖੀ ਆ, ਸਿੱਧੇ ਮੂੰਹ ਗੱਲ ਈ ਨੀ ਕਰਦੀ। 'ਬੁੱਢੀਏ' ਕਹਿ ਕੇ ਬੁਲਾਉਂਦੀ ਆ। ਜੇ ਕੋਈ ਮੱਤ ਦੀ ਗੱਲ ਵੀ ਦੱਸੋ ਤਾਂ ਝੱਟ ਆਖਦੀ ਆ, 'ਬੁੱਢੀਏ, ਤੈਨੂੰ ਕੀ ਪਤਾ ਅੱਜ-ਕੱਲ੍ਹ ਦੇ ਜ਼ਮਾਨੇ ਦਾ। ਥੋਡਾ ਜ਼ਮਾਨਾ ਹੋਰ ਸੀ, ਸਾਡਾ ਜ਼ਮਾਨਾ ਹੋਰ ਆ।' ਮੂੰਹ ਖੋਲ੍ਹਣ ਈ ਨੀ ਦਿੰਦੀ। ਭੈਣੇ, ਕੀ ਦੱਸੀਏ, ਦਿਨ ਤਾਂ ਕੱਟਣੇ ਈ ਆਂ। ਮੁੰਡੇ ਨੂੰ ਨਾਲ ਲੈ ਕੇ ਸਵੇਰ ਦੀ ਸ਼ਹਿਰ ਗਈਓ ਆ। ਅਜੇ ਤੱਕ ਮੁੜ ਕੇ ਨਹੀਂ ਆਏ। ਪ੍ਰਾਹੁਣੇ ਵੀ ਘਰੋਂ ਆ ਕੇ ਮੁੜ ਗਏ ਆ। ਘਰ ਦਾ ਤਾਂ ਭੋਰਾ ਵੀ ਫਿਕਰ ਨੀਂ। ਪਤਾ ਨੀਂ ਸਵੇਰ ਦੇ ਸ਼ਹਿਰ ਕੀ ਕਰੀ ਜਾਂਦੇ ਆ। ਬਚਿੰਤ ਕੌਰ ਘਰ ਦੇ ਰੋਣੇ-ਧੋਣੇ ਵੀ ਦੱਸੀ ਜਾ ਰਹੀ ਸੀ ਅਤੇ ਆਪਣੀ ਭਾਣਜ-ਨੂੰਹ ਦੀਆਂ ਸਿਫ਼ਤਾਂ ਦੇ ਪੁਲ ਵੀ ਬੰਨ੍ਹੀ ਜਾ ਰਹੀ ਸੀ।

ਬਸ ਕਰ ਭੈਣੇ, ਸਾਰੇ ਘਰੀਂ ਇਹੋ ਹਾਲ ਆ। ਮੇਰੀ ਵੀ ਗੱਲ ਸੁਣ ਲੈ। ਪਹਿਲਾਂ ਤਾਂ ਸਵੇਰ ਨੂੰ ਉੱਠਦੀ ਈ ਦਸ ਵਜੇ ਆ। ਜੇ ਆਖੋ ਤਾਂ ਅੱਗਿਓਂ ਸੌ-ਸੌ ਗੱਲਾਂ ਬਣਾਉਂਦੀ ਆ। ਸਵੇਰੇ ਦੀ ਚਾਹ ਵੀ ਮੈਂ ਈ ਬਣਾ ਕੇ ਪਿਲਾਉਂਦੀ ਆਂ। ਸਾਡੀ ਸੇਵਾ ਤਾਂ ਉਹਨੇ ਕੀ ਕਰਨੀ ਆਂ, ਉਲਟ ਸਾਤੋਂ ਈ ਸੇਵਾ ਕਰਾਉਂਦੀ ਆ। ਕੁਸ਼ੱਲਿਆ ਨੇ ਆਪਣੀ ਕਹਾਣੀ ਸੁਣਾਈ। ਬਚਿੰਤ ਕੌਰ ਤੇ ਕੁਸ਼ੱਲਿਆ ਗੱਲਾਂ-ਗੱਲਾਂ ਵਿੱਚ ਆਪੋ-ਆਪਣੇ ਦੁੱਖ-ਸੁੱਖ ਸਾਂਝੇ ਕਰ ਰਹੀਆਂ ਸਨ। ਬਚਿੰਤ ਕੌਰ ਤਾਂ ਘੁਮਾ-ਫਿਰਾ ਕੇ ਰਾਜਬੰਤ ਦੀ ਗੱਲ ਹੀ ਸ਼ੁਰੂ ਕਰ ਲੈਂਦੀ ਸੀ। ਰਾਜਬੰਤ ਉੱਤੇ ਉਹ ਲੱਟੂ ਹੋਈ ਪਈ ਸੀ। ਉਹਦੀ ਗੱਲ ਕਰਦਿਆਂ ਬਚਿੰਤ ਕੌਰ ਦਾ ਚਿਹਰਾ ਲਾਲ ਹੋ ਜਾਂਦਾ ਸੀ।

ਅੱਜ ਉਸ ਨੂੰ ਮੁਹੱਲੇ ਦੀ ਜਿਹੜੀ ਵੀ ਜ਼ਨਾਨੀ ਮਿਲਦੀ, ਉਸ ਕੋਲ ਆਪਣੀ ਭਾਣਜ-ਨੂੰਹ ਦੀਆਂ ਗੱਲਾਂ ਹੀ ਛੇੜਦੀ ਸੀ। ਉਹ ਆਪ ਨੂੰ ਚੰਡੀਗੜ੍ਹ ਸੱਦਣ ਵਾਲੀ ਗੱਲ ਤਾਂ ਹਰ ਇੱਕ ਨੂੰ ਦੱਸਦੀ ਸੀ। ਸਾਰੀ ਦਿਹਾੜੀ ਉਹ ਦੀ ਜ਼ੁਬਾਨ 'ਤੇ ਰਾਜਬੰਤ ਦਾ ਨਾਂ ਹੀ ਚੜ੍ਹਿਆ ਰਿਹਾ ਸੀ। ਉਸ ਦੀਆਂ ਗੱਲਾਂ ਕਰ-ਕਰ ਉਹ ਝੱਲੀ ਹੋਈ ਜਾ ਰਹੀ ਸੀ। ਆਪਣੇ ਘਰ ਜਾ ਕੇ ਵੀ ਸੁਲੱਖਣ ਤੇ ਆਪਣੀ ਬਹੂ ਸਾਹਮਣੇ ਰਾਜਬੰਤ ਦਾ ਨਾਂ ਹੀ ਜਪੀ ਜਾ ਰਹੀ ਸੀ।

ਬੁੱਢੀ ਦੇ ਦਿਮਾਗ਼ ਨੂੰ ਪਤਾ ਨੀ ਕੀ ਹੋ ਗਿਆ? ਅੱਜ ਤਾਂ ਰਾਜਬੰਤ-ਰਾਜਬੰਤ ਈ ਕਰੀ ਜਾਂਦੀ ਆ। ਉਹ ਦੀਆਂ ਗੱਲਾਂ ਕਰ-ਕਰ ਜਾਣਬੁੱਝ ਕੇ ਮੈਨੂੰ ਸਾੜਦੀ ਆ। ਮੇਰਾ ਨਾਂ ਲੈਂਦੀ ਨੂੰ ਤਾਂ ਇਹ ਨੂੰ ਸੱਪ ਸੁੰਘ ਜਾਂਦੈ। ਇਹ ਨੂੰ ਕੋਈ ਪੁੱਛੇ, ਮੈਂ ਨੀ ਤੇਰੀ ਨੂੰਹ? ਅਸਲੀ ਨੂੰਹ ਤਾਂ ਮੈਂ ਹੀ ਆਂ। ਬਾਕੀ ਤਾਂ ਸਭ ਰਵਾਇਤੀ ਜਿਹੇ ਰਿਸ਼ਤੇ ਹੁੰਦੇ ਆ। ਰਾਜਬੰਤ ਦੀਆਂ ਸਿਫ਼ਤਾਂ ਸੁਣ-ਸੁਣ ਕੇ ਅੱਕੀ ਹੋਈ ਬਚਿੰਤ ਕੌਰ ਦੀ ਨੂੰਹ ਅਮਨਦੀਪ ਨੇ ਆਪਣੇ ਘਰਵਾਲੇ ਨੂੰ ਆਖਿਆ। ਬਜ਼ੁਰਗਾਂ ਦੀਆਂ ਗੱਲਾਂ ਦਾ ਬਾਹਲਾ ਰੰਜ ਨੀ ਕਰੀਦਾ। ਇਨ੍ਹਾਂ ਨੂੰ ਥੋੜ੍ਹਾ ਜਿਹਾ ਖ਼ੁਸ਼ ਹੋ ਕੇ ਬੁਲਾ ਲਓ, ਓਨੇ 'ਚ ਹੀ ਫੁੱਲ ਜਾਂਦੇ ਨੇ। ਸ਼ਹਿਰੀਆਂ ਵਿੱਚ ਇਹੋ ਗੁਣ ਹੁੰਦੈ। ਗੁਰਪ੍ਰੀਤ ਨੂੰ ਤਾਂ ਮੈਂ ਚੰਗੀ ਤਰ੍ਹਾਂ ਜਾਣਦਾ। ਬੀ.ਏ. ਉਹ ਨੇ ਸਾਡੇ ਪਿੰਡ ਰਹਿ ਕੇ ਹੀ ਕੀਤੀ ਸੀ। ਹੁਣ ਸ਼ਹਿਰ ਵਿੱਚ ਰਹਿਣ ਕਰਕੇ ਥੋੜ੍ਹਾ ਜਿਹਾ ਮੀਸਣਾ ਬਣ ਗਿਐ। ਤੂੰ ਵੀ ਇਵੇਂ ਦੇ ਟੈਕਟ ਵਰਤ ਲਿਆ ਕਰ। ਮੰਮੀ ਜੀ ਆਖਣ ਨਾਲ ਤੇਰਾ ਕੀ ਘਟ ਜਾਣੈ। ਚੰਗੀ ਤਰ੍ਹਾਂ ਬੋਲਣਾ ਵੀ ਇੱਕ ਕਲਾ ਈ ਹੁੰਦੀ ਆ। ਕਈ ਵਾਰ ਤਾਂ ਸ਼ਬਦ ਵੀ ਜਾਦੂ ਵਾਂਗ ਈ ਕੰਮ ਕਰਦੇ ਆ। ਸੁਲੱਖਣ ਆਪਣੀ ਘਰਵਾਲੀ ਅਮਨਦੀਪ ਨੂੰ ਸਮਝਾ ਰਿਹਾ ਸੀ। ਸੁਲੱਖਣ! ਆਈਂ ਜ਼ਰਾ ਗੱਲ ਸੁਣੀ। ਨਾਲ ਦੇ ਕਮਰੇ ਵਿੱਚ ਬੈਠੀ ਬਚਿੰਤ ਕੌਰ ਨੇ ਆਪਣੇ ਪੁੱਤ ਨੂੰ ਉੱਚੀ ਆਵਾਜ਼ ਮਾਰ ਕੇ ਆਪਣੇ ਕੋਲ ਬੁਲਾ ਲਿਆ। ਉਹ ਸੁਲੱਖਣ ਨੂੰ ਚੰਡੀਗੜ੍ਹ ਜਾਣ ਬਾਰੇ ਪੁੱਛਣ ਲਈ ਬੜੀ ਉਤਾਵਲੀ ਹੋਈ ਪਈ ਸੀ।

ਕਾਕਾ ਅੱਜ ਚੰਡੀਗੜ੍ਹ ਤੋਂ ਗੁਰਪ੍ਰੀਤ ਤੇ ਰਾਜਬੰਤ ਆਏ ਸੀ। ਥੋਨੂੰ ਮਿਲਣ ਨੂੰ ਉਡੀਕਦੇ ਰਹੇ, ਪਰ ਤੁਸੀਂ ਸ਼ਹਿਰ ਈ ਨੇਰ੍ਹਾ ਕਰ ਲਿਆ। ਰਾਜਬੰਤ ਮੈਨੂੰ ਚੰਡੀਗੜ੍ਹ ਆਉਣ ਲਈ ਕਈ ਵਾਰ ਆਖ ਕੇ ਗਈ ਆ। ਜਦੋਂ ਅਗਲਾ ਐਨਾ ਮੋਹ ਕਰਦਾ ਹੋਵੇ ਤਾਂ ਮਾਣ-ਤਾਣ ਤੇ ਰੱਖਣਾ ਈ ਚਾਹੀਦਾ। ਹੋਰ ਜੱਗ ਵਿੱਚ ਹੈ ਵੀ ਕੀ? ਜੇ ਮੈਂ ਪੰਜ-ਸੱਤ ਦਿਨ ਚੰਡੀਗੜ੍ਹ ਰਹਿ ਵੀ ਆਵਾਂ ਤਾਂ ਇਹਦੇ ਵਿੱਚ ਹਰਜ਼ ਵੀ ਕੀ ਆ। ਬਚਿੰਤ ਕੌਰ ਆਪਣੇ ਪੁੱਤ ਨੂੰ ਚਾਈਂ-ਚਾਈਂ ਦੱਸ ਰਹੀ ਸੀ।



ਮਾਤਾ ਜੀ, ਮੈਂ ਤੁਹਾਨੂੰ ਕਦੋਂ ਰੋਕਦੈਂ। ਜਦੋਂ ਤੁਹਾਡਾ ਚਿੱਤ ਕਰੇ ਜਾ ਆਇਓ। ਸੁਲੱਖਣ ਨੇ ਵੀ ਆਪਣੀ ਮਾਤਾ ਜੀ ਦੀ ਆਖੀ ਗੱਲ ਦੀ ਝੱਟ ਹਾਮੀ ਭਰ ਦਿੱਤੀ। ਪੁੱਤ! ਖਾਲੀ ਹੱਥ ਥੋੜ੍ਹੇ ਜਾ ਹੋਣਾ। ਨਿਆਣੇ ਆਖਣਗੇ 'ਮਾਮੀ ਜੀ ਖਾਲੀ ਹੱਥ ਈ ਆ ਗਏ।' ਮੈਂ ਸੋਚਦੀ ਆਂ ਕਿ ਉਨ੍ਹਾਂ ਲਈ ਪਿੰਨੀਆਂ ਬਣਾ ਕੇ ਲੈ ਜਾਵਾਂ। ਤੂੰ ਐਦਾ ਕਰੀਂ, ਕੱਲ੍ਹ ਨੂੰ ਸ਼ਹਿਰ ਤੋਂ ਤਿਲ ਤੇ ਸੀਹਲ ਲਿਆ ਦੇਵੀਂ। ਸ਼ਹਿਰੀਏ ਪਿੰਨੀਆਂ ਬੜੇ ਖ਼ੁਸ਼ ਹੋ ਕੇ ਖਾਂਦੇ ਆ। ਨਿਆਣਿਆਂ ਦੇ ਖਾਣ ਲਈ ਕੋਈ ਚੱਜ ਦੀ ਚੀਜ਼ ਈ ਚਾਹੀਦੀ ਆ। ਮਾਤਾ ਜੀ, ਜਿਵੇਂ ਤੁਸੀਂ ਆਖਦੇ ਓ, ਮੈਂ ਕਰ ਦੇਵਾਂਗਾ। ਪੁੱਤ ਦੇਸੀ ਘਿਓ ਤੇ ਗੁੜ ਤਾਂ ਘਰ ਈ ਹੈਗੇ ਆ। ਬਦਾਮ, ਕਾਜੂ, ਸੌਂਗੀ ਥੋੜ੍ਹੀ-ਥੋੜ੍ਹੀ ਸ਼ਹਿਰੋਂ ਲੈ ਆਵੀਂ। ਨਿੱਕ-ਸੁੱਕ ਜਿਹਾ ਪਾ ਕੇ ਚੀਜ਼ ਸੁਆਦ ਬਣ ਜਾਂਦੀ ਆ। ਹੋਰ ਨਾ ਉਹ ਆਖਣ ਕਿ ਮਾਮੀ ਜੀ ਨੇ ਪਿੰਨੀਆਂ ਬਣਾ ਕੇ ਜਾਬਤਾ ਜਿਹਾ ਈ ਪੂਰਾ ਕੀਤਾ ਆ। ਬਚਿੰਤ ਕੌਰ ਖ਼ੁਸ਼ੀ ਵਿੱਚ ਰਮਤੀ ਹੋਈ ਆਪਣੇ ਪੁੱਤ ਨੂੰ ਸਾਮਾਨ ਲਿਆਉਣ ਬਾਰੇ ਸਮਝਾ ਰਹੀ ਸੀ। ਸੁਲੱਖਣ ਦੂਜੇ ਦਿਨ ਹੀ ਆਪਣੀ ਮਾਂ ਦਾ ਆਖਿਆ ਸਾਰਾ ਸਾਮਾਨ ਸ਼ਹਿਰੋਂ ਲੈ ਆਇਆ ਸੀ। ਬਚਿੰਤ ਕੌਰ ਨੇ ਰਾਤ ਨੂੰ ਪਿੰਨੀਆਂ ਬਣਾ ਕੇ ਦੋ ਅੱਡ-ਅੱਡ ਡੱਬੇ ਭਰ ਲਏ। ਇੱਕ ਡੱਬੇ ਵਿੱਚ ਉਸ ਨੇ ਤਿਲਾਂ ਦੀਆਂ ਪਿੰਨੀਆਂ ਪਾ ਲਈਆਂ ਤੇ ਦੂਸਰੇ ਵਿੱਚ ਸੀਹਲ ਦੀਆਂ। ਅਗਲੇ ਦਿਨ ਸਵੱਖਤੇ ਹੀ ਸੁਲੱਖਣ ਆਪਣੀ ਮਾਤਾ ਨੂੰ ਸਕੂਟਰ ਉੱਤੇ ਨੇੜੇ ਦੇ ਬੱਸ ਅੱਡੇ ਤੋਂ ਚੰਡੀਗੜ੍ਹ ਜਾਣ ਵਾਲੀ ਬੱਸ ਚੜ੍ਹਾ ਆਇਆ। ਤਿੰਨ ਕੁ ਘੰਟੇ ਬਾਅਦ ਹੀ ਬਚਿੰਤ ਕੌਰ ਚੰਡੀਗੜ੍ਹ ਪਹੁੰਚ ਗਈ ਸੀ। ਸੁਲੱਖਣ ਨੇ ਇੱਕ ਕਾਗਜ਼ ਉੱਤੇ ਗੁਰਪ੍ਰੀਤ ਦੀ ਕੋਠੀ ਦਾ ਅਡਰੈਸ ਲਿਖ ਕੇ ਉਸ ਨੂੰ ਪਹਿਲੋਂ ਹੀ ਫੜਾ ਦਿੱਤਾ ਸੀ। ਚੰਡੀਗੜ੍ਹ ਪਹੁੰਚ ਕੇ ਬਚਿੰਤ ਕੌਰ ਨੇ ਰਿਕਸ਼ਾ ਕਰ ਲਿਆ ਤੇ ਉਹ ਅਡਰੈਸ ਵਾਲਾ ਕਾਗਜ਼ ਰਿਕਸ਼ੇ ਵਾਲੇ ਭਈਏ ਨੂੰ ਵਿਖਾ ਕੇ ਸਵੇਰੇ ਦਸ ਕੁ ਵਜੇ ਹੀ ਆਪਣੇ ਭਾਣਜੇ ਦੀ ਕੋਠੀ ਜਾ ਅੱਪੜੀ ਸੀ।

ਮਾਮੀ ਜੀ, ਪੈਰੀਂ ਪੈਨੀ ਆਂ। ਰਿਕਸ਼ੇ ਤੋਂ ਉੱਤਰ ਕੇ ਕੋਠੀ ਦੇ ਬਾਹਰ ਡੋਰ-ਭੋਰ ਹੋਈ ਖੜ੍ਹੀ ਬਚਿੰਤ ਕੌਰ ਇਹ ਅਚਨਚੇਤ ਆਈ ਆਵਾਜ਼ ਸੁਣ ਕੇ ਖ਼ੁਸ਼ ਹੋ ਗਈ। ਬਚਿੰਤ ਕੌਰ ਨੂੰ ਕਿਚਨ ਦੀ ਖਿੜਕੀ ਵਿੱਚੋਂ ਵੇਖ ਕੇ ਰਾਜਬੰਤ ਨੇ ਹੱਸਦਿਆਂ ਉੱਚੀ ਦੇਣੀ ਆਖਿਆ ਸੀ। ਜਿਊਂਦੇ ਰਹੋ, ਪੁੱਤ ਜਿਊਂਦੇ ਰਹੋ। ਬਚਿੰਤ ਕੌਰ ਨੇ ਵੀ ਜਤਾਏ ਇਸ ਇੱਜ਼ਤ-ਮਾਣ ਦਾ ਜੁਆਬ ਅਸੀਸ ਦੇ ਕੇ ਹੀ ਦਿੱਤਾ। ਬਚਿੰਤ ਕੌਰ ਆਪਣੀ ਭਾਣਜ-ਨੂੰਹ 'ਤੇ ਸਦਕੇ-ਸਦਕੇ ਜਾ ਰਹੀ ਸੀ। ਵਾਹ-ਬਈ-ਵਾਹ। ਆਹ ਤੇ ਮਾਮੀ ਜੀ ਖਾਸਾ ਕੁਝ ਚੁੱਕੀ ਲਿਆਏ ਆ। ਮਾਮੀ ਜੀ! ਭਲਾ ਤੁਹਾਨੂੰ ਐਨਾ ਭਾਰ ਚੁੱਕਣ ਦੀ ਕੀ ਲੋੜ ਪਈ ਸੀ। ਰਾਜਬੰਤ ਨੇ ਨਾਲ ਲੱਗਦਿਆਂ ਹੀ ਉਸ ਦੇ ਹੱਥਾਂ ਵਿੱਚ ਫੜੇ ਦੋ ਡੱਬੇ ਵੇਖਦਿਆਂ ਆਖਿਆ।

ਪੁੱਤ! ਇਹਦਾ ਕਾਹਦਾ ਭਾਰ ਆ। ਇਹ ਤਾਂ ਮੈਂ ਥੋਡੇ ਲਈ ਪਿੰਨੀਆਂ ਬਣਾ ਕੇ ਲਿਆਈ ਆਂ। ਇੱਕ ਡੱਬੇ ਵਿੱਚ ਤਿਲਾਂ ਦੀਆਂ ਪਿੰਨੀਆਂ ਤੇ ਦੂਜੇ ਵਿੱਚ ਸੀਹਲ ਦੀਆਂ। ਮੈਂ ਆਪਣੇ ਨਿਆਣਿਆਂ ਦੇ ਘਰ ਖਾਲੀ ਹੱਥ ਥੋੜ੍ਹੇ ਆਉਣਾ ਸੀ। ਪੁੱਤ! ਇਹ ਦੇਸੀ ਘਿਓ ਦੀਆਂ ਪਿੰਨੀਆਂ ਐ, ਐਦਾਂ ਨਾ ਸੋਚਿਓ ਕਿ ਮਾਮੀ ਜੀ ਡਾਲਡੇ ਘਿਓ ਦੀਆਂ ਪਿੰਨੀਆਂ ਬਣਾ ਕੇ ਚੁੱਕ ਲਿਆਏ ਆ। ਬਚਿੰਤ ਕੌਰ ਗੱਲ ਕਰਦਿਆਂ ਆਪ ਹੀ ਆਪਣੀ ਸਫ਼ਾਈ ਪੇਸ਼ ਕਰੀ ਜਾ ਰਹੀ ਸੀ।

ਮਾਮੀ ਜੀ! ਮੈਂ ਤਾਂ ਹੈਰਾਨ ਆਂ। ਤੁਸੀਂ ਸਾਡਾ ਘਰ ਲੱਭ ਕਿਵੇਂ ਲਿਐ। ਚੰਡੀਗੜ੍ਹ ਆ ਕੇ ਤਾਂ ਪੜ੍ਹੇ-ਲਿਖੇ ਬੰਦਿਆਂ ਦੀ ਮੱਤ ਮਾਰੀ ਜਾਂਦੀ ਆ, ਪਰ ਤੁਸੀਂ ਤਾਂ ਕਮਾਲ ਈ ਕਰ ਦਿੱਤੀ। ਆਪਣੀ ਮਾਮੀ ਨੂੰ ਗੇਟ ਵਿੱਚ ਖੜ੍ਹੀ ਵੇਖ ਕੇ ਘਰ ਤੋਂ ਬਾਹਰ ਨਿਕਲਿਆ ਗੁਰਪ੍ਰੀਤ ਵੀ ਹੈਰਾਨੀ ਵਿੱਚ ਬੋਲਿਆ।

ਭਾਣਜਿਆ, ਸਲੱਖਣ ਨੇ ਥੋਡੀ ਕੋਠੀ ਦਾ ਪਤਾ ਮੈਨੂੰ ਇੱਕ ਕਾਗਜ਼ 'ਤੇ ਲਿਖ ਕੇ ਦੇ ਦਿੱਤਾ ਸੀ। ਓਹੀ ਮੈਂ ਰਿਕਸ਼ੇ ਵਾਲੇ ਨੂੰ ਫੜਾ ਦਿੱਤਾ। ਉਹ ਸਿੱਧਾ ਹੀ ਥੋਡੀ ਕੋਠੀ ਲੈ ਕੇ ਆ ਗਿਆ।

ਮਾਮੀ ਜੀ! ਫਿਰ ਵੀ ਪੇਂਡੂ ਬੰਦੇ ਤਾਂ ਇੱਥੇ ਆ ਕੇ ਉਵੇਂ ਈ ਔਂਟਲ ਜਾਂਦੇ ਆ। ਪਰ ਤੁਹਾਨੂੰ ਤਾਂ ਭੋਰਾ ਵੀ ਫਰਕ ਨਹੀਂ। ਤੁਹਾਡਾ ਚਿਹਰਾ ਤਾਂ ਖ਼ੁਸ਼ੀ ਵਿੱਚ ਲਾਲ ਹੋਇਆ ਪਿਐ। ਗੁਰਪ੍ਰੀਤ ਆਪਣੀ ਮਾਮੀ ਨੂੰ ਖ਼ੁਸ਼ ਵੇਖ ਕੇ ਬੋਲਿਆ।

ਭਾਣਜਿਆ, ਜਿੱਦਣ ਤੁਸੀਂ ਸਾਡੇ ਪਿੰਡ ਗਏ ਸੀ, ਮੈਨੂੰ ਤਾਂ ਓਦਣ ਦੀ ਈ ਬੜੀ ਖ਼ੁਸ਼ੀ ਚੜ੍ਹੀ ਪਈ ਆ। ਮੇਰਾ ਮਨ ਤਾਂ ਉਦੋਂ ਦਾ ਈ ਚੰਡੀਗੜ੍ਹ ਆਉਣ ਨੂੰ ਕਾਹਲਾ ਪਿਆ ਹੋਇਆ ਸੀ। ਮੈਂ ਤਾਂ ਸਾਰੇ ਆਂਢ-ਗੁਆਂਢ ਵੀ ਚੰਡੀਗੜ੍ਹ ਜਾਣ ਬਾਰੇ ਦੱਸ ਕੇ ਆਈ ਆਂ। ਮੈਂ ਸੋਚਿਆ ਕਿ ਜੇ ਮੈਂ ਨਾ ਗਈ ਤਾਂ ਕਿਤੇ ਮੇਰੀ ਭਾਣਜ-ਨੂੰਹ ਮੂੰਹ ਮੋਟਾ ਈ ਨਾ ਕਰ ਲਵੇ। ਅਗਲੀ ਨੇ ਮੈਨੂੰ ਐਨੇ ਚਾਅ ਨਾਲ ਸੱਦਿਆ। ਬਚਿੰਤ ਕੌਰ ਦੀ ਅੰਦਰਲੀ ਖ਼ੁਸ਼ੀ ਬਦੋ-ਬਦੀ ਬਾਹਰ ਉੱਛਲ ਰਹੀ ਸੀ। ਆਹ ਵੇਖੋ ਜੀ, ਮਾਮੀ ਜੀ, ਕਿੰਨੀਆਂ ਸੁਆਦ ਪਿੰਨੀਆਂ ਬਣਾ ਕੇ ਲਿਆਏ ਨੇ। ਡੱਬੇ ਵਿੱਚੋਂ ਇੱਕ ਪਿੰਨੀ ਦਾ ਸੁਆਦ ਚਖਦੀ ਹੋਈ ਰਾਜਬੰਤ ਬੋਲੀ। ਵਾਹ! ਇਹ ਤੇ ਪਿੰਨੀਆਂ ਵੀ ਗੁੜ ਦੀਆਂ ਨੇ। ਕਾਜੂ ਤੇ ਬਦਾਮਾਂ ਵਾਲੀਆਂ। ਵਾਹ ਮਾਮੀ ਜੀ, ਕੀ ਕਹਿਣੇ ਤੁਹਾਡੇ। ਗੁਰਪ੍ਰੀਤ ਵੀ ਇੱਕ ਪਿੰਨੀ ਦਾ ਸੁਆਦ ਵੇਖਦਾ ਹੋਇਆ ਬੋਲਿਆ।

ਮਾਮੀ ਜੀ! ਸੱਚ ਦੱਸਿਓ। ਇਹ ਤੁਸੀਂ ਆਪ ਬਣਾਈਆਂ ਨੇ ਜਾਂ ਸ਼ਹਿਰ ਤੋਂ ਖਰੀਦੀਆਂ ਨੇ। ਰਾਜਬੰਤ ਖਸਿਆਨਾ ਜਿਹਾ ਹੱਸਦੀ ਹੋਈ ਆਪਣੀ ਮਾਮੀ ਦੀ ਵਡਿਆਈ ਤੇ ਵਡਿਆਈ ਕਰੀ ਜਾ ਰਹੀ ਸੀ। ਬਹੁਟੀਏ! ਮੈਨੂੰ ਤੇਰੀ ਸਹੁੰ ਲੱਗੇ। ਇਹ ਤਾਂ ਕੱਲ੍ਹ ਰਾਤ ਮੈਂ ਆਪ ਈ ਬਣਾਈਆਂ ਐਂ। ਇੱਦਾਂ ਦੀਆਂ ਪਿੰਨੀਆਂ ਦੁਕਾਨਾਂ 'ਤੇ ਮਿਲਦੀਆਂ ਐ ਭਲਾ। ਨਾਲੇ ਤੈਥੋਂ ਕਾਹਦਾ ਓਹਲਾ। ਬਚਿੰਤ ਕੌਰ ਗੱਲਾਂ ਕਰਦੀ ਫੁੱਲੀ ਨਹੀਂ ਸਮਾ ਰਹੀ ਸੀ। ਜਿਉਂ-ਜਿਉਂ ਬਚਿੰਤ ਕੌਰ ਖ਼ੁਸ਼ ਹੋਈ ਜਾ ਰਹੀ ਸੀ, ਰਾਜਬੰਤ ਪਿੰਨੀਆਂ ਦੇ ਹੋਰ ਗੁਣ ਗਾਈ ਜਾ ਰਹੀ ਸੀ।

ਮਾਮੀ ਜੀ! ਇਵੇਂ ਦੀਆਂ ਪਿੰਨੀਆਂ ਬਣਾਉਣ ਦਾ ਫਾਰਮੂਲਾ ਸਾਨੂੰ ਵੀ ਸਮਝਾ ਦਿਓ। ਰਾਜਬੰਤ ਨੇ ਆਪਣੇ ਹਾਸੇ ਨੂੰ ਜ਼ਿਹਨ 'ਚੋਂ ਸਮੇਟਦਿਆਂ ਗੰਭੀਰ ਲਹਿਜ਼ੇ ਵਿੱਚ ਆਖਿਆ।

ਰਾਜਬੰਤ! ਫਾਰਮੂਲਾ ਕਾਹਦਾ। ਇਹ ਤਾਂ ਬੰਦੇ ਦੇ ਹੱਥ ਜਸ ਹੁੰਦੈ। ਜੇ ਤੈਨੂੰ ਮੇਰੀਆਂ ਬਣਾਈਆਂ ਪਿੰਨੀਆਂ ਐਨੀਆਂ ਈ ਸੁਆਦ ਲਗਦੀਆਂ ਐਂ, ਤਾਂ ਮੈਂ ਹਰ ਸਾਲ ਚੰਡੀਗੜ੍ਹ ਆ ਕੇ ਥੋਡੇ ਲਈ ਪਿੰਨੀਆਂ ਬਣਾ ਦਿਆਂ ਕਰੂੰਗੀ। ਮੈਂ ਆਪਣੀ ਭਾਣਜ-ਨੂੰਹ ਲਈ। ਐਨਾ ਕੰਮ ਵੀ ਨਹੀਂ ਕਰ ਸਕਦੀ। ਨਾਲੇ ਬਹਾਨੇ ਨਾਲ ਥੋਨੂੰ ਮਿਲ ਜਾਇਆ ਕਰੂੰਗੀ। ਬਚਿੰਤ ਕੌਰ ਹੁੱਬ ਕੇ ਬੋਲੀ।

ਮਾਮੀ ਜੀ! ਤਹਾਨੂੰ ਐਨੀ ਤਕਲੀਫ਼ ਥੋੜ੍ਹੇ ਦੇਣੀ ਆਂ। ਸਿਆਣੀ ਉਮਰ ਵਿੱਚ ਐਨੀ ਦੂਰ ਤੋਂ ਆਉਣਾ ਕਿਹੜਾ ਸੌਖਾ ਹੁੰਦੈ।

ਨਹੀਂ ਰਾਜਬੰਤ! ਤਕਲੀਫ਼ ਕਾਹਦੀ? ਭਲਾ ਆਪਣੇ ਬੱਚਿਆਂ ਨੂੰ ਮਿਲਣ ਆਉਣ ਦੀ ਵੀ ਕੋਈ ਤਕਲੀਫ਼ ਹੁੰਦੀ ਆ। ਨਾਲੇ ਤੇਰਾ ਉਲਾਂਭਾ ਲਹਿ ਜਾਇਆ ਕਰੂਗਾ ਕਿ ਮਾਮੀ ਜੀ ਸਾਨੂੰ ਮਿਲਣ ਨੀਂ ਆਉਂਦੇ। ਨਾ, ਮਾਮੀ ਜੀ ਨਾ। ਸਾਡੇ 'ਤੇ ਐਨਾ ਭਾਰ ਨਾ ਚਾੜ੍ਹੋ। ਐਵੇਂ ਆਉਂਦੇ-ਜਾਂਦੇ ਬੱਸਾਂ ਵਿੱਚ ਕੋਈ ਸੱਟ-ਚੋਟ ਲੱਗ ਜਾਵੇ, ਫਿਰ ਅਸੀਂ ਆਪਣੀ ਮਾਮੀ ਜੀ ਕਿੱਥੋਂ ਲੱਭਣੇ ਆਂ। ਇਵੇਂ ਨੀ ਕਰਨਾ। ਅਸੀਂ ਕੱਚੀਆਂ-ਪਿੱਲੀਆਂ ਪਿੰਨੀਆਂ ਆਪ ਈ ਬਣਾ ਲਿਆ ਕਰਾਂਗੇ। ਅਸੀਂ ਬਜ਼ੁਰਗਾਂ ਦੀ ਸੇਵਾ ਕਰਨੀ ਆਂ ਕਿ ਉਨ੍ਹਾਂ ਨੂੰ ਮੁਸੀਬਤਾਂ ਵਿੱਚ ਪਾਉਣੈ।

ਬਹੁਟੀਏ! ਤੂੰ ਕਿੱਦਾਂ ਦੀਆਂ ਗੱਲਾਂ ਕਰਦੀ ਐਂ? ਤੂੰ ਮੇਰਾ ਐਨਾ ਤੇਹ ਕਰਦੀ ਐਂ, ਕਿਆ ਮੈਂ ਥੋਡੇ ਲਈ ਐਨਾ ਵੀ ਕਸ਼ਟ ਨੀ ਝੱਲ ਸਕਦੀ। ਜਿਉਂਦੀ ਵੱਸਦੀ ਰਹੇ ਮੇਰੀ ਭਾਣਜ-ਨੂੰਹ।

ਬਚਿੰਤ ਕੌਰ ਅੱਜ ਚੰਡੀਗੜ੍ਹ ਆ ਕੇ ਬਾਹਲੀ ਖ਼ੁਸ਼ ਸੀ। ਪਤਾ ਨਹੀਂ ਅੱਜ ਉਹਨੂੰ ਗੱਲ ਕਿੱਥੋਂ ਉੱਤਰ ਰਹੀ ਸੀ। ਰਾਜਬੰਤ ਦੀ ਹਰ ਗੱਲ ਦਾ ਜੁਆਬ ਠਾਹ ਦੇਣੀ ਕੱਢ ਮਾਰਦੀ ਸੀ। ਦੋ-ਤਿੰਨ ਘੰਟੇ ਤਾਂ ਗੱਲਾਂ-ਬਾਤਾਂ ਕਰਦਿਆਂ ਉਵੇਂ ਹੀ ਲੰਘ ਗਏ ਸਨ। ਦੁਪਹਿਰ ਦਾ ਖਾਣਾ ਖਾਣ ਤੋਂ ਬਾਅਦ ਵੀ ਬਚਿੰਤ ਕੌਰ ਦੀਆਂ ਗੱਲਾਂ ਦੀ ਲੜੀ ਪਹਿਲਾਂ ਵਾਂਗ ਹੀ ਨਿਰੰਤਰ ਜਾਰੀ ਸੀ। ਚੰਡੀਗੜ੍ਹ ਆਉਣ ਦੀ ਖ਼ੁਸ਼ੀ ਕਾਰਨ ਉਸ ਨੂੰ ਨੀਂਦਰ ਵੀ ਨਹੀਂ ਸੀ ਪੈ ਰਹੀ। (ਚਲਦਾ)

# ਪਾਕਿਸਤਾਨ 'ਚ ਪੰਜਾਬੀ ਜ਼ੁਬਾਨ ਦੀ ਲਹਿਰ ਅਤੇ ਪੜ੍ਹਾਈ

ਡਾ. ਟੀ. ਐਸ. ਮੱਲ੍ਹੀ

ਪੰਜਾਬੀ ਬੋਲੀ ਦੀ ਲਹਿਰ ਪਾਕਿਸਤਾਨ ਦੇ ਹੋਂਦ ਵਿੱਚ ਆਉਣ ਤੋਂ ਕੁੱਝ ਸਮਾਂ ਬਾਅਦ ਹੀ ਸ਼ੁਰੂ ਹੋ ਗਈ ਸੀ। ਇਸ ਲਹਿਰ ਦੇ ਮੋਢੀਆਂ ਵਿੱਚ ਅਬਦੁਲ ਮਜੀਦ ਸਾਲਕ, ਮੌਲਾ ਬਖ਼ਸ਼ ਕੁਸ਼ਤਾ, ਜੋਸ਼ੁਆ ਫਜ਼ਲਦੀਨ ਸ਼ਰਫ ਜੀ, ਮਾਸਿਕ ਪੰਜ ਦਰਿਆ ਦੇ ਸੰਪਾਦਕ ਅਫਜ਼ਲ ਖਾਂ ਸਾਹਿਬ, ਮਾਸਿਕ ਪੰਜਾਬੀ ਅਦਬ ਦੇ ਐਡੀਟਰ ਆਸਿਫ ਖਾਨ, ਉਸਤਾਦ ਹਮਦਮ, ਉਸਤਾਦ ਦਾਮਨ, ਅਬਦੁਲ ਮਜੀਦ ਭੱਟੀ, ਮਲਕ ਲਾਲ ਦੀ ਕੈਸਰ ਅਤੇ ਹੋਰ ਬਹੁਤ ਸਾਰੇ ਪੰਜਾਬੀ ਪਿਆਰੇ ਅਤੇ ਲਿਖਾਰੀ। ਡਾ. ਫਕੀਰ ਮੁਹੰਮਦ ਫਕੀਰ ਇਸ ਲਹਿਰ ਵਿੱਚ ਪੇਸ਼ ਸਨ। ਆਪ ਨੇ ਉਨ੍ਹਾਂ ਸਮਿਆਂ ਵਿੱਚ ਪੰਜਾਬੀ ਦਾ ਝੰਡਾ ਬੁਲੰਦ ਰੱਖਿਆ। ਜਦੋਂ ਮਾਹੌਲ ਸਾਜ਼ਗਾਰ ਨਹੀਂ ਸੀ ਅਤੇ ਪੰਜਾਬੀ ਲਈ ਬਖੇੜਿਆਂ ਦਾ ਸਮਾਂ ਸੀ। ਪੰਜਾਬੀ ਦੇ ਹੱਕ ਵਿੱਚ ਗੱਲ ਕਰਨੀ ਦੇਸ਼ ਅਤੇ ਇਸਲਾਮ ਦੇ ਵਿਰੁੱਧ ਸਮਝੀ ਜਾਂਦੀ ਸੀ। ਆਪ ਨੇ 1956 ਵਿੱਚ ਲਾਇਲਪੁਰ (ਹੁਣ ਫੈਜ਼ਲਾਬਾਦ) ਦੇ ਧੋਬੀ ਘਾਟ ਮੈਦਾਨ ਵਿੱਚ ਇੱਕ ਪੰਜਾਬੀ ਕਾਨਫਰੰਸ ਬੁਲਾਉਣ ਦਾ ਇੰਤਜ਼ਾਮ ਕੀਤਾ। ਇਸ ਕਾਨਫਰੰਸ ਦੀ ਪ੍ਰਧਾਨਗੀ ਮੌਲਾਨਾ ਅਬਦੁਲ ਮਜੀਦ ਸਾਲਕ ਹੋਰਾਂ ਕੀਤੀ। ਡਾ. ਫਕੀਰ ਸਾਹਿਬ ਨੇ ਇੱਕ ਕਰਾਰਦਾਦ (ਮਤਾ) ਰੱਖੀ। ਜਿਸ ਵਿੱਚ ਮੰਗ ਕੀਤੀ ਗਈ ਕਿ ਪੰਜਾਬੀ ਦੇ ਸਕੂਲਾਂ ਅਤੇ ਕਾਲਜਾਂ ਵਿੱਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਕਰਨ ਦਾ ਪ੍ਰਬੰਧ ਕੀਤਾ ਜਾਵੇ। ਇਸ ਤਰ੍ਹਾਂ ਆਪ ਨੇ ਪੰਜਾਬੀ ਨੂੰ ਲਾਗੂ ਕਰਵਾਉਣ ਦੀ ਮੰਗ ਦੀ ਲਹਿਰ ਨੂੰ ਅਗਾਂਹ ਟੋਰਿਆ। (ਪਾਕਿਸਤਾਨੀ ਕਿਤਾਬ 'ਰੇਸ਼ਮੀ ਤੰਦਾਂ' ਵਿੱਚ ਰਾਕਮ ਦਾ ਪੰਜਾਬੀ ਲਹਿਰ ਬਾਰੇ ਲੇਖ ਸਫਾ 33) ਪਹਿਲਾਂ ਪੰਜਾਬੀ ਛੇਵੀਂ ਤੋਂ ਬੀ.ਏ. ਤੱਕ ਅਖਤਿਆਰੀ ਵਿਸ਼ੇ ਦੇ ਤੌਰ 'ਤੇ ਹੀ ਸੀ, ਉਹ ਵੀ ਸਿਰਫ ਕਾਗਜ਼ਾਂ ਵਿੱਚ ਹੀ। ਇਹ ਸਿਰਫ ਪੰਜਾਬੀ ਲਹਿਰ ਦਾ ਅਸਰ ਹੀਸੀ ਕਿ 1965 ਤੋਂ ਪੰਜਾਬੀ ਅਮਲੀ ਤੌਰ 'ਤੇ ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹਾਈ ਜਾਣ ਲੱਗੀ।

ਪੰਜਾਬੀ ਬੋਲੀ ਦੀ ਲਹਿਰ ਆਪਣੀ ਮੱਠੀ ਚਾਲ ਨਾਲ ਅਗਾਂਹ ਵੱਧਦੀ ਰਹੀ। ਪੰਜਾਬੀ ਤਹਿਰੀਕ (ਲਹਿਰ) ਨੂੰ ਵੱਡਾ ਹੁੰਗਾਰਾ ਅਤੇ ਹੁਲਾਰਾ ਉਸ ਵੇਲੇ ਮਿਲਿਆ, ਜਦੋਂ 17 ਜੁਲਾਈ 1970 ਨੂੰ ਡਾ. ਫਕੀਰ ਮੁਹੰਮਦ ਫਕੀਰ ਅਤੇ ਵੱਡੇ ਪੰਜਾਬੀ ਸੇਵਕ ਮੁਸ਼ਤਾਕ ਬੱਟ ਦੀਆਂ ਕੋਸ਼ਿਸ਼ਾਂ ਨਾਲ ਬਹੁਤ ਸਾਰੀਆਂ ਤਨਜ਼ੀਮਾਂ ਨੇ ਰਲ ਕੇ ਲਾਹੌਰ ਵਿੱਚ ਪੰਜਾਬੀ ਬੋਲੀ ਦੀ ਹਿਮਾਇਤ ਵਿੱਚ ਇੱਕ ਬਹੁਤ ਵੱਡਾ ਜਲੂਸ ਕੱਢਿਆ, ਜਿਹੜਾ ਬੜਾ ਕਾਮਯਾਬ ਜਲੂਸ ਸੀ। ਉਸ ਸਮੇਂ ਦੇ ਇੱਕ ਬਹੁਤ ਹੀ ਮਸ਼ਹੂਰ ਕੌਮੀ ਅਖ਼ਬਾਰ "ਮਸ਼ਰਕ" ਜੋ ਕਿ ਇੱਕੋ ਸਮੇਂ ਕਰਾਚੀ, ਪਿਸ਼ਾਵਰ ਅਤੇ ਲਾਹੌਰ ਤੋਂ ਨਿਕਲਦਾ ਸੀ, ਨੇ ਇਸ ਜਲੂਸ/ਮੁਜ਼ਾਹਰੇ ਦੀ ਪ੍ਰਭਾਵਸ਼ਾਲੀ ਰਿਪੋਟਿੰਗ ਕੀਤੀ। ਇਸ ਮੁਜ਼ਾਹਰੇ ਦਾ ਪ੍ਰਬੰਧ ਪੰਜਾਬੀ ਅਦਬੀ ਸੰਗਤ, ਹਲਕਾ ਪੰਜਾਬੀ ਅਦਬ, ਦੇਸ਼ ਪੰਜਾਬ ਮਹਾਜ ਅਤੇ ਪੰਜਾਬੀ ਲੀਗ ਨੇ ਰਲ ਕੇ ਕੀਤਾ ਸੀ। ਇਹ ਮੁਜ਼ਾਹਰਾ ਰੂਪੀ ਜਲੂਸ ਸ਼ਹਿਰ ਦੇ ਵੱਖੋ-ਵੱਖ ਥਾਵਾਂ ਤੋਂ ਹੁੰਦਾ ਹੋਇਆ ਗੋਲ ਬਾਗ ਜਾ ਕੇ ਖਤਮ ਹੋਇਆ। ਮੁਜ਼ਾਹਰਾਕਾਰੀਆਂ ਨੇ ਜੋ ਕੁਤਬੇ (ਮਾਟੋ) ਚੁੱਕੇ ਹੋਏ ਸਨ, ਉਨ੍ਹਾਂ 'ਤੇ ਇਹ ਨਾਅਰੇ ਲਿਖੇ ਹੋਏ ਸਨ। ਪੰਜਾਬੀ ਪੜ੍ਹੋ, ਪੰਜਾਬੀ ਲਿਖੋ, ਪੰਜਾਬੀ ਬੋਲੋ, ਰੇਡੀਓ ਦੇ ਪ੍ਰੋਗਰਾਮ ਪੰਜਾਬੀ ਵਿੱਚ ਨਸ਼ਰ ਕੀਤੇ ਜਾਣ, ਪੰਜਾਬੀ ਜ਼ੁਬਾਨ ਜ਼ਿੰਦਾਬਾਦ ਵਗੈਰਾ। ਮੁਜ਼ਾਹਰੇ ਦੀ ਅਗਵਾਈ ਰਫੀਕ ਅਹਿਮਦ ਐਡਵੋਕੇਟ, ਮੁਸ਼ਤਾਕ ਬੱਟ, ਸਈਯਦ, ਅਖਤਰ ਹੁਸੈਨ ਅਖਤਰ (ਸੰਪਾਦਕ ਲਹਿਰਾਂ) ਰਊਫ ਸ਼ੇਖ ਅਤੇ ਚੌਧਰੀ ਮੁਹੰਮਦ ਅਫਜ਼ਲ ਖਾਨ ਸੰਪਾਦਕ ਮਾਸਿਕ 'ਪੰਜ ਦਰਿਆ' ਨੇ ਕੀਤੀ। ਜਲੂਸ ਵਿੱਚ ਪੰਜਾਬੀ ਦੇ ਮੰਨੇ ਪ੍ਰਮੰਨੇ ਕਵੀ ਤੇ ਸਾਹਿਤਕਾਰ ਡਾ. ਫਕੀਰ ਮੁਹੰਮਦ ਫਕੀਰ ਅਤੇ ਰਾਜਾ ਰਸਾਲੂ ਤੋਂ ਅੱਡ ਚੋਟੀ ਦੇ ਪੱਤਰਕਾਰ ਅਤੇ ਸਤਿਕਾਰਯੋਗ ਸ਼ਹਿਰੀ ਵੀ ਸ਼ਾਮਲ ਹੋਏ।

ਇਸ ਦੇ ਨਾਲ ਹੀ ਲੋਕ ਮਾਂ-ਬੋਲੀ ਪ੍ਰਤੀ ਜਾਗਰਤ ਹੋ ਰਹੇ ਸਨ। ਲਹਿੰਦੇ ਪੰਜਾਬ ਦੇ ਹਰ ਸ਼ਹਿਰ, ਕਸਬੇ ਅਤੇ ਕਈ ਥਾਈਂ ਤਾਂ ਪਿੰਡਾਂ ਵਿੱਚ ਵੀ ਵੱਖ-ਵੱਖ ਨਾਵਾਂ ਹੇਠ ਪੰਜਾਬੀ ਸਾਹਿਤ ਸਭਾਵਾਂ ਬਣੀਆਂ ਹੋਈਆਂ ਹਨ। ਪੰਜਾਬੋਂ ਬਾਹਰ ਵੀ ਖਾਸ ਕਰਕੇ ਕਰਾਚੀ, ਪਿਸ਼ਾਵਰ, ਕੋਇਟਾ ਆਦਿ ਸ਼ਹਿਰਾਂ ਵਿੱਚ ਪੰਜਾਬੀ ਅਦਬੀ ਤਨਜ਼ੀਮਾਂ ਬਣੀਆਂ ਹੋਈਆਂ ਹਨ। ਇਹ ਸਭਾਵਾਂ ਆਪਣੀਆਂ ਹਫਤਾਵਾਰੀ/ਮਹੀਨਾਵਾਰ ਬੈਠਕਾਂ ਵਿੱਚ ਪੰਜਾਬੀ ਨੂੰ ਉਸ ਦਾ ਬਣਦਾ ਥਾਂ ਦੇਣ ਲਈ ਮਤੇ ਪਾਸ ਕਰਦੀਆਂ ਰਹਿੰਦੀਆਂ ਹਨ। ਉੱਧਰ ਉਸ ਸਮੇਂ 1970-71 ਵਿੱਚ ਪੂਰਬੀ ਪਾਕਿਸਤਾਨ ਵਿੱਚ ਬੰਗਾਲੀ ਦੀ ਲਹਿਰ ਉਗਰ ਰੂਪ ਧਾਰ ਗਈ ਸੀ। ਸਾਰੇ ਹਾਲਾਤ ਨੂੰ ਦੇਖਦਿਆਂ ਸਰਕਾਰ ਨੂੰ ਪੰਜਾਬੀ ਜ਼ੁਬਾਨ ਲਈ ਕੁੱਝ ਕਰਨਾ ਜ਼ਰੂਰੀ ਹੋ ਗਿਆ। ਉਸ ਸਮੇਂ ਪੰਜਾਬੀ ਜ਼ੁਬਾਨ ਦੀ ਲਹਿਰ ਕੁੱਝ ਜ਼ੋਰ ਫੜ ਰਹੀ ਸੀ। ਸਿਆਸੀ ਸਟੇਜ 'ਤੇ ਪੀਪਲਜ਼ ਪਾਰਟੀ ਦੀ ਸਰਕਾਰ ਬਣ ਗਈ ਸੀ, ਜੋ ਖੇਤਰੀ ਬੋਲੀਆਂ ਨੂੰ ਤਰੱਕੀ ਦੇਣ ਦੇ ਹੱਕ ਵਿੱਚ ਸੀ। ਅੰਤ ਪੰਜਾਬੀ ਬੋਲੀ ਦੀ ਸੁਣੀ ਗਈ। 1972 ਵਿੱਚ ਪੰਜਾਬ ਯੂਨੀਵਰਸਿਟੀ ਵਿੱਚ ਐੱਮ.ਏ. ਪੰਜਾਬੀ ਦੀਆਂ ਕਲਾਸਾਂ ਸ਼ੁਰੂ ਕਰ ਦਿੱਤੀਆਂ ਗਈਆਂ ਅਤੇ ਬਹੁਤ ਸਾਰੇ ਕਾਲਜਾਂ ਵਿੱਚ ਪੰਜਾਬੀ ਦੇ ਵਿਭਾਗ ਕਾਇਮ ਕਰ ਦਿੱਤੇ ਗਏ। ਇਸ ਦੇ ਨਾਲ ਹੀ ਪੰਜਾਬੀ ਵਿੱਚ ਐੱਮ.ਫਿਲ ਅਤੇ ਪੀ.ਐੱਚ.ਡੀ. ਦੀਆਂ ਡਿਗਰੀਆਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ। ਸਮਾਂ ਪਾ ਕੇ ਮੁਲਤਾਨ ਬਹਾਵਲਪੁਰ ਅਤੇ ਹੋਰ ਯੂਨੀਵਰਸਿਟੀਆਂ ਵਿੱਚ ਵੀ ਐੱਮ.ਏ. ਪੰਜਾਬੀ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ।



ਜਿਸ ਖੇਤਰ ਵਿੱਚ ਪੰਜਾਬੀ ਪਿਆਰਿਆਂ ਨੂੰ ਵੱਡਾ ਲਾਭ ਪਹੁੰਚਿਆ, ਉਹ ਸੀ ਸੀ.ਐੱਸ.ਐੱਸ. ਅਤੇ ਪੀ.ਸੀ.ਐੱਸ. ਵਰਗੇ ਮੁਕਾਬਲੇ ਦੇ ਇਮਤਿਹਾਨਾਂ ਦੇ ਸਿਲੇਬਸ ਵਿੱਚ ਪੰਜਾਬੀ ਜ਼ੁਬਾਨ ਅਤੇ ਸਾਹਿਤ ਨੂੰ ਇੱਕ ਵਿਸ਼ੇ ਦੇ ਤੌਰ 'ਤੇ ਰੱਖਣਾ। ਇਹ ਗੱਲ ਪੰਜਾਬੀ ਦੇ ਵਾਧੇ ਲਈ ਬਹੁਤ ਹੀ ਮਹੱਤਵਪੂਰਨ ਕਦਮ ਸੀ। ਡਾ. ਅਜ਼ਹਰ ਮਹਿਮੂਦ ਚੌਧਰੀ ਗੁਜਰਾਤ ਜੋ ਪੇਸ਼ੇ ਵੱਜੋਂ ਇੱਕ ਮਸ਼ਹੂਰ ਮਾਹਿਰ ਡਾਕਟਰ ਹਨ ਅਤੇ ਮਾਂ-ਬੋਲੀ ਦੇ ਲਿਖਾਰੀ, ਆਪਣੇ ਮਜ਼ਮੂਨ "ਪੰਜਾਬੀ ਦੀ ਤਾਲੀਮੀ ਹੈਸੀਅਤ" ਵਿੱਚ ਲਿਖਦੇ ਹਨ "ਹੁਣ ਇਹ ਇੱਕ ਅਟੱਲ ਸੱਚਾਈ ਹੈ ਕਿ ਉਹ ਤਾਲਿਬ ਇਲਮ (ਵਿਦਿਆਰਥੀ) ਜਿਸ ਨੇ ਕਦੇ ਭੁੱਲ ਕੇ ਵੀ ਪੰਜਾਬੀ ਨਹੀਂ ਪੜ੍ਹੀ ਹੁੰਦੀ, ਉਹ ਜਦੋਂ ਮਾਂ ਬੋਲੀ ਦੇ ਲੜ ਲੱਗਦਾ ਏ ਤੇ ਇਹ ਉਸ ਨੂੰ ਆਪਣੀ ਝੋਲੀ ਵਿੱਚ ਪਨਾਹ ਦਿੰਦੀ ਤੇ ਨਾਲ ਹੀ ਪਾਸ ਹੋਣ ਲਈ ਲੋੜੀਂਦਾ ਭਰੋਸਾ ਤੇ ਆਸ ਵੀ ਬਖ਼ਸ਼ਦੀ ਹੈ। ਅਣਗਿਣਵੇਂ ਜਵਾਨ ਪੰਜਾਬੀ ਦੀ ਵਜ੍ਹਾ ਨਾਲ ਕਾਮਯਾਬੀ ਦਾ ਮੂੰਹ ਵੇਖਦੇ ਤੇ ਤਰੱਕੀ ਦੀ ਪੌੜੀ ਚੜ੍ਹਦੇ ਨੇ। ਅੱਜ ਡੀ.ਐੱਮ.ਜੀ. ਪੁਲਿਸ, ਇਨਕਮ ਟੈਕਸ, ਕਸਟਮ, ਰੇਲਵੇ ਤੇ ਹੋਰ ਦੂਜੇ ਮਹਿਕਮਿਆਂ ਦੇ ਵੱਡੇ ਵੱਡੇ ਥੰਮ ਆਪਣੀ ਮਾਂ ਬੋਲੀ ਦੇ ਸਦਕੇ ਇਨ੍ਹਾਂ ਅਹੁਦਿਆਂ 'ਤੇ ਅਪੜੇ ਨੇ। ਇਹ ਜਾਣਨ ਭਾਵੇਂ ਨਾ ਜਾਣਨ। ਮਾਂ ਬੋਲੀ ਨੂੰ ਇਸ ਦਾ ਜਾਇਜ਼ ਹੱਕ ਤੇ ਮੁਕਾਮ ਦਿਵਾਉਣਾ ਇਨ੍ਹਾਂ ਅਫਸਰਾਂ ਤੇ ਵੀ ਓਨਾ ਹੀ ਫਰਜ ਏ ਜਿਨ੍ਹਾਂ ਮਾਂ ਬੋਲੀ ਦਿਆਂ ਕਾਮਿਆਂ ਦਾ ਤਕਾਜ਼ਾ (ਪਰਚਾ 'ਹੱਕ' 2003 ਸਫਾ 54) ਹੁਣ ਵੇਖਣਾ ਇਹ ਹੈ ਕਿ ਕਿੰਨੇ ਕੁ ਮੁੰਡੇ ਕੁੜੀਆਂ ਪੰਜਾਬੀ ਪੜ੍ਹਨ ਦਾ ਸ਼ੌਕ ਰੱਖਦੇ ਹਨ। ਸ਼ਫੱਕਤ ਤਨਵੀਰ ਮਿਰਜ਼ਾ ਸਾਹਿਬ ਉਹ ਬਜ਼ੁਰਗ ਸ਼ਖ਼ਸੀਅਤ ਹਨ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਹੀ ਪੰਜਾਬੀ ਮਾਂ-ਬੋਲੀ ਦੀ ਤਰੱਕੀ ਲਈ ਅਰਪਣ ਕੀਤੀ।

# ਪੰਡਿਤ ਜਸਰਾਜ ਭਾਰਤੀ ਸ਼ਾਸਤਰੀ ਸੰਗੀਤ ਦੇ ਧੁਨੀ ਦਾ ਸੂਰਜ ਸਨ: ਮੁੱਖ ਮੰਤਰੀ ਨਾਇਬ ਸਿੰਘ ਸੈਣੀ

- ਪੰਡਿਤ ਜਸਰਾਜ ਦੇ 96ਵੇਂ ਜਨਮ ਦਿਵਸ 'ਤੇ ਪਿੰਡ ਪਿਲੀ ਮੰਡੌਰੀ ਵਿੱਚ ਇੱਕ ਰਾਜ ਪੱਧਰੀ ਸਮਾਗਮ ਆਯੋਜਿਤ ਕੀਤਾ
- ਮੁੱਖ ਮੰਤਰੀ ਨੇ ਪੰਡਿਤ ਜਸਰਾਜ ਦੇ ਬੁੱਤ ਦਾ ਉਦਘਾਟਨ ਕੀਤਾ ਅਤੇ ਸ਼ਹੀਦ ਸਮਾਰਕ 'ਤੇ ਸ਼ਰਧਾਂਜਲੀ ਭੇਟ ਕੀਤੀ

**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪੰਡਿਤ ਜਸਰਾਜ ਭਾਰਤੀ ਸ਼ਾਸਤਰੀ ਸੰਗੀਤ ਦੇ ਧੁਨੀ ਦਾ ਸੂਰਜ ਸਨ, ਜਿਨ੍ਹਾਂ ਦੀ ਚਮਕ ਨੇ ਨਾ ਸਿਰਫ਼ ਦੇਸ਼ ਨੂੰ ਸਗੋਂ ਪੂਰੀ ਦੁਨੀਆ ਨੂੰ ਰੌਸ਼ਨ ਕੀਤਾ। ਉਨ੍ਹਾਂ ਕਿਹਾ ਕਿ ਇਸ ਦਿਨ ਨੂੰ ਹਮੇਸ਼ਾ ਭਾਰਤੀ ਸ਼ਾਸਤਰੀ ਸੰਗੀਤ ਦੇ ਇਤਿਹਾਸ ਵਿੱਚ ਇੱਕ ਸੁਨਹਿਰੀ ਅਧਿਆਇ ਵਜੋਂ ਯਾਦ ਰੱਖਿਆ ਜਾਵੇਗਾ।



ਮੁੱਖ ਮੰਤਰੀ ਸੋਮਵਾਰ ਨੂੰ ਫਤਿਹਾਬਾਦ ਜ਼ਿਲ੍ਹੇ ਦੇ ਪਿੰਡ ਪਿਲੀ ਮੰਦੌਰੀ ਵਿੱਚ ਪਦਮ ਵਿਭੂਸ਼ਣ, ਪਦਮ ਸ਼੍ਰੀ ਅਤੇ ਸੰਗੀਤ ਮਾਰਤੰਡ ਪੰਡਿਤ ਜਸਰਾਜ ਦੀ 96ਵੀਂ ਜਯੰਤੀ ਦੇ ਮੌਕੇ 'ਤੇ ਸੰਤ-ਮਹਾਪੁਰਸ਼ ਸਨਮਾਨ ਅਤੇ ਵਿਚਾਰ ਪ੍ਰਸਾਰ ਯੋਜਨਾ ਤਹਿਤ ਆਯੋਜਿਤ ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ 'ਤੇ ਉਨ੍ਹਾਂ ਨੇ ਸ਼ਹੀਦ ਸਮਾਰਕ 'ਤੇ ਪੰਡਿਤ ਜਸਰਾਜ ਦੀ ਮੂਰਤੀ ਦਾ ਉਦਘਾਟਨ ਕੀਤਾ ਅਤੇ ਦੇਸ਼ ਦੇ ਬਹਾਦਰ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਮਾਰੋਹ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਉਨ੍ਹਾਂ ਨੇ ਅੱਜ ਸਵੇਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਪ੍ਰੋਗਰਾਮ ਬਾਰੇ ਜਾਣਕਾਰੀ ਦਿੱਤੀ। ਪ੍ਰਧਾਨ ਮੰਤਰੀ ਨੇ ਹਰਿਆਣਾ ਦੇ ਲੋਕਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਪੰਡਿਤ ਜਸਰਾਜ ਨੂੰ ਸ਼ਰਧਾਂਜਲੀ ਭੇਟ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਪਵਿੱਤਰ ਮੰਚ ਤੋਂ ਉਹ ਪੰਡਿਤ ਜਸਰਾਜ ਦੀ ਮਹਾਨ ਸ਼ਖਸੀਅਤ ਨੂੰ ਸ਼ਰਧਾਂਜਲੀ ਦਿੰਦੇ ਹਨ ਅਤੇ ਪਵਿੱਤਰ ਧਰਤੀ ਅਤੇ ਪਵਿੱਤਰ ਗਰਭ ਨੂੰ ਵੀ ਸਲਾਮ ਕਰਦੇ ਹਨ ਜਿਸਨੇ ਦੁਨੀਆ ਨੂੰ ਇੰਨਾ ਕੀਮਤੀ ਰਤਨ ਦਿੱਤਾ। ਉਨ੍ਹਾਂ ਕਿਹਾ ਕਿ ਇਹ ਬਹੁਤ ਸੁਭਾਗ ਦੀ ਗੱਲ ਹੈ ਕਿ ਅੱਜ ਪੰਡਿਤ ਜਸਰਾਜ ਦੀ ਜਯੰਤੀ ਦੇ ਨਾਲ-ਨਾਲ ਪੰਡਿਤ ਜਸਰਾਜ ਕਲਚਰਲ ਫਾਊਂਡੇਸ਼ਨ ਦੀ ਚੌਥੀ ਵਰ੍ਹੇਗੰਢ ਵੀ ਮਨਾਈ ਜਾ ਰਹੀ ਹੈ। ਇਸ ਨੀਂਹ ਪੱਥਰ ਦਾ ਨੀਂਹ ਪੱਥਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2022 ਵਿੱਚ ਰੱਖਿਆ ਸੀ। ਇਹ ਸੰਸਥਾ ਪੰਡਿਤ ਜਸਰਾਜ ਦੀ ਸ਼ਾਸਤਰੀ ਸੰਗੀਤ ਵਿਰਾਸਤ ਨੂੰ ਸੰਭਾਲਣ ਅਤੇ ਇਸਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਵਿੱਚ ਸ਼ਲਾਘਾਯੋਗ ਕੰਮ ਕਰ ਰਹੀ ਹੈ। ਮੁੱਖ ਮੰਤਰੀ ਨੇ ਮਧੁਰਾ ਜਸਰਾਜ, ਦੁਰਗਾ ਜਸਰਾਜ ਅਤੇ ਫਾਊਂਡੇਸ਼ਨ ਦੇ ਸਾਰੇ ਅਧਿਕਾਰੀਆਂ ਦੇ ਸਮਰਪਣ ਦੀ ਪ੍ਰਸ਼ੰਸਾ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਪੰਡਿਤ ਜਸਰਾਜ ਸਿਰਫ਼ ਇੱਕ ਮਹਾਨ ਕਲਾਕਾਰ ਹੀ ਨਹੀਂ ਸਨ, ਸਗੋਂ ਆਪਣੇ ਆਪ ਵਿੱਚ ਇੱਕ ਜੀਵਤ ਹਸਤੀ ਸਨ। 1930 ਵਿੱਚ ਪਿਲੀ ਮੰਡੋਰੀ ਪਿੰਡ ਦੇ ਇੱਕ ਪ੍ਰਸਿੱਧ ਸੰਗੀਤਕ ਪਰਿਵਾਰ ਵਿੱਚ ਜਨਮੇ ਪੰਡਿਤ ਜਸਰਾਜ ਨੇ ਛੋਟੀ ਉਮਰ ਵਿੱਚ ਹੀ ਆਪਣੇ ਪਿਤਾ ਨੂੰ ਗੁਆ ਦਿੱਤਾ। ਹਾਲਾਂਕਿ, ਪ੍ਰਤੀਕੂਲ ਹਾਲਾਤਾਂ ਦੇ ਬਾਵਜੂਦ, ਉਸਨੇ ਕਦੇ ਵੀ ਆਪਣੇ ਸਮਰਪਣ ਨੂੰ ਕਮਜ਼ੋਰ ਨਹੀਂ ਹੋਣ ਦਿੱਤਾ। ਆਪਣੇ ਵੱਡੇ ਭਰਾ, ਪੰਡਿਤ ਮਨੀਰਾਮ ਦੀ ਅਗਵਾਈ ਹੇਠ, ਉਸਨੇ ਸਖ਼ਤ ਤਪੱਸਿਆ ਕੀਤੀ ਜੋ ਨੌਜਵਾਨਾਂ ਨੂੰ ਪ੍ਰੇਰਿਤ ਕਰਦੀ ਰਹਿੰਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਡਿਤ ਜਸਰਾਜ ਨੇ ਆਪਣੇ ਅਧਿਆਤਮਿਕ ਅਭਿਆਸ ਅਤੇ ਵੋਕਲ ਤਪੱਸਿਆ ਰਾਹੀਂ ਪਿੱਲੀ ਮੰਡੋਰੀ ਦੀ ਮਿੱਟੀ ਦੀ ਖੁਸ਼ਬੂ ਨੂੰ ਸੱਤ ਸਮੁੰਦਰੋਂ ਪਾਰ ਪਹੁੰਚਾਇਆ। ਉਨ੍ਹਾਂ ਕਿਹਾ ਕਿ ਇਹ ਪੰਡਿਤ ਜਸਰਾਜ ਦੀ ਸ਼ਰਧਾ ਦਾ ਨਤੀਜਾ ਸੀ ਕਿ ਹਰਿਆਣਾ ਦੇ ਖੇਤਾਂ ਅਤੇ ਕੋਠਿਆਂ ਵਿੱਚ ਪੈਦਾ ਹੋਈਆਂ ਸੁਰਾਂ ਅੰਟਾਰਕਟਿਕਾ ਦੀ ਬਰਫੀਲੀ ਠੰਢ ਵਿੱਚ ਭਾਰਤੀ ਸੰਗੀਤ ਦੀ ਨਿੱਘ ਲਿਆਉਣ ਦੇ ਯੋਗ ਸਨ। ਉਹ ਪਹਿਲੇ ਭਾਰਤੀ ਕਲਾਕਾਰ ਬਣੇ ਜਿਨ੍ਹਾਂ ਨੇ ਆਪਣੀ ਗਾਇਕੀ ਪ੍ਰਤਿਭਾ ਨੂੰ ਸਾਰੇ ਸੱਤ ਮਹਾਂਦੀਪਾਂ ਵਿੱਚ ਫੈਲਾਇਆ, ਜੋ ਕਿ ਪੂਰੇ ਦੇਸ਼ ਲਈ ਮਾਣ ਦੀ ਗੱਲ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਦੇਵੀ ਸਰਸਵਤੀ ਪੰਡਿਤ ਜਸਰਾਜ ਦੇ ਗਲੇ ਵਿੱਚ ਵੱਸਦੀ ਸੀ।

ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਜੀਵਨ ਭਰ ਸਮਰਪਣ ਦੁਆਰਾ, ਉਨ੍ਹਾਂ ਨੇ ਆਪਣਾ ਪੂਰਾ ਜੀਵਨ ਭਾਰਤੀ ਸ਼ਾਸਤਰੀ ਸੰਗੀਤ ਨੂੰ ਸਮਰਪਿਤ ਕਰ ਦਿੱਤਾ। ਉਨ੍ਹਾਂ ਨੇ ਦੁਨੀਆ ਭਰ ਵਿੱਚ ਭਾਰਤੀ ਸੰਗੀਤ ਦੀ ਅਮੀਰ ਪਰੰਪਰਾ ਨੂੰ ਅੱਗੇ ਵਧਾਇਆ ਅਤੇ ਉਨ੍ਹਾਂ ਦੇ ਬੇਮਿਸਾਲ ਯੋਗਦਾਨ ਲਈ ਉਨ੍ਹਾਂ ਨੂੰ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਨਮਾਨਾਂ ਨਾਲ ਸਨਮਾਨਿਤ ਕੀਤਾ ਗਿਆ।

**ਹਰਿਆਣਾ ਦੀ ਮਿੱਟੀ ਤੋਂ ਪੈਦਾ ਹੋਈ ਇੱਕ ਅਮਰ ਸੰਗੀਤ ਪਰੰਪਰਾ**

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਦੀ ਧਰਤੀ ਖੁਦ ਸੰਗੀਤ ਨਾਲ ਭਰੀ ਹੋਈ ਹੈ। ਇੱਥੇ, ਕਿਸਾਨਾਂ ਦੇ ਪਸੀਨੇ, ਲੋਕ ਮੇਲਿਆਂ ਦੀ ਚਮਕ ਅਤੇ ਜਵਾਨੀ ਦੇ ਕਦਮਾਂ ਵਿੱਚ ਕੁਦਰਤੀ ਤਾਲ ਨੂੰ ਦੇਖਿਆ ਜਾ ਸਕਦਾ ਹੈ। ਫਾਗ, ਧਮਾਲ, ਅਤੇ ਰਾਗਾਂ ਅਤੇ ਰਾਗਿਨੀਆਂ ਦੀ ਅਮੀਰ ਪਰੰਪਰਾ ਅੱਜ ਵੀ ਜ਼ਿੰਦਾ ਹੈ। ਉਨ੍ਹਾਂ ਕਿਹਾ ਕਿ ਇਹ ਪੰਡਿਤ ਜਸਰਾਜ ਵਰਗੇ ਤਪੱਸਵੀ ਕਲਾਕਾਰਾਂ ਦੇ ਪ੍ਰਭਾਵ ਕਾਰਨ ਹੈ ਕਿ ਰਾਜ ਦੇ ਪਿੰਡਾਂ ਦੇ ਨਾਮ ਆਸਾਵਰੀ, ਧਨਾਸਰੀ, ਬਿਲਾਵਲ ਅਤੇ ਭੈਰਵੀ ਵਰਗੇ ਰਾਗਾਂ ਦੇ ਨਾਮ 'ਤੇ ਰੱਖੇ ਗਏ ਹਨ।

# ਭਾਰਤ-ਅਮਰੀਕਾ ਵਪਾਰ ਸਮਝੌਤੇ ਕਾਰਨ ਸ਼ੇਅਰ ਮਾਰਕੀਟ 'ਚ ਵੱਡੀ ਤੇਜ਼ੀ

**ਨਵੀਂ ਦਿੱਲੀ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਤੇ ਅਮਰੀਕਾ ਵਪਾਰ ਸਮਝੌਤਾ ਸਿਰੇ ਚੜ੍ਹਨ ਤੋਂ ਬਾਅਦ ਅੱਜ ਭਾਰਤੀ ਸ਼ੇਅਰ ਮਾਰਕੀਟ ਖੁੱਲ੍ਹਣ 'ਤੇ ਵੱਡੀ ਤੇਜ਼ੀ ਦਿਖਣ ਨੂੰ ਮਿਲੀ। ਸ਼ੁਰੂਆਤੀ ਕਾਰੋਬਾਰ ਵਿੱਚ ਸੈਂਸੈਕਸ 3,656.74 ਅੰਕਾਂ ਦੇ ਵਾਧੇ ਨਾਲ 85,323.20 'ਤੇ ਖੁੱਲਿਆ ਜਦਕਿ ਨਿਫਟੀ 1,219.65 ਅੰਕਾਂ ਦੇ ਵਾਧੇ ਨਾਲ 26,308.05 'ਤੇ ਪਹੁੰਚ ਗਿਆ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਸੀ ਕਿ ਅਮਰੀਕਾ ਤੇ ਭਾਰਤ ਵਪਾਰ ਸਮਝੌਤੇ ਲਈ ਸਹਿਮਤ ਹੋ ਗਏ ਹਨ। ਇਸ ਕਰਾਰ ਤਹਿਤ ਅਮਰੀਕਾ ਭਾਰਤ ਤੋਂ ਦਰਾਮਦ ਵਸਤਾਂ 'ਤੇ ਲੱਗਦੇ ਟੈਰਿਫ ਨੂੰ 25 ਫੀਸਦ ਤੋਂ ਘਟਾ ਕੇ 18 ਫੀਸਦ ਕਰੇਗਾ। ਟਰੰਪ ਦੇ ਬਿਆਨ ਤੋਂ ਬਾਅਦ ਭਾਰਤੀ ਬਾਜ਼ਾਰ ਵਿਚ ਵੱਡਾ ਉਛਾਲ ਦੇਖਣ ਨੂੰ ਮਿਲਿਆ ਤੇ ਹਾਂਪੱਖੀ ਰੁਝਾਨਾਂ ਕਾਰਨ ਭਾਰਤੀ ਮਾਰਕੀਟ ਦੇ ਜ਼ਿਆਦਾਤਰ ਸ਼ੇਅਰਾਂ ਵਿਚ ਤੇਜ਼ੀ ਦੇਖਣ ਨੂੰ ਮਿਲੀ।

ਪਿਛਲੇ ਕੁਝ ਦਿਨਾਂ ਤੋਂ ਸੋਨੇ ਤੇ ਚਾਂਦੀ ਦੀਆਂ ਕੀਮਤਾਂ ਘਟਣ ਕਾਰਨ ਸ਼ੇਅਰ ਮਾਰਕੀਟ ਵਿਚ ਨਾਂਹਪੱਖੀ ਰੁਝਾਨ ਦੇਖਣ ਨੂੰ ਮਿਲਿਆ ਸੀ ਤੇ ਜ਼ਿਆਦਾਤਰ ਸ਼ੇਅਰ ਡਿੱਗ ਗਏ ਸਨ ਪਰ ਟਰੰਪ ਦੇ ਟੈਕਸ ਘਟਾਉਣ ਦੇ ਐਲਾਨ ਤੋਂ ਬਾਅਦ ਸ਼ੁਰੂਆਤੀ ਰੁਝਾਨਾਂ ਤੋਂ ਬਾਅਦ ਵੀ ਮਾਰਕੀਟ ਵਿਚ ਤੇਜ਼ੀ ਜਾਰੀ ਰਹੀ। ਇਹ ਤੇਜ਼ੀ ਭਾਵੇਂ ਸ਼ੁਰੂਆਤੀ ਦੌਰ ਜਿੰਨੀ ਨਹੀਂ ਰਹੀ ਪਰ ਸਵੇਰੇ 10.10 'ਤੇ ਸੈਂਸੈਕਸ 2044 ਅੰਕ ਉਤੇ ਸੀ ਤੇ ਇਸ ਵਿਚ 2.50 ਫੀਸਦੀ ਵਾਧਾ ਦੇਖਣ ਨੂੰ ਮਿਲਿਆ ਜਦਕਿ ਨਿਫਟੀ 643 ਅੰਕ ਉਤੇ ਸੀ ਤੇ ਇਸ ਵਿਚ 2.57 ਫੀਸਦੀ ਵਾਧਾ ਦਰਜ ਕੀਤਾ ਗਿਆ।

ਇਸ ਦੌਰਾਨ ਰਿਅਲਟੀ, ਆਟੋ ਤੇ ਆਈਟੀ ਦੇ ਸ਼ੇਅਰਾਂ ਵਿਚ ਸਭ ਤੋਂ ਵੱਧ ਖਰੀਦਦਾਰੀ ਹੋਈ। ਬਜਟ ਵਿਚ ਐਸਟੀਟੀ ਟੈਕਸ ਵਧਾਉਣ ਦੇ ਐਲਾਨ ਤੋਂ ਬਾਅਦ ਸੈਂਸੈਕਸ 1546 ਅੰਕਾਂ ਦੀ ਗਿਰਾਵਟ ਨਾਲ ਬੰਦ ਹੋਇਆ ਸੀ। ਇਸ ਤੋਂ ਅਗਲੇ ਦਿਨ ਸੈਂਸੈਕਸ 943 ਅੰਕ ਵਧ ਕੇ 81666 'ਤੇ ਬੰਦ ਹੋਇਆ।

# ਬਜ਼ੁਰਗਾਂ ਦੀ ਭਲਾਈ ਲਈ ਸ਼ੁਰੂ ਸਾਡੇ ਬਜ਼ੁਰਗ ਸਾਡਾ ਮਾਣ ਮੁਹਿੰਮ ਪੰਜਾਬ ਸਰਕਾਰ ਦਾ ਸ਼ਲਾਘਾਯੋਗ ਉਪਰਾਲਾ:ਵਿਧਾਇਕ ਨਰਿੰਦਰਪਾਲ ਸਿੰਘ ਸਵਨਾ

**ਫਾਜ਼ਿਲਕਾ,5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਬਜ਼ੁਰਗਾਂ ਦੀ ਭਲਾਈ ਲਈ ਸ਼ੁਰੂ "ਸਾਡੇ ਬਜ਼ੁਰਗ ਸਾਡਾ ਮਾਣ" ਮੁਹਿੰਮ ਤਹਿਤ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਦੇ ਦਿਸ਼ਾ ਨਿਰਦੇਸ਼ਾ ਹੇਠ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਅਫਸਰ ਨਵੀਨ ਗਡਵਾਲ ਦੀ ਰਹਿਨੁਮਾਈ ਹੇਠ ਸਾਡੇ ਬਜੁਰਗ ਸਾਡਾ ਮਾਣ ਤਹਿਤ ਸਿਵਲ ਹਸਪਤਾਲ ਫਾਜ਼ਿਲਕਾ ਵਿਖੇ ਸਿਹਤ ਸੇਵਾਵਾਂ ਸਬੰਧੀ ਕੈਂਪ ਲਗਾਇਆ ਗਿਆ। ਜਿਸ ਵਿੱਚ ਬਜ਼ੁਰਗਾਂ ਦੇ ਸੀਨੀਅਰ ਸਿਟੀਜਨ ਕਾਰਡ, ਬੁਢਾਪਾ ਪੈਨਸ਼ਨ ਦੇ ਫਾਰਮ ਭਰੇ ਗਏ ਤੇ ਬਜ਼ੁਰਗਾਂ ਨੂੰ ਬੈਂਕਾਂ ਦੀਆਂ ਸਕੀਮਾਂ ਅਤੇ ਆਨਲਾਈਨ ਫਰਾਡ ਤੋਂ ਬਚਾਅ ਸਬੰਧੀ ਵੀ ਜਾਣਕਾਰੀ ਦਿੱਤੀ ਗਈ। ਕੈਂਪ ਵਿੱਚ ਮੁੱਖ ਮਹਿਮਾਨ ਵਜੋਂ ਫਾਜ਼ਿਲਕਾ ਦੇ ਵਿਧਾਇਕ ਸ੍ਰੀ. ਨਰਿੰਦਰਪਾਲ ਸਿੰਘ ਸਵਨਾ ਨੇ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਨਾਲ ਐੱਸ.ਡੀ.ਐੱਮ.ਫਾਜ਼ਿਲਕਾ ਵੀਰਪਾਲ ਕੌਰ, ਸਿਵਲ ਸਰਜਨ ਡਾ. ਕਵਿਤਾ ਅਤੇ ਵਿਧਾਇਕ ਸਵਨਾ ਦੀ ਧਰਮਪਤਨੀ ਮੈਡਮ ਖੁਸ਼ਬੂ ਸਾਵਨਸੁੱਖਾ ਸਵਨਾ ਵੀ ਮੌਜੂਦ ਸਨ।

ਕੈਂਪ ਦੌਰਾਨ ਸਮੂਹ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਬਜ਼ੁਰਗਾਂ ਦੀ ਭਲਾਈ ਲਈ "ਸਾਡੇ ਬਜ਼ੁਰਗ ਸਾਡਾ ਮਾਣ" ਮੁਹਿੰਮ ਸ਼ੁਰੂ ਕੀਤੀ ਗਈ ਹੈ ਤੇ ਅੱਜ ਦੇ ਇਸ ਕੈਂਪ ਰਾਹੀਂ ਬਜ਼ੁਰਗਾਂ ਨੂੰ ਇੱਕ ਛੱਤ ਹੇਠਾਂ ਸਿਹਤ ਚੈੱਕਅੱਪ ਕੈਂਪ, ਪੰਜਾਬ ਨੈਸ਼ਨਲ ਬੈਂਕ, ਹੈਲਪ ਡੈਸਕ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤੇ ਬੁਢਾਪਾ ਪੈਨਸ਼ਨ ਲਈ ਸੇਵਾ ਕੇਂਦਰ ਤੇ ਐਲਿਮਕੋ ਨਾਲ ਸਬੰਧਿਤ ਸਕੀਮਾਂ ਦੀਆਂ ਸਟਾਲਾਂ ਲਗਾ ਕੇ ਸੁਵਿਧਾਵਾਂ ਦਿੱਤੀਆਂ ਗਈਆਂ। ਇਸ ਦੌਰਾਨ ਉਨ੍ਹਾਂ ਕਿਹਾ ਕਿ ਆਉਣ ਵਾਲੇ ਕੁਝ ਦਿਨਾਂ ਬਾਅਦ ਅੰਗਹੀਣ ਤੇ ਦਿਵਿਆਂਗ ਲੋਕਾਂ ਲਈ ਵੀ ਇੱਕ ਕੈਂਪ ਲਗਾਇਆ ਜਾਵੇਗਾ ਜਿਸ ਵਿੱਚ ਉਨ੍ਹਾਂ ਨੂੰ ਮੁਫਤ ਕੰਨਾਂ ਦੇ ਸੁਣਨ ਵਾਲੀਆਂ ਮਸ਼ੀਨਾਂ, ਇਲੈਕਟ੍ਰਿਕ ਟਰਾਈਸਾਈਕਲ ਤੇ ਬਣਾਵਟੀ ਅੰਗ ਵੰਡੇ ਜਾਣਗੇ।

ਉਨ੍ਹਾਂ ਅੱਗੇ ਕਿਹਾ ਕਿ ਬਜ਼ੁਰਗ ਸਾਡਾ ਮਾਣ ਹਨ ਤੇ ਇਨ੍ਹਾਂ ਤੋਂ ਸਾਨੂੰ ਬਹੁਤ ਕੁੱਝ ਸਿੱਖਣ ਨੂੰ ਮਿਲਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਬਜ਼ੁਰਗ ਕੋਲ ਰਹਿਣ ਲਈ ਠਿਕਾਣਾ ਨਹੀਂ ਹੈ ਤਾਂ ਉਹ ਸਰਕਾਰ ਵੱਲੋਂ ਫਾਜ਼ਿਲਕਾ ਵਿਖੇ ਸਥਾਪਿਤ ਓਲਡ ਏਜ਼ ਹੋਮ ਵਿਖੇ ਰਹਿ ਸਕਦੇ ਹਨ ਜਿੱਥੇ ਬਜ਼ੁਰਗਾਂ ਦੇ ਰਹਿਣ ਸਹਿਣ ਤੇ ਖਾਣ ਪੀਣ ਦੇ ਮੁਫ਼ਤ ਪ੍ਰਬੰਧ ਹੋਣਗੇ। ਉਨ੍ਹਾਂ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਕਿਤੇ ਵੀ ਕੋਈ ਜ਼ਰੂਰਤਮੰਦ ਬਜ਼ੁਰਗਾਂ ਹੈ ਜਾਂ ਫਿਰ ਤੁਹਾਡੇ ਆਂਢ ਗੁਆਂਢ ਸਾਨੂੰ ਬੇਝਿਜਕ ਹੋ ਕੇ ਦੱਸਿਆ ਜਾਵੇ ਤਾਂ ਜੋ ਬਜ਼ੁਰਗ ਦੇ ਰਹਿਣ ਸਹਿਣ ਵਿੱਚ ਉਸਦੀ ਮਦਦ ਕੀਤੀ ਜਾਵੇ।

ਵਿਧਾਇਕ ਸਵਨਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਸਿਹਤ ਪੱਖੋਂ ਮੋਹਰੀ ਸੂਬਾ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲ ਫਾਜ਼ਿਲਕਾ ਵਿੱਚ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਬਿਮਾਰੀਆਂ ਦੇ ਇਲਾਜ ਲਈ 50 ਡਾਕਟਰ ਤੈਨਾਤ ਕੀਤੇ ਗਏ ਹਨ ਤੇ 7 ਅੱਜ ਵੀ ਨਵੇਂ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਹਸਪਤਾਲ ਵਿੱਚ ਐੱਮ.ਆਰ ਮਸ਼ੀਨ ਵੀ ਜਲਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਫਾਜ਼ਿਲਕਾ ਲਈ ਇੱਕ ਨਵਾਂ ਹਸਪਤਾਲ ਵੀ 23 ਕਰੋੜ ਦੀ ਲਾਗਤ ਨਾਲ ਤਿਆਰ ਹੋ ਗਿਆ ਹੈ ਤੇ ਇਸ ਹਸਪਤਾਲ ਵਿੱਚ ਹਰ ਬਿਮਾਰੀ ਦਾ ਮਾਹਰ ਡਾਕਟਰਾਂ ਵੱਲੋਂ ਇਲਾਜ ਹੋਵੇਗਾ ਤੇ ਕਿਸੇ ਵੀ ਮਰੀਜ਼ ਤੇ ਦੁਰਘਟਾਗ੍ਰਸਤ ਨੂੰ ਫਰੀਦਕੋਟ ਰੈਫਰ ਹੋਣ ਦੀ ਥਾਂ ਫਾਜ਼ਿਲਕਾ ਵਿਖੇ ਹੀ ਉਸਦਾ ਇਲਾਜ ਹੋ ਜਾਵੇਗਾ।

ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਹਰੇਕ ਪਰਿਵਾਰ ਦਾ 10 ਲੱਖ ਦਾ ਸਿਹਤ ਬੀਮਾ ਕਾਰਡ ਬਣੇਗਾ ਤੇ ਲੋਕ ਆਪਣਾ 10 ਲੱਖ ਤੱਕ ਦਾ ਸਾਲਾਨਾ ਇਲਾਜ ਸਰਕਾਰੀ ਤੇ ਮਨਜ਼ੂਰਸੁਦਾ ਪ੍ਰਾਈਵੇਟ ਹਸਪਤਾਲਾਂ ਵਿੱਚ ਕਰਵਾ ਸਕਣਗੇ ਤੇ ਇਹ ਇਲਾਜ ਹਸਪਤਾਲਾਂ ਵਿੱਚ ਬਿਲਕੁਲ ਮੁਫ਼ਤ ਹੋਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀ ਆਪਣਾ ਆਧਾਰ ਕਾਰਡ ਤੇ ਵੋਟ ਕਾਰਡ ਨਾਲ ਲੈ ਕੇ ਆਪਣਾ ਮੁੱਖ ਮੰਤਰੀ ਸਿਹਤ ਯੋਜਨਾ ਦਾ ਕਾਰਡ ਬਣਵਾ ਲੈਣ, ਇਹ ਕਾਰਡ ਪਿੰਡ ਪਿੰਡ ਜਾ ਕੇ ਵੀ ਬਣਾਏ ਜਾਣਗੇ। ਇਸ ਉਪਰੰਤ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਤੇ ਉਨ੍ਹਾਂ ਦੀ ਧਰਮਪਤਨੀ ਮੈਡਮ ਖੁਸ਼ਬੂ ਸਾਵਨਸੁੱਖਾ ਸਵਨਾ ਨੇ ਕੈਂਪ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਵਾਲੇ ਡਾਕਟਰਾਂ ਨੂੰ ਸਨਮਾਨਿਤ ਵੀ ਕੀਤਾ।

ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਅਨੁਪ੍ਰਿਆ ਸਿੰਘ, ਜ਼ਿਲ੍ਹਾ ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਅਫਸਰ ਨਵੀਨ ਗਡਵਾਲ, ਸੀਨੀਅਰ ਮੈਡੀਕਲ ਅਫਸਰ ਡਾ. ਐਰਿਕ, ਬੀ.ਈ.ਈ ਦਿਵੇਸ਼, ਨਿਸ਼ਾਂਤ ਸੇਤੀਆ, ਅਰਪਿਤ ਗੁਪਤਾ, ਵਿਨੋਦ ਖੁਰਾਣਾ ਤੇ ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ ਅਲਕਾ ਆਦਿ ਹਾਜ਼ਰ ਸਨ।

# ਦੇਸ਼ ਦੀ ਏਕਤਾ ਅਤੇ ਪ੍ਰਭੂਸੱਤਾ ਲਈ ਕੁਰਬਾਨੀਆਂ ਦੇਣ ਵਿੱਚ ਹਮੇਸ਼ਾ ਮੋਹਰੀ ਰਿਹਾ ਪੰਜਾਬ-ਮੁੱਖ ਮੰਤਰੀ ਭਗਵੰਤ ਸਿੰਘ ਮਾਨ

**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਡਿਫੈਂਸ ਕਾਲਜ, ਨਵੀਂ ਦਿੱਲੀ ਦੇ ਇੱਕ ਵਫ਼ਦ ਨੇ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕੀਤੀ, ਜਿਸ ਦੌਰਾਨ ਮੁੱਖ ਮੰਤਰੀ ਨੇ ਦੇਸ਼ ਦੀ ਏਕਤਾ ਅਤੇ ਪ੍ਰਭੂਸੱਤਾ ਵਿੱਚ ਸੂਬੇ ਦੇ ਬੇਮਿਸਾਲ ਯੋਗਦਾਨ, ਬਹਾਦਰੀ ਅਤੇ ਭਾਈਚਾਰਕ ਸਾਂਝ, ਸ਼ਾਨਾਮੱਤੀ ਵਿਰਾਸਤ ਅਤੇ ਭਾਰਤ ਦੀ ਖੜਗਭੁਜਾ ਅਤੇ ਅੰਨਦਾਤੇ ਵਜੋਂ ਪੰਜਾਬ ਦੇ ਵਡਮੁੱਲੇ ਯੋਗਦਾਨ ਦਾ ਜ਼ਿਕਰ ਕੀਤਾ।



ਅੱਜ ਇੱਥੇ ਨੈਸ਼ਨਲ ਡਿਫੈਂਸ ਕਾਲਜ ਦੇ ਵਫ਼ਦ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਨੇ ਭਾਰਤੀ ਹਥਿਆਰਬੰਦ ਸੈਨਾਵਾਂ ਨੂੰ ਜਾਂਬਾਜ਼ ਫੌਜੀ ਅਫ਼ਸਰ ਅਤੇ ਬਹਾਦਰ ਜਵਾਨ ਦਿੱਤੇ ਹਨ, ਜਿਨ੍ਹਾਂ ਨੇ ਹਮੇਸ਼ਾ ਮੂਹਰੇ ਹੋ ਕੇ ਦੇਸ਼ ਲਈ ਸ਼ਹਾਦਤਾਂ ਦਿੱਤੀਆਂ ਹਨ। ਉਨ੍ਹਾਂ ਕਿਹਾ, ਇਹ ਜਾਣ ਕੇ ਖੁਸ਼ੀ ਹੋਈ ਕਿ ਨੈਸ਼ਨਲ ਡਿਫੈਂਸ ਕਾਲਜ, ਨਵੀਂ ਦਿੱਲੀ ਵੱਲੋਂ 2 ਤੋਂ 6 ਫਰਵਰੀ ਤੱਕ ਪੰਜਾਬ ਦਾ ਦੌਰਾ ਕੀਤਾ ਜਾ ਰਿਹਾ ਹੈ।"

ਸੂਬੇ ਵਿੱਚ ਪਹੁੰਚਣ 'ਤੇ ਵਫ਼ਦ ਦਾ ਸਵਾਗਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਹ ਸਮਾਜਿਕ-ਰਾਜਨੀਤਿਕ ਅਧਿਐਨ ਦੌਰਾ ਪੰਜਾਬ ਦੇ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਹੋਰ ਖੇਤਰਾਂ ਨੂੰ ਸਮਝਣ ਅਤੇ ਸਿੱਖਣ ਲਈ ਦਾ ਨਿਵੇਕਲਾ ਯਤਨ ਹੈ।

ਪੰਜਾਬ ਦੀ ਪਵਿੱਤਰ ਤੇ ਜ਼ਰਖੇਜ਼ ਧਰਤੀ 'ਤੇ ਵਫ਼ਦ ਦਾ ਨਿੱਘਾ ਸਵਾਗਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ, ਸੂਬਾ ਸਰਕਾਰ ਤੁਹਾਡੀ ਮੇਜ਼ਬਾਨੀ ਕਰਕੇ ਮਾਣ ਮਹਿਸੂਸ ਕਰ ਰਹੀ ਹੈ। ਉਨ੍ਹਾਂ ਨੇ ਵਫ਼ਦ ਨੂੰ ਦੱਸਿਆ ਕਿ ਪੰਜਾਬ ਮਹਾਨ ਗੁਰੂਆਂ, ਪੀਰਾਂ, ਸੰਤਾਂ, ਪੈਗੰਬਰਾਂ ਅਤੇ ਸ਼ਹੀਦਾਂ ਦੀ ਧਰਤੀ ਹੈ ਅਤੇ ਇਸਨੂੰ ਯੋਧਿਆਂ ਅਤੇ ਮਿਹਨਤਕਸ਼ ਲੋਕਾਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਰਾਜ ਦੇ ਨੌਜਵਾਨ ਸਰਹੱਦਾਂ ਦੀ ਰਾਖੀ ਕਰਦੇ ਹਨ ਅਤੇ ਸਾਡੇ ਕਿਸਾਨ ਦੇਸ਼ ਦਾ ਢਿੱਡ ਭਰਦੇ ਹਨ, ਇਸੇ ਕਰਕੇ ਪੰਜਾਬ ਨੂੰ 'ਭਾਰਤ ਦਾ ਅੰਨਦਾਤਾ ਅਤੇ ਖ਼ੜਗਭੁਜਾ' ਵਜੋਂ ਮਾਣ ਦਿੱਤਾ ਜਾਂਦਾ ਹੈ।

ਮੁੱਖ ਮੰਤਰੀ ਨੇ ਕਿਹਾ, ਪੰਜਾਬ ਦੇ ਕਿਸਾਨ ਦੇਸ਼ ਦੇ ਅਨਾਜ ਉਤਪਾਦਨ ਵਿੱਚ ਸਭ ਤੋਂ ਵੱਧ ਯੋਗਦਾਨ ਪਾਉਂਦੇ ਹਨ ਅਤੇ ਰਾਸ਼ਟਰੀ ਪੂਲ ਵਿੱਚ 40 ਫੀਸਦ ਅਨਾਜ ਸੂਬੇ ਦੁਆਰਾ ਉਪਲਬਧ ਕਰਾਇਆ ਜਾਂਦਾ ਹੈ। ਉਨ੍ਹਾਂ ਅੱਗੇ ਕਿਹਾ, ਪੰਜਾਬ ਦੇ ਬਹਾਦਰ ਸੈਨਿਕਾਂ ਨੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰਾਖੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ ਅਤੇ ਇਹ ਅਟੱਲ ਤੇ ਕੋਰਾ-ਚਿੱਟਾ ਸੱਚ ਹੈ ਕਿ ਦੇਸ਼ ਦੇ ਆਜ਼ਾਦੀ ਸੰਘਰਸ਼ ਵਿੱਚ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਇੱਕ ਸ਼ਾਂਤੀਪੂਰਨ ਸੂਬਾ ਹੈ ਜਿੱਥੇ ਸ਼ਾਂਤੀ, ਮੋਹ-ਪਿਆਰ ਅਤੇ ਭਾਈਚਾਰਕ ਸਾਂਝ ਇੰਨੀ ਮਜ਼ਬੂਤ ਹੈ ਕਿ ਇੱਥੇ ਨਫ਼ਰਤ ਦੇ ਬੀਜ ਨਹੀਂ ਪੁੰਗਰ ਸਕਦੇ। "

ਮੁੱਖ ਮੰਤਰੀ ਨੇ ਕਿਹਾ, ਸਰਹੱਦੀ ਸੂਬਾ ਹੋਣ ਦੇ ਬਾਵਜੂਦ, ਪੰਜਾਬ ਕਦੇ ਵੀ ਫ਼ਿਰਕਿਆਂ ਵਿੱਚ ਵੰਡਿਆ ਨਹੀਂ ਗਿਆ। ਇਸ ਦੀ ਬਜਾਏ ਔਖੀ ਘੜੀ ਵਿੱਚ ਪੰਜਾਬੀਆਂ ਨੇ ਦੁਨੀਆ ਦੇ ਸਾਹਮਣੇ ਭਾਈਚਾਰਕ ਸਦਭਾਵਨਾ ਦੀਆਂ ਸ਼ਾਨਦਾਰ ਮਿਸਾਲਾਂ ਪੇਸ਼ ਕੀਤੀਆਂ ਹਨ। ਉਨ੍ਹਾਂ ਅੱਗੇ ਕਿਹਾ, ਪਵਿੱਤਰ ਸ਼ਹਿਰ ਅੰਮ੍ਰਿਤਸਰ ਨੂੰ ਸਰਬ-ਸਾਂਝੀਵਾਲਤਾ ਦੇ ਪ੍ਰਤੀਕ ਵਜੋਂ ਜਾਣਿਆ ਜਾਂਦਾ ਹੈ ਅਤੇ ਗੁਰੂਆਂ ਦੀ ਵਰੋਸਾਈ ਇਹ ਧਰਤੀ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਰ, ਭਗਵਾਨ ਵਾਲਮੀਕਿ ਤੀਰਥ ਸਥਲ, ਜਲਿਆਂਵਾਲਾ ਬਾਗ ਅਤੇ ਹੋਰ ਪਵਿੱਤਰ ਸਥਾਨਾਂ ਦਾ ਘਰ ਹੈ। ਉਨ੍ਹਾਂ ਅੱਗੇ ਕਿਹਾ, ਪੰਜਾਬ ਇੱਕ ਵਿਰੋਧੀ ਦੇਸ਼ ਨਾਲ 532 ਕਿਲੋਮੀਟਰ ਲੰਬੀ ਅੰਤਰਰਾਸ਼ਟਰੀ ਸਰਹੱਦ ਸਾਂਝੀ ਕਰਦਾ ਹੈ, ਫਿਰ ਵੀ ਇਹ ਧਰਮ ਨਿਰਪੱਖਤਾ, ਸ਼ਾਂਤੀ ਅਤੇ ਸਦਭਾਵਨਾ ਦਾ ਪੁੰਜ ਬਣਿਆ ਹੋਇਆ ਹੈ।

ਮੁੱਖ ਮੰਤਰੀ ਨੇ ਕਿਹਾ, ਭਾਰਤ ਦੇ ਸਮਾਜਿਕ-ਰਾਜਨੀਤਿਕ ਅਤੇ ਆਰਥਿਕ ਪੱਖਾਂ ਦਾ ਅਧਿਐਨ ਕਰਨ ਲਈ ਪੰਜਾਬ ਵਿੱਚ ਇੱਕ ਹਫ਼ਤੇ ਦਾ ਦੌਰਾ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਰਾਜਾਂ ਦਾ ਦੌਰਾ ਕਰਨ ਅਤੇ ਉਨ੍ਹਾਂ ਦੇ ਸਮਾਜਿਕ, ਰਾਜਨੀਤਿਕ, ਆਰਥਿਕ, ਸੱਭਿਆਚਾਰਕ ਅਤੇ ਧਾਰਮਿਕ ਪਹਿਲੂਆਂ ਬਾਰੇ ਡੂੰਘਾਈ ਨਾਲ ਜਾਣਨ ਦਾ ਮੌਕਾ ਪ੍ਰਦਾਨ ਕਰਨਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਰਾਜ ਪੱਧਰ ਤੋਂ ਪਿੰਡ ਪੱਧਰ ਤੱਕ ਪ੍ਰਸ਼ਾਸਨ, ਸ਼ਾਸਨ ਅਤੇ ਕਾਨੂੰਨ ਵਿਵਸਥਾ ਨੂੰ ਲਾਗੂ ਕਰਨ ਦੀਆਂ ਚੁਣੌਤੀਆਂ 'ਤੇ ਬਿਹਤਰ ਢੰਗ ਨਾਲ ਜਾਣਨ ਜੁਟਾਉਣ ਦੀ ਸਹੂਲਤ ਦਿੰਦਾ ਹੈ। ਉਨ੍ਹਾਂ ਕਿਹਾ, ਵਫ਼ਦ ਵਿੱਚ ਕੁੱਲ 16 ਅਧਿਕਾਰੀ ਹਨ, ਜਿਨ੍ਹਾਂ ਵਿੱਚੋਂ ਵਿਦੇਸ਼ੀ ਅਧਿਕਾਰੀਆਂ ਦੀ ਨੁਮਾਇੰਦਗੀ 31 ਫੀਸਦ ਹੈ, ਕਿਉਂਕਿ 16 ਅਧਿਕਾਰੀਆਂ ਵਿੱਚੋਂ ਪੰਜ ਵਿਦੇਸ਼ਾਂ ਨਾਲ ਸਬੰਧਤ ਹਨ।

ਮੁੱਖ ਮੰਤਰੀ ਨੇ ਕਿਹਾ, ਵਫ਼ਦ ਵਿੱਚ ਬੰਗਲਾਦੇਸ਼, ਮਿਸਰ, ਇੰਡੋਨੇਸ਼ੀਆ, ਮਲੇਸ਼ੀਆ ਅਤੇ ਨੇਪਾਲ ਤੋਂ ਇੱਕ-ਇੱਕ ਅਧਿਕਾਰੀ ਸ਼ਾਮਲ ਹੈ। ਉਨ੍ਹਾਂ ਅੱਗੇ ਕਿਹਾ, 11 ਭਾਰਤੀ ਅਧਿਕਾਰੀ ਹਨ, ਜਿਨ੍ਹਾਂ ਵਿੱਚ ਫੌਜ ਦੇ ਪੰਜ, ਜਲ ਸੈਨਾ ਦੇ ਦੋ, ਹਵਾਈ ਸੈਨਾ ਦੇ ਦੋ, ਏ.ਐਫ.ਐਚ.ਕਿਊ.ਸੀ.ਐਸ. ਦਾ ਇੱਕ ਅਤੇ ਡੀ.ਓ.ਐਲ.ਆਰ. ਦਾ ਇੱਕ ਅਧਿਕਾਰੀ ਸ਼ਾਮਲ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਵਫ਼ਦ ਵਿੱਚ ਫੌਜ, ਜਲ ਸੈਨਾ ਅਤੇ ਹਵਾਈ ਸੈਨਾ ਦੇ ਬ੍ਰਿਗੇਡੀਅਰ ਜਾਂ ਸਕੱਤਰ ਪੱਧਰ ਦੇ ਅਧਿਕਾਰੀ ਦੇ ਨਾਲ-ਨਾਲ ਸਿਵਲ ਅਧਿਕਾਰੀ ਵੀ ਸ਼ਾਮਲ ਹਨ।

ਮੁੱਖ ਮੰਤਰੀ ਨੇ ਕਿਹਾ, ਆਈ.ਏ.ਐਸ., ਆਈ.ਪੀ.ਐਸ., ਆਈ.ਆਰ.ਐਸ., ਆਈ.ਐਫ.ਐਸ., ਕੋਸਟ ਗਾਰਡ ਅਤੇ ਡੀ.ਆਰ.ਡੀ.ਓ. ਸਮੇਤ ਕਈ ਸਿਵਲ ਅਧਿਕਾਰੀ ਇਸ ਮਹੱਤਵਪੂਰਨ ਕੋਰਸ ਦਾ ਹਿੱਸਾ ਹਨ। ਉਨ੍ਹਾਂ ਅੱਗੇ ਕਿਹਾ, ਇਹ ਕੋਰਸ ਭਾਰਤ ਬਾਰੇ ਗਿਆਨ ਅਤੇ ਰਣਨੀਤਕ ਰੁਝਾਨ, ਆਰਥਿਕ ਸੁਰੱਖਿਆ, ਵਿਗਿਆਨ ਅਤੇ ਤਕਨਾਲੋਜੀ, ਵਿਸ਼ਵਵਿਆਪੀ ਮੁੱਦੇ, ਅੰਤਰਰਾਸ਼ਟਰੀ ਸੁਰੱਖਿਆ ਵਾਤਾਵਰਣ, ਗੁਆਂਢੀ ਦੇਸ਼ਾਂ ਦੇ ਰਣਨੀਤਕ ਪਹਿਲੂ ਅਤੇ ਰਾਸ਼ਟਰੀ ਸੁਰੱਖਿਆ ਲਈ ਰਣਨੀਤੀਆਂ ਅਤੇ ਢਾਂਚੇ ਵਰਗੇ ਖੇਤਰਾਂ ਨੂੰ ਕਵਰ ਕਰਦਾ ਹੈ।

ਇਸ ਮੌਕੇ ਭਗਵੰਤ ਸਿੰਘ ਮਾਨ ਨੇ ਦੌਰੇ 'ਤੇ ਆਏ ਵਫ਼ਦ ਦੇ ਮੈਂਬਰਾਂ ਦਾ ਸਨਮਾਨ ਵੀ ਕੀਤਾ ਅਤੇ ਕਿਹਾ, ਮੈਂ ਸੂਬੇ ਵਿੱਚ ਉਨ੍ਹਾਂ ਦੀ ਵਧੀਆ ਤੇ ਆਰਾਮਦਾਇਕ ਠਹਿਰ ਦੀ ਕਾਮਨਾ ਕਰਦਾ ਹਾਂ।

# 'ਗੈਂਗਸਟਰਾਂ 'ਤੇ ਵਾਰ': ਦੋ ਹ਼ਫਤਿਆਂ ਵਿੱਚ 4233 ਵਿਅਕਤੀ 116 ਹਥਿਆਰਾਂ ਸਮੇਤ ਗ੍ਰਿਫ਼ਤਾਰ



**ਚੰਡੀਗੜ੍ਹ, 5 ਫਰਵਰੀ**
**-ਪ੍ਰੈਸ ਕੀ ਤਾਕਤ ਬਿਊਰ**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਦੋ ਹਫ਼ਤੇ ਪਹਿਲਾਂ ਸ਼ੁਰੂ ਕੀਤੀ ਫੈਸਲਾਕੁੰਨ ਮੁਹਿੰਮ 'ਗੈਂਗਸਟਰਾਂ ਤੇ ਵਾਰ' ਤਹਿਤ ਪੰਜਾਬ ਪੁਲਿਸ ਨੇ ਹੁਣ ਤੱਕ ਸੂਬੇ ਭਰ ਵਿੱਚ 14,382 ਥਾਵਾਂ 'ਤੇ ਛਾਪੇਮਾਰੀ ਕਰਕੇ 4,233 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਵਿੱਚ ਗੈਂਗਸਟਰ ਅਤੇ ਉਨ੍ਹਾਂ ਨਾਲ ਜੁੜੇ ਅਪਰਾਧੀ ਸ਼ਾਮਲ ਹਨ ।

ਜਾਣਕਾਰੀ ਅਨੁਸਾਰ, 'ਗੈਂਗਸਟਰਾਂ ਤੇ ਵਾਰ' - ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਇੱਕ ਫੈਸਲਾਕੁੰਨ ਮੁਹਿੰਮ ਹੈ, ਜਿਸਦੀ ਸ਼ੁਰੂਆਤ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੁਆਰਾ 20 ਜਨਵਰੀ, 2026 ਨੂੰ ਕੀਤੀ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ ਟਿਕਾਣਿਆਂ 'ਤੇ ਛਾਪੇਮਾਰੀ ਕਰ ਰਹੀਆਂ ਹਨ।

'ਗੈਂਗਸਟਰਾਂ ਤੇ ਵਾਰ' ਮੁਹਿੰਮ ਦੇ ਹਿੱਸੇ ਵਜੋਂ ਸੋਮਵਾਰ ਨੂੰ ਇੰਸਪੈਕਟਰਾਂ/ਡੀਐਸਪੀਜ਼ ਦੀ ਨਿਗਰਾਨੀ ਹੇਠ ਸੁਚੱਜੇ ਤਾਲਮੇਲ ਵਾਲੇ ਮਜ਼ਬੂਤ ਨਾਕੇ ਲਗਾਏ ਗਏ ਅਤੇ ਰਾਜ ਭਰ ਵਿੱਚ ਵਾਹਨਾਂ ਅਤੇ ਸ਼ੱਕੀ ਲੋਕਾਂ ਦੀ ਵਿਆਪਕ ਜਾਂਚ ਕੀਤੀ ਗਈ।

ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਮੋਹਾਲੀ ਦੇ ਗੋਦਰੇਜ ਚੌਕ 'ਤੇ ਨਾਕੇ ਦਾ ਨਿਰੀਖਣ ਕਰਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪੁਲਿਸ ਟੀਮਾਂ ਨੇ ਗ੍ਰਿਫ਼ਤਾਰ ਵਿਅਕਤੀਆਂ ਦੇ ਕਬਜ਼ੇ ਤੋਂ 116 ਹਥਿਆਰਾਂ ਸਮੇਤ 262 ਜ਼ਿੰਦਾ ਕਾਰਤੂਸ ਅਤੇ 23 ਮੈਗਜ਼ੀਨ ਬਰਾਮਦ ਕੀਤੇ ਹਨ।

ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ, 2,311 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਆਰੰਭੀ ਗਈ ਹੈ, ਜਦਕਿ 4,008 ਵਿਅਕਤੀਆਂ ਨੂੰ ਪੂਰੀ ਤਫ਼ਤੀਸ਼ ਅਤੇ ਪੁੱਛਗਿੱਛ ਪਿੱਛੋਂ ਛੱਡ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਪੁਲਿਸ ਟੀਮਾਂ ਨੇ ਪਿਛਲੇ 14 ਦਿਨਾਂ ਵਿੱਚ 283 ਭਗੌੜੇ ਅਪਰਾਧੀਆਂ (ਪੀ.ਓ.) ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।

ਅੱਜ ਮੁਹਿੰਮ 14ਵੇਂ ਦਿਨ, ਪੁਲਿਸ ਟੀਮਾਂ ਨੇ 613 ਛਾਪੇਮਾਰੀਆਂ ਕਰਨ ਤੋਂ ਬਾਅਦ 172 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ, ਜਦਕਿ 159 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਅਤੇ ਨੌਂ ਭਗੌੜੇ ਅਪਰਾਧੀਆਂ (ਪੀਓ) ਨੂੰ ਗ੍ਰਿਫ਼ਤਾਰ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਲੋਕ ਗੁਪਤ ਰੂਪ ਵਿੱਚ ਲੋੜੀਂਦੇ ਅਪਰਾਧੀਆਂ/ਗੈਂਗਸਟਰਾਂ ਬਾਰੇ ਐਂਟੀ-ਗੈਂਗਸਟਰ ਹੈਲਪਲਾਈਨ ਨੰਬਰ—93946-93946 ਰਾਹੀਂ ਰਿਪੋਰਟ ਕਰ ਸਕਦੇ ਹਨ ਅਤੇ ਕਿਸੇ ਵੀ ਤਰ੍ਹਾਂ ਦੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ/ਜਾਣਕਾਰੀ ਵੀ ਸਾਂਝੀ ਕਰ ਸਕਦੇ ਹਨ।

ਇਸ ਦੌਰਾਨ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਜੰਗ ਜਾਰੀ ਰੱਖਦਿਆਂ ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਦੇ 338ਵੇਂ ਦਿਨ 81 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਚੋਂ 1.3 ਕਿਲੋ ਹੈਰੋਇਨ, 1053 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 1.23 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ । ਇਸ ਤਰ੍ਹਾਂ ਸਿਰਫ 338 ਦਿਨਾਂ ਵਿੱਚ ਗ੍ਰਿਫਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 47,498 ਹੋ ਗਈ ਹੈ । ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ 11 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਗਰੁਪ ਡੀ ਭਰਤੀ 100 ਫੀਸਦੀ ਸੀਈਟੀ ਅੰਕਾਂ 'ਤੇ ਅਧਾਰਿਤ ਹੋਵੇਗੀ

**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਵਿੱਚ ਹੋਈ ਕੈਬਨਿਟ ਦੀ ਮੀਟਿੰਗ ਵਿੱਚ ਹਾਲ ਦੇ ਨਿਆਇਕ ਫੈਸਲਾਂ ਅਨੁਸਾਰ ਹਰਿਆਣਾ ਗਰੁਪ ਡੀ ਕਰਮਚਾਰੀ (ਭਰਤੀ ਅਤੇ ਸੇਵਾ ਸ਼ਰਮਾ) ਐਕਟ, 2018 ਦੀ ਦੂਜੀ ਅਨੁਸੂਚੀ ਵਿੱਚ ਸ਼ੋਧਾਂ ਨੂੰ ਮੰਜ਼ੂਰੀ ਦਿੱਤੀ ਗਈ ਹੈ।

ਖਾਸ ਗੱਲ ਇਹ ਹੈ ਕਿ ਗਰੁਪ ਡੀ ਕਰਮਚਾਰਿਆਂ ਦੇ ਚੌਣ ਵਿੱਚ ਸਮਾਜਿਕ-ਆਰਥਿਕ ਮਾਨਦੰਡਾਂ ਲਈ 5 ਫੀਸਦੀ ਵੇਟੇਜ ਦਾ ਪਹਿਲਾਂ ਦਾ ਪ੍ਰਾਵਧਾਨ ਮਾਣਯੋਗ ਸੁਪਰੀਮ ਕੋਰਟ ਨਾਲ-ਨਾਲ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਬੰਧਿਤ ਮਾਮਲਿਆਂ ਵਿੱਚ ਰੱਦ ਕਰ ਦਿੱਤਾ ਸੀ। ਇਨ੍ਹਾਂ ਫੈਸਲਾਂ ਨੂੰ ਵੇਖਦੇ ਹੋਏ ਅਤੇ ਕਾਨੂੰਨੀ ਨਿਰੰਤਰਤਾ ਯਕੀਨੀ ਕਰਨ ਅਤੇ ਭਵਿੱਖ ਵਿੱਚ ਮੁਕਦਮਾਂ ਤੋਂ ਬਚਣ ਲਈ ਐਕਟ ਦੀ ਦੂਜੀ ਅਨੁਸੂਚੀ ਵਿੱਚ ਸ਼ੋਧ ਕਰਨਾ ਜਰੂਰੀ ਹੋ ਗਿਆ ਸੀਇਸ ਤਰ੍ਹਾਂ ਕੈਬਨਿਟ ਨੇ ਐਕਟ ਦੀ ਧਾਰਾ 26 ਤਹਿਤ ਮੌਜੂਦਾ ਦੂਜੀ ਅਨੁਸੂਚੀ ਨੂੰ ਬਦਲਣ ਦੀ ਮੰਜ਼ੂਰੀ ਦਿੱਤੀ। ਸ਼ੋਧ ਮਾਨਦੰਡ ਹੁਣ ਇਹ ਦੱਸਦਾ ਹੈ ਕਿ ਗਰੁਪ ਡੀ ਅਸਾਮਿਆਂ (ਉਨ੍ਹਾਂ ਅਹੁਦਿਆਂ ਨੂੰ ਛੱਡ ਕੇ ਜਿੱਥੇ ਘੱਟੋਂ ਘੱਟ ਯੋਗਤਾ ਮੈਟ੍ਰਿਕ ਤੋਂ ਘੱਟ ਹੈ) ਤੇ ਚੌਣ ਪੂਰੀ ਤਰ੍ਹਾਂ ਨਾਲ ਸੀਈਟੀ 'ਤੇ ਅਧਾਰਿਤ ਹੋਵੇਗੀ, ਜਿਸ ਵਿੱਚ ਸੀਈਟੀ ਅੰਕਾਂ ਨੂੰ 100 ਫੀਸਦੀ ਵੇਟੇਜ ਦਿੱਤਾ ਜਾਵੇਗਾ।

ਸ਼ੋਧ ਅਨੁਸੂਚੀ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਗਰੁਪ ਡੀ ਅਸਾਮਿਆਂ ਲਈ ਸੀਈਟੀ ਸਿਲੇਬਸ ਵਿੱਚ ਦੋ ਘਟਕ ਹੋਣਗੇ। ਇਨ੍ਹਾਂ ਵਿੱਚ ਜਨਰਲ ਨੋਲੇਜ, ਰਿਜ਼ਨਿੰਗ, ਐਪਟੀਟਯੂਡ, ਅੰਗ੍ਰੇਜੀ, ਹਿੰਦੀ ਅਤੇ ਸਬੰਧਿਤ ਵਿਸ਼ਿਆਂ ਨੂੰ 75 ਫੀਸਦੀ ਵੇਟੇਜ ਅਤੇ ਦੂਜਾ ਹਰਿਆਣਾ ਨਾਲ ਸਬੰਧਿਤ ਵਿਸ਼ਿਆਂ ਜਿਵੇ ਇਤਿਹਾਸ, ਕਰੰਟ ਅਫੇਅਰਸ, ਸਾਹਿਤ, ਭੂਗੋਲ, ਵਾਤਾਵਰਨ ਅਤੇ ਸੰਸਕ੍ਰਿਤੀ ਨੂੰ 25 ਫੀਸਦੀ ਵੇਟੇਜ ਦਿੱਤੀ ਜਾਵੇਗੀ। ਪ੍ਰਸ਼ਨ ਪੱਤਰ ਮੈਟ੍ਰਿਕ ਪੱਧਰ ਦੇ ਮਾਨਕ ਦਾ ਹੀ ਰਵੇਗਾ।ਉਨ੍ਹਾਂ ਉਮੀਦਵਾਰਾਂ ਲਈ ਜਿਨ੍ਹਾਂ ਨੇ 12 ਜਨਵਰੀ, 2024 ਨੂੰ ਗਰੁਪ ਡੀ ਅਹੁਦਿਆਂ ਦੀ ਸੀਈਟੀ ਲਿਖਿਤ ਪਰਿਖਿਆ ਪਹਿਲਾਂ ਹੀ ਪਾਸ ਕਰ ਲਈ ਹੈ, ਜੋ 11 ਜਨਵਰੀ, 2027 ਤੱਕ ਵੈਧ ਹੈ ਅਤੇ ਜੋ ਉਮੀਦਵਾਰ ਭਵਿੱਖ ਵਿੱਚ ਪਾਸ ਕਰਨਗੇ।

# ਹਰਿਆਣਾ ਇੰਟਰਪ੍ਰਾਇਜ ਪ੍ਰਮੋਸ਼ਨ ਰੂਲਸ 2016 ਵਿੱਚ ਸ਼ੋਧ ਨੂੰ ਕੈਬਨਿਟ ਨੇ ਦਿੱਤੀ ਮੰਜ਼ੂਰੀ

**ਚੰਡੀਗੜ੍ਹ, 5 ਫਰਵਰੀ**
**-ਪ੍ਰੈਸ ਕੀ ਤਾਕਤ ਬਿਊਰ**

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਅੱਜ ਇੱਥੇ ਹੋਈ ਹਰਿਆਣਾ ਕੈਬਨਿਟ ਦੀ ਮੀਟਿੰਗ ਵਿੱਚ ਹਰਿਆਣਾ ਇੰਟਰਪ੍ਰਾਇਜ ਪ੍ਰਮੋਸ਼ਨ ਰੂਲਸ 2016 ਵਿੱਚ ਸ਼ੋਧਾਂ ਨੂੰ ਮੰਜ਼ੂਰੀ ਦਿੱਤੀ ਗਈ। ਹੁਣ ਸੰਯੁਕਤ ਨਿਦੇਸ਼ਕ/ਉਪ ਨਿਦੇਸ਼ਕ, ਜ਼ਿਲ੍ਹਾ ਐਮਐਸਐਮਈ ਕੇਂਦਰ ਨੂੰ ਜ਼ਿਲ੍ਹਾ ਪੱਧਰੀ ਕਲੀਏਰੇਂਸ ਕਮੇਟੀ ਦੇ ਮੈਂਬਰ ਵੱਜੋਂ ਸ਼ਾਮਲ ਕੀਤਾ ਗਿਆ ਹੈ।

ਰਾਜ ਸਰਕਾਰ ਨੇ ਹਰਿਆਣਾ ਇੰਟਰਪ੍ਰਾਇਜ ਪ੍ਰਮੋਸ਼ਨ ਰੂਲਸ 2016 ਅਤੇ ਸਬੰਧਿਤ ਨਿਯਮ ਬਣਾਏ ਹਨ, ਤਾਂ ਜੋ ਇੱਕ ਅਜਿਹਾ ਇਕੋਸਿਸਟਮ ਬਣਾਇਆ ਜਾ ਸਕੇ ਤਾਂ ਜੋ ਰਾਜ ਵਿੱਚ ਵਿਆਪਾਰ ਕਰਨ ਵਿੱਚ ਆਸਾਨੀ ਹੋਵੇ। ਨਾਲ ਹੀ ਇਹ ਚੰਗੇ ਮਾਨਕਾਂ ਦੇ ਬਰਾਬਰ ਹੋਵੇ। ਅਜਿਹਾ ਇਸ ਲਈ ਕੀਤਾ ਗਿਆ ਹੈ ਜਿਸ ਨਾਲ ਰਾਜ ਵਿੱਚ ਵਿਆਪਾਰ ਕਰਨ ਵਿੱਚ ਹੋਣ ਵਾਲੀ ਕਿਸੇ ਵੀ ਤਰ੍ਹਾਂ ਦੀ ਦੇਰੀ ਅਤੇ ਲਾਗਤ ਨੂੰ ਘੱਟ ਕੀਤਾ ਜਾ ਸਕੇ।

ਹਰਿਆਣਾ ਇੰਟਰਪ੍ਰਾਇਜ ਪ੍ਰਮੋਸ਼ਨ ਬੋਰਡ ਦਾ ਗਠਨ ਹਰਿਆਣਾ ਇੰਟਰਪ੍ਰਾਇਜ ਪ੍ਰਮੋਸ਼ਨ ਰੂਲਸ 2016 ਦੀ ਧਾਰਾ 3 ਦੇ ਤਹਿਤ ਕੀਤਾ ਗਿਆ ਹੈ। ਸਸ਼ਕਤ ਕਾਰਜਕਾਰੀ ਕਮੇਟੀ ਦਾ ਗਠਨ ਉਕਤ ਐਕਟ ਦੀ ਧਾਰਾ 4 ਦੇ ਤਹਿਤ ਕੀਤਾ ਗਿਆ ਹੈ ਅਤੇ ਉਕਤ ਐਕਟ ਦੀ ਧਾਰਾ 8 ਦੇ ਪ੍ਰਾਵਧਾਨਾਂ ਅਨੁਸਾਰ ਰਾਜ ਦੇ ਹਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਪੱਧਰੀ ਕਲੀਏਰੇਂਸ ਕਮੇਟੀ ਦਾ ਗਠਨ ਕੀਤਾ ਗਿਆ ਹੈ।

ਧਿਆਨ ਦੇਣ ਯੋਗ ਹੈ ਕਿ ਸੂਖਮ, ਛੋਟੇ ਅਤੇ ਮੱਧ ਉੱਦਮ ਵਿਭਾਗ ਦਾ ਗਠਨ ਐਮਐਸਐਮਈ ਅਤੇ ਛੋਟੇ ਵਪਾਰਾਂ ਨੂੰ ਸਰਗਰਮ ਰੂਪ ਨਾਲ ਸਮਰਥਨ, ਸਲਾਹ ਅਤੇ ਸਹੂਲਤ ਪ੍ਰਦਾਨ ਕਰਨ ਲਈ ਕੀਤਾ ਗਿਆ ਹੈ ਤਾਂ ਜੋ ਉੱਦਮਤਾ ਨਾਲ ਸਬੰਧਿਤ ਘਾਟ ਨੂੰ ਦੂਰ ਕੀਤਾ ਜਾ ਸਕੇ, ਉਨ੍ਹਾਂ ਦੀ ਵਿਆਪਾਰਕ ਚੁਣੌਤਿਆਂ ਦਾ ਹੱਲ ਕੀਤਾ ਜਾ ਸਕੇ। ਨਾਲ ਹੀ ਸ਼ਿਕਾਇਤਾਂ ਦਾ ਤੇਜੀ ਨਾਲ ਹੱਲ ਯਕੀਨੀ ਕੀਤਾ ਜਾ ਸਕੇ ਅਤੇ ਤਰਕਸੰਗਤ ਨੀਤੀ ਨਿਰਮਾਣ ਨੂੰ ਵਧਾਵਾ ਦਿੱਤਾ ਜਾ ਸਕੇ।

ਰਾਜ ਦੇ ਹਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਐਮਐਸਐਮਈ ਕੇਂਦਰ ਕੰਮ ਕਰ ਰਹੇ ਹਨ। ਐਮਐਸਐਮਈ ਵਿਭਾਗ ਦੀ ਕਈ ਯੋਜਨਾਵਾਂ ਨੂੰ ਵੀ ਡੀਐਲਸੀਸੀ ਵੱਲੋਂ ਸਮੇ-ਸਮੇ 'ਤੇ ਮੰਜ਼ੂਰੀ ਦਿੱਤੀ ਜਾਂਦੀ ਹੈ।

# ਹਰਿਆਣਾ ਕੈਬਨਿਟ ਨੇ ਮੌਜੂਦਾ ਐਮਐਸਐਮਈ ਅਤੇ ਅਨਾਧਿਕ੍ਰਿਤ ਉਦਯੋਗਿਕ ਕਲਸਟਰਸ ਨੂੰ ਲਾਭ ਪਹੁੰਚਾਉਣ ਲਈ ਐਚਈਈਪੀ-2020 ਵਿੱਚ ਸ਼ੋਧਾਂ ਨੂੰ ਦਿੱਤੀ ਮੰਜ਼ੂਰੀ

**ਚੰਡੀਗੜ੍ਹ, 5 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਅੱਜ ਇੱਥੇ ਹੋਈ ਕੈਬਨਿਟ ਦੀ ਮੀਟਿੰਗ ਵਿੱਚ ਹਰਿਆਣਾ ਉੱਦਮ ਅਤੇ ਰੁਜਗਾਰ ਨੀਤੀ-2020 ਅਤੇ ਇਸ ਨਾਲ ਸਬੰਧਿਤ 16 ਪ੍ਰੋਤਸਾਹਨ ਯੋਜਨਾਵਾਂ ਵਿੱਚ ਮਹਤੱਵਪੂਰਨ ਸ਼ੋਧਾਂ ਨੂੰ ਮੰਜ਼ੂਰੀ ਦਿੱਤੀ ਗਈ। ਇਹ ਫੈਸਲਾ ਰਾਜ ਵਿੱਚ ਕੰਮ ਕਰ ਰਹੇ ਮੌਜੂਦਾ ਸੁੱਖਮ, ਛੋਟੇ ਅਤੇ ਮੱਧ ਉੱਦਮਾਂ ਨੂੰ ਸਹੂਲਤ ਪ੍ਰਦਾਨ ਕਰਨ ਦੀ ਦਿਸ਼ਾ ਵਿੱਚ ਇੱਕ ਮਹਤੱਵਪੂਰਨ ਕਦਮ ਹੈ। ਇਹ ਫੈਸਲਾ ਮੁੱਖ ਮੰਤਰੀ ਵੱਲੋਂ ਬਜਟ 2025-26 ਵਿੱਚ ਕੀਤੇ ਗਏ ਐਲਾਨ ਦੇ ਅਨੁਸਾਰ ਹੈ ਅਤੇ ਇਸ ਦਾ ਉਦੇਸ਼ ਨੋਟੀਫਾਇਡ ਉਦਯੋਗਿਕ ਖੇਤਰਾਂ ਤੋਂ ਬਾਹਰ ਸੰਚਾਲਿਤ ਉਦਯੋਗਿਕ ਇਕਾਈਆਂ ਨੂੰ ਲੰਮੇ ਸਮੇ ਤੋਂ ਚਲੀ ਆ ਰਹੀ ਵਿਵਹਾਰਿਕ ਚੁਣੌਤਿਆਂ ਦਾ ਹੱਲ ਕਰਨਾ ਹੈ।ਕੈਬਨਿਟ ਨੇ ਨਿਰਧਾਰਿਤ ਸ਼ਰਤਾਂ ਨੂੰ ਪੂਰਾ ਕਰਨ ਵਾਲੀ ਮੌਜੂਦਾ ਉਦਯੋਗਿਕ ਇਕਾਇਆਂ ਲਈ ਭੂਮਿ ਉਪਯੋਗ ਬਦਲਾਵ / ਐਨਓਸੀ ਤੋਂ ਛੋਟ ਦੇ ਪ੍ਰਾਵਧਾਨ ਨੂੰ ਮੰਜ਼ੂਰੀ ਦਿੱਤੀ ਹੈ। ਇਸ ਵਿਵਸਥਾ ਤਹਿਤ ਘੱਟ ਤੋਂ ਘੱਟ 50 ਉਦਮੀ, ਜਿਨ੍ਹਾਂ ਦੀ ਉਦਯੋਗਿਕ ਇਕਾਇਆਂ ਘੱਟੋ ਘੱਟ 10 ਏਕੜ ਦੀ ਸੱਤਤ ਭੂਮਿ 'ਤੇ ਸਥਿਤ ਹੈ।

ਇੱਕ ਨਿਰਦਿਸ਼ਟ ਸਰਕਾਰੀ ਪੋਰਟਲ ਰਾਹੀਂ ਸਾਮੂਹਿਕ ਤੂਰ ਨਾਲ ਨਿਯਮਤੀਕਰਨ ਲਈ ਅਪਲਾਈ ਕਰ ਸਕਣਗੇ। ਅਜਿਹੀ ਇਕਾਇਆਂ ਨੇ 1 ਜਨਵਰੀ,2021 ਤੋਂ ਪਹਿਲਾਂ ਵਣਜ ਉਤਪਾਦਨ ਸ਼ੁਰੂ ਕੀਤਾ ਹੋਣਾ ਚਾਹੀਦਾ ਹੈ। ਅਰਜੀ 'ਤੇ ਅੰਤਮ ਫੈਸਲਾ ਹੋਣ ਤੱਕ, ਇਨ੍ਹਾਂ ਇਕਾਇਆਂ ਨੂੰ ਵੱਖ ਵੱਖ ਸਰਕਾਰੀ ਯੋਜਨਾਵਾ ਦੇ ਲਾਭ ਪ੍ਰਾਪਤ ਕਰਨ ਦੇ ਉਦੇਸ਼ ਨਾਲ ਅਸਥਾਈ ਤੌਰ ਨਾਲ ਨਿਯਮਤ ਮੰਨ੍ਹਿਆਂ ਜਾਵੇਗਾ।ਕੈਬਨਿਟ ਨੇ ਐਚਈਈਪੀ-2020 ਦੀ ਧਾਰਾ 14.14 ਵਿੱਚ ਵੀ ਸ਼ੋਧ ਨੂੰ ਮੰਜ਼ੂਰੀ ਦਿੱਤੀ ਹੈ ਜਿਸ ਦੇ ਤਹਿਤ ਹਰਿਆਣਾ ਗ੍ਰਾਮੀਣ ਉਦਯੋਗਿਕ ਵਿਕਾਸ ਯੋਜਨਾ ਤਹਿਤ ਸੰਚਾਲਿਤ ਗ੍ਰਾਮੀਣ ਸੁਖਮ ਉੱਦਮਾਂ ਦੇ ਇਲਾਵਾ ਯੋਗ ਮੌਜੂਦਾ ਐਮਐਸਐਮਈ ਕਲਸਟਰਸ ਨੂੰ ਵੀ ਸਪਸ਼ਟ ਤੌਰ ਨਾਲ ਸੀਐਲਯੂ/ ਐਨਓਸੀ ਛੋਟ ਦਾ ਲਾਭ ਪ੍ਰਦਾਨ ਕੀਤਾ ਜਾ ਸਕੇਗਾ।ਇਸ ਦੇ ਇਲਾਵਾ, ਕੈਬਨਿਟ ਨੇ ਮੌਜੂਦਾ ਐਮਐਸਐਮਈ ਲਈ ਜਰੂਰੀ ਸੀਐਲਯੂ/ਐਨਓਸੀ ਦੀ ਸ਼ਰਤ ਨੂੰ ਖਤਮ ਕਰਨ ਦੇ ਉਦੇਸ਼ ਨਾਲ ਐਚਈਈਪੀ-2020 ਦੇ ਤਹਿਤ ਸੰਚਾਲਿਤ 16 ਪ੍ਰਮੁੱਖ ਪ੍ਰੋਤਸਾਹਨ ਯੋਜਨਾਵਾਂ ਵਿੱਚ ਲੋੜਵੰਦ ਸ਼ੋਧਾਂ ਨੂੰ ਵੀ ਮੰਜ਼ੂਰੀ ਦਿੱਤੀ ਹੈ।

## ਮੀਡੀਆ ਦੀ ਸੱਚਾਈ ਤੋਂ ਡਰੀ ਪੰਜਾਬ ਦੀ 'ਆਪ' ਸਰਕਾਰ, ਲੋਕਤੰਤਰ ਦੇ ਚੌਥੇ ਥੰਮਹ ਨੂੰ ਤਬਾਹ ਕਰਨ ਦੀ ਕੋਸ਼ਿਸ਼: ਰਜਿੰਦਰ ਰਾਣਾ

ਜਲੰਧਰ/ਸ਼ਿਮਲਾ–5 ਫਰਵਰੀ, ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ 'ਪੰਜਾਬ ਕੇਸਰੀ' ਦੇ ਦਫ਼ਤਰਾਂ 'ਤੇ ਕਰਵਾਈ ਗਈ ਜੀ.ਐਸ.ਟੀ.ਰੇਡ ਨੂੰ ਲੈ ਕੇ ਸਿਆਸੀ ਹੰਗਾਮਾ ਤੇਜ਼ ਹੋ ਗਿਆ ਹੈ। ਹਿਮਾਚਲ ਦੇ ਸੀਨੀਅਰ ਆਗੂ ਰਜਿੰਦਰ ਰਾਣਾ ਨੇ ਟਵੀਟ ਕਰਕੇ ਪੰਜਾਬ ਸਰਕਾਰ ਦੀ ਇਸ ਕਾਰਵਾਈ ਦੀ ਸਖ਼ਤ ਨਿੰਦਾ ਕੀਤੀ ਹੈ ਅਤੇ ਇਸ ਨੂੰ ਮੀਡੀਆ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕਰਾਰ ਦਿੱਤਾ ਹੈ।



ਰਜਿੰਦਰ ਰਾਣਾ ਨੇ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਨੇ ਅਖ਼ਬਾਰ ਦੇ ਦਫ਼ਤਰ ਵਿੱਚ ਰੇਡ ਪਵਾ ਕੇ ਲੋਕਤੰਤਰ ਦੇ ਚੌਥੇ ਸਤੰਭ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਦੀ ਇਹ ਬੌਖਲਾਹਟ ਸਾਫ਼ ਦਰਸਾਉਂਦੀ ਹੈ ਕਿ ਉਨ੍ਹਾਂ ਨੂੰ ਮੀਡੀਆ ਵੱਲੋਂ ਦਿਖਾਈ ਜਾ ਰਹੀ ਸੱਚਾਈ ਤੋਂ ਖ਼ਤਰਾ ਮਹਿਸੂਸ ਹੋ ਰਿਹਾ ਹੈ। ਆਪਣੇ ਬਿਆਨ ਵਿੱਚ ਰਾਣਾ ਨੇ ਅਖ਼ਬਾਰ ਦੀ ਦਲੇਰੀ ਦਾ ਜ਼ਿਕਰ ਕਰਦਿਆਂ ਕਿਹਾ ਕਿ 'ਪੰਜਾਬ ਕੇਸਰੀ' ਉਹ ਅਖ਼ਬਾਰ ਹੈ ਜੋ ਅੱਤਵਾਦ ਦੇ ਦੌਰ ਵਿੱਚ ਅੱਤਵਾਦੀਆਂ ਤੋਂ ਵੀ ਨਹੀਂ ਡਰਿਆ, ਤਾਂ ਫਿਰ ਉਹ ਆਮ ਆਦਮੀ ਪਾਰਟੀ ਦੀਆਂ ਅਜਿਹੀਆਂ ਕਾਰਵਾਈਆਂ ਤੋਂ ਭਲਾ ਕੀ ਡਰੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਅਜਿਹੇ ਹਥਕੰਡਿਆਂ ਨਾਲ ਪ੍ਰੈੱਸ ਦੀ ਆਜ਼ਾਦੀ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ।

## PM ਮੋਦੀ 'ਤੇ ਹੋ ਸਕਦਾ ਸੀ 'ਹਮਲਾ' ! ਸਪੀਕਰ ਓਮ ਬਿਰਲਾ ਦਾ ਵੱਡਾ ਦਾਅਵਾ

ਨਵੀਂ ਦਿੱਲੀ: 5 ਫਰਵਰੀ, ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਇੱਕ ਬੇਹੱਦ ਹੈਰਾਨ ਕਰਨ ਵਾਲਾ ਦਾਅਵਾ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਨੇ ਖੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਦਨ ਵਿੱਚ ਆਉਣ ਤੋਂ ਮਨ੍ਹਾ ਕੀਤਾ ਸੀ। ਸਪੀਕਰ ਮੁਤਾਬਕ ਕਾਂਗਰਸ ਦੇ ਸੰਸਦ ਮੈਂਬਰ ਪ੍ਰਧਾਨ ਮੰਤਰੀ 'ਤੇ ਸਰੀਰਕ ਹਮਲਾ ਕਰ ਸਕਦੇ ਸਨ, ਜਿਸ ਕਾਰਨ ਸੁਰੱਖਿਆ ਦੇ ਮੱਦੇਨਜ਼ਰ ਇਹ ਕਦਮ ਚੁੱਕਿਆ ਗਿਆ। ਇਸ ਹੰਗਾਮੇ ਦੇ ਚਲਦਿਆਂ ਲੋਕ ਸਭਾ ਦੀ ਕਾਰਵਾਈ ਸ਼ੁੱਕਰਵਾਰ ਤੱਕ ਲਈ ਮੁਲਤਵੀ ਕਰ ਦਿੱਤੀ ਗਈ ਹੈ।

ਲੋਕ ਸਭਾ ਦੇ ਇਤਿਹਾਸ 'ਤੇ 'ਕਾਲਾ ਧੱਬਾ'

ਸਪੀਕਰ ਓਮ ਬਿਰਲਾ ਨੇ ਸਦਨ ਵਿੱਚ ਵਿਰੋਧੀ ਧਿਰ ਦੇ ਕੁਝ ਸੰਸਦ ਮੈਂਬਰਾਂ ਦੇ ਵਿਵਹਾਰ ਨੂੰ ਲੋਕ ਸਭਾ ਦੇ ਇਤਿਹਾਸ ਵਿੱਚ ਇੱਕ 'ਕਾਲਾ ਧੱਬਾ' ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬੁੱਧਵਾਰ ਨੂੰ ਜੋ ਕੁਝ ਹੋਇਆ ਉਹ ਬੇਹੱਦ ਅਣਕਿਆਸਿਆ ਸੀ। ਸਪੀਕਰ ਅਨੁਸਾਰ ਕਾਂਗਰਸੀ ਸੰਸਦ ਮੈਂਬਰ ਪ੍ਰਧਾਨ ਮੰਤਰੀ ਖਿਲਾਫ ਕੁਝ ਗਲਤ ਕਰਨ ਦੀ ਯੋਜਨਾ ਬਣਾ ਰਹੇ ਸਨ, ਜਿਸ ਕਾਰਨ ਰਾਸ਼ਟਰਪਤੀ ਦੇ ਭਾਸ਼ਣ 'ਤੇ ਪ੍ਰਧਾਨ ਮੰਤਰੀ ਦੇ ਜਵਾਬੀ ਭਾਸ਼ਣ ਨੂੰ ਟਾਲ ਦਿੱਤਾ ਗਿਆ ਅਤੇ ਉਨ੍ਹਾਂ ਦੀ ਗੈਰ-ਹਾਜ਼ਰੀ ਵਿੱਚ ਹੀ ਧੰਨਵਾਦ ਮਤਾ ਪਾਸ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਸਾਲ 2004 ਤੋਂ ਬਾਅਦ ਇਹ ਪਹਿਲੀ ਵਾਰ ਹੋਇਆ ਹੈ ਜਦੋਂ ਪ੍ਰਧਾਨ ਮੰਤਰੀ ਦੇ ਜਵਾਬ ਤੋਂ ਬਿਨਾਂ ਹੀ ਇਹ ਮਤਾ ਮਨਜ਼ੂਰ ਕੀਤਾ ਗਿਆ ਹੋਵੇ।



ਭਾਜਪਾ ਨੇ ਸਪੀਕਰ ਦਾ ਕੀਤਾ ਧੰਨਵਾਦ ਭਾਜਪਾ ਸੰਸਦ ਮੈਂਬਰ ਅਪਰਾਜਿਤਾ ਸਾਰੰਗੀ ਨੇ ਇਸ ਦਾਅਵੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਦੀ ਸੁਰੱਖਿਆ ਖ਼ਤਰੇ ਵਿੱਚ ਸੀ ਅਤੇ ਉਹ ਸਪੀਕਰ ਦੇ ਸ਼ੁਕਰਗੁਜ਼ਾਰ ਹਨ ਕਿ ਉਨ੍ਹਾਂ ਨੇ ਪੀ.ਐਮ. ਮੋਦੀ ਨੂੰ ਸਦਨ ਵਿੱਚ ਆਉਣ ਤੋਂ ਰੋਕ ਲਿਆ। ਸਾਬਕਾ ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਵੀ ਇਸ ਘਟਨਾ 'ਤੇ ਦੁੱਖ ਪ੍ਰਗਟਾਉਂਦੇ ਹੋਏ ਸਵਾਲ ਕੀਤਾ ਕਿ ਕੀ ਵਿਰੋਧੀ ਧਿਰ ਪ੍ਰਧਾਨ ਮੰਤਰੀ ਦਾ ਰਸਤਾ ਰੋਕਣਾ ਚਾਹੁੰਦੀ ਹੈ?

ਪ੍ਰਿਅੰਕਾ ਗਾਂਧੀ ਦਾ ਪਲਟਵਾਰ

ਦੂਜੇ ਪਾਸੇ ਕਾਂਗਰਸ ਨੇਤਾ ਪ੍ਰਿਅੰਕਾ ਗਾਂਧੀ ਨੇ ਇਨ੍ਹਾਂ ਦਾਅਵਿਆਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ ਅਜਿਹੀਆਂ ਗੱਲਾਂ ਗਲਤ ਹਨ। ਉਨ੍ਹਾਂ ਸਵਾਲ ਚੁੱਕਿਆ ਕਿ ਜੇਕਰ ਤਿੰਨ ਮਹਿਲਾ ਸੰਸਦ ਮੈਂਬਰ ਪ੍ਰਧਾਨ ਮੰਤਰੀ ਦੇ ਕੋਲ ਜਾ ਕੇ ਖੜ੍ਹੀਆਂ ਹੋ ਗਈਆਂ, ਤਾਂ ਉਨ੍ਹਾਂ ਨੂੰ ਖ਼ਤਰਾ ਕਿਵੇਂ ਹੋ ਗਿਆ? ਉਨ੍ਹਾਂ ਮੀਡੀਆ ਨੂੰ ਕਿਹਾ ਕਿ ਸਰਕਾਰ ਤੋਂ ਇਹ ਸਵਾਲ ਪੁੱਛਿਆ ਜਾਣਾ ਚਾਹੀਦਾ ਹੈ ਕਿ ਨੇਤਾ ਵਿਰੋਧੀ ਧਿਰ ਰਾਹੁਲ ਗਾਂਧੀ ਨੂੰ ਸਦਨ ਵਿੱਚ ਬੋਲਣ ਤੋਂ ਕਿਉਂ ਰੋਕਿਆ ਗਿਆ। ਰਾਹੁਲ ਗਾਂਧੀ ਨੇ ਵੀ ਸਪੀਕਰ ਨੂੰ ਚਿੱਠੀ ਲਿਖ ਕੇ ਉਨ੍ਹਾਂ ਨੂੰ ਬੋਲਣ ਤੋਂ ਰੋਕਣ ਦੇ ਫੈਸਲੇ ਨੂੰ ਲੋਕਤੰਤਰ 'ਤੇ ਕਲੰਕ ਦੱਸਿਆ ਹੈ।

## ISRO ਦੀ ਚਿਤਾਵਨੀ, ਰੇਡੀਓ ਤੇ GPS ਹੋ ਸਕਦੇ ਨੇ ਠੱਪ ! ਸੂਰਜੀ ਤੂਫ਼ਾਨ ਕਾਰਨ 50 ਭਾਰਤੀ ਸੈਟੇਲਾਈਟਾਂ ਨੂੰ ਖ਼ਤਰਾ

ਨਵੀਂ ਦਿੱਲੀ: 5 ਫਰਵਰੀ, ਭਾਰਤੀ ਪੁਲਾੜ ਖੋਜ ਸੰਗਠਨ ਨੇ ਸੂਰਜ ਤੋਂ ਨਿਕਲਣ ਵਾਲੀਆਂ ਸ਼ਕਤੀਸ਼ਾਲੀ ਸੂਰਜੀ ਲਹਿਰਾਂ ਨੂੰ ਲੈ ਕੇ ਇੱਕ ਗੰਭੀਰ ਚਿਤਾਵਨੀ ਜਾਰੀ ਕੀਤੀ ਹੈ। ਰਿਪੋਰਟਾਂ ਅਨੁਸਾਰ, 1 ਫਰਵਰੀ 2026 ਨੂੰ ਸੂਰਜ ਤੋਂ ✓8.1 ਕਲਾਸ ਦਾ ਇੱਕ ਬਹੁਤ ਹੀ ਤੇਜ਼ ਫਲੇਅਰ ਨਿਕਲਿਆ ਹੈ, ਜਿਸ ਨੂੰ ਪਿਛਲੇ ਕਈ ਦਹਾਕਿਆਂ ਵਿੱਚ ਸਭ ਤੋਂ ਸ਼ਕਤੀਸ਼ਾਲੀ ਮੰਨਿਆ ਜਾ ਰਿਹਾ ਹੈ।

50 ਤੋਂ ਵੱਧ ਸੈਟੇਲਾਈਟਾਂ 'ਤੇ ਮੰਡਰਾ ਰਿਹਾ ਖ਼ਤਰਾ

ਇਸਰੋ ਅਨੁਸਾਰ, ਇਸ ਸੂਰਜੀ ਗਤੀਵਿਧੀ ਕਾਰਨ ਭਾਰਤ ਦੇ 50 ਤੋਂ ਵੱਧ ਸੈਟੇਲਾਈਟਾਂ 'ਤੇ ਮਾੜਾ ਅਸਰ ਪੈ ਸਕਦਾ ਹੈ। ਹਾਲਾਂਕਿ ਪਹਿਲਾਂ ਅਜਿਹੇ ਵਿਸਫੋਟਾਂ ਨਾਲ ਸੈਟੇਲਾਈਟਾਂ ਦੀ ਜਮਾਤ ਵਿੱਚ ਹਲਕੀ ਗਿਰਾਵਟ ਦੇਖੀ ਗਈ ਸੀ, ਪਰ ਇਸ ਵਾਰ ਖ਼ਤਰਾ ਵੱਡਾ ਹੋ ਸਕਦਾ ਹੈ। ਇਸਰੋ ਵੱਲੋਂ ਇਨ੍ਹਾਂ ਸੈਟੇਲਾਈਟਾਂ ਦੀ ਸੁਰੱਖਿਆ ਲਈ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ।

ਰੇਡੀਓ ਅਤੇ ਜੀਪੀਐਸ ਸਿਸਟਮ ਹੋ ਸਕਦੇ ਨੇ ਪ੍ਰਭਾਵਿਤ

ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਇਨ੍ਹਾਂ ਸ਼ਕਤੀਸ਼ਾਲੀ ਲਹਿਰਾਂ ਕਾਰਨ ਰੇਡੀਓ ਬਲੈਕਆਊਟ ਹੋ ਸਕਦਾ ਹੈ। ਇਸ ਤੋਂ ਇਲਾਵਾ:

ਜੀਪੀਐਸ ਅਤੇ ਨੈਵੀਗੇਸ਼ਨ ਸਿਸਟਮ ਦੀ ਸ਼ੁੱਧਤਾ ਘਟ ਸਕਦੀ ਹੈ, ਜਿਸ ਦਾ ਅਸਰ ਹਵਾਬਾਜ਼ੀ ਖੇਤਰ ਅਤੇ ਸਮੁੰਦਰੀ ਕਿਸ਼ਤੀਆਂ 'ਤੇ ਪੈ ਸਕਦਾ ਹੈ। ਉੱਚ ਫਰੀਕੁਐਂਸੀ ਵਾਲੇ ਰੇਡੀਓ ਸਿਗਨਲ ਵੀ ਪ੍ਰਭਾਵਿਤ ਹੋ ਸਕਦੇ ਹਨ। ਪਰ ਰਾਹਤ ਦੀ ਗੱਲ ਇਹ ਹੈ ਕਿ ਪਾਵਰ ਗ੍ਰਿਡ ਅਤੇ ਰੋਜ਼ਾਨਾ ਵਰਤੋਂ ਵਾਲੇ ਇਲੈਕਟ?ਰਾਨਿਕ ਉਪਕਰਨਾਂ 'ਤੇ ਇਸ ਦਾ ਕੋਈ ਸਿੱਧਾ ਖ਼ਤਰਾ ਨਹੀਂ ਹੈ।



ਕੀ ਹੁੰਦਾ ਹੈ ਸੋਲਰ ਫਲੇਅਰ?

ਸੋਲਰ ਫਲੇਅਰ ਸੂਰਜ ਦੀ ਸਤ?ਹਾ 'ਤੇ ਹੋਣ ਵਾਲਾ ਊਰਜਾ ਦਾ ਇੱਕ ਅਚਾਨਕ ਧਮਾਕਾ ਹੈ, ਜੋ ਸੂਰਜ ਦੇ ਕਾਲੇ ਧੱਬਿਆਂ ਵਿੱਚ ਚੁੰਬਕੀ ਖੇਤਰ ਦੇ ਟੁੱਟਣ ਕਾਰਨ ਹੁੰਦਾ ਹੈ। ਵਰਤਮਾਨ ਵਿੱਚ ਸੂਰਜ ਆਪਣੇ 'ਸੋਲਰ ਮੈਕਸੀਮਮ' ਪੜਾਅ ਵਿੱਚ ਹੈ, ਜਿਸ ਕਾਰਨ ਅਜਿਹੇ ਵਿਸਫੋਟ ਜ਼ਿਆਦਾ ਹੋ ਰਹੇ ਹਨ।

ਆਦਿਤਿਆ LA ਨਿਭਾ ਰਿਹਾ ਹੈ ਅਹਿਮ ਭੂਮਿਕਾ

ਭਾਰਤ ਦਾ ਆਦਿਤਿਆ ਮਿਸ਼ਨ ਲਗਾਤਾਰ ਸੂਰਜ ਅਤੇ ਪੁਲਾੜ ਦੇ ਮੌਸਮ 'ਤੇ ਨਜ਼ਰ ਰੱਖ ਰਿਹਾ ਹੈ। ਇਹ ਮਿਸ਼ਨ ਸੂਰਜੀ ਲਹਿਰਾਂ ਦੀ ਪਹਿਲਾਂ ਤੋਂ ਭਵਿੱਖਬਾਣੀ ਕਰਨ ਅਤੇ ਭਾਰਤੀ ਸੈਟੇਲਾਈਟਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦਗਾਰ ਸਾਬਤ ਹੋ ਰਿਹਾ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਜਦੋਂ ਤੱਕ ਸੂਰਜ ਦਾ ਸਰਗਰਮ ਖੇਤਰ ਧਰਤੀ ਵੱਲ ਮੁੜਿਆ ਹੋਇਆ ਹੈ, ਉਦੋਂ ਤੱਕ ਹੋਰ ਫਲੇਅਰਾਂ ਦੀ ਸੰਭਾਵਨਾ ਬਣੀ ਰਹੇਗੀ।

## GST ਟੀਮ ਦੀ ਕਾਰਵਾਈ ਮੀਡੀਆ ਦੀ ਆਜ਼ਾਦੀ 'ਤੇ ਸਿੱਧਾ ਹਮਲਾ : ਰਾਓ

ਵੈੱਬ ਡੈਸਕ :5 ਫਰਵਰੀ, ਹਰਿਆਣਾ ਕਾਂਗਰਸ ਦੇ ਪ੍ਰਧਾਨ ਰਾਓ ਨਰਿੰਦਰ ਸਿੰਘ ਨੇ ਲੁਧਿਆਣਾ ਅਤੇ ਜਲੰਧਰ ਵਿੱਚ 'ਪੰਜਾਬ ਕੇਸਰੀ' ਦੇ ਦਫ਼ਤਰਾਂ 'ਤੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕਰਵਾਈ ਗਈ ਜੀਐੱਸਟੀ (GST) ਛਾਪੇਮਾਰੀ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਨੇ ਇਸ ਕਾਰਵਾਈ ਨੂੰ ਮੀਡੀਆ ਨੂੰ ਡਰਾਉਣ-ਧਮਕਾਉਣ ਦੀ ਇੱਕ ਸਪੱਸ਼ਟ ਕੋਸ਼ਿਸ਼ ਅਤੇ ਪ੍ਰੈੱਸ ਦੀ ਆਜ਼ਾਦੀ 'ਤੇ ਸਿੱਧਾ ਹਮਲਾ ਕਰਾਰ ਦਿੱਤਾ ਹੈ।



ਆਪਣੇ ਬਿਆਨ ਵਿੱਚ ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਆਪਣੀਆਂ ਨਾਕਾਮੀਆਂ ਨੂੰ ਸੁਧਾਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਅਨੁਸਾਰ, ਸਰਕਾਰ ਨੂੰ ਸੱਚ ਦਿਖਾਉਣ ਵਾਲੇ ਸੰਦੇਸ਼ਵਾਹਕਾਂ (ਮੀਡੀਆ) ਨੂੰ ਨਿਸ਼ਾਨਾ ਬਣਾਉਣ ਦੀ ਬਜਾਏ ਆਪਣੀ ਕਾਰਗੁਜ਼ਾਰੀ ਵਿੱਚ ਸੁਧਾਰ ਕਰਨਾ ਚਾਹੀਦਾ ਹੈ।

## 2 ਲੱਖ ਲਈ ਲਿਖ'ਤਾ 'ਖਾਲਿਸਤਾਨ ਜ਼ਿੰਦਾਬਾਦ , ਪੁਲਸ ਨੇ 2 ਮੁਲਜ਼ਮ ਕੀਤੇ ਕਾਬੂ

ਨਵੀਂ ਦਿੱਲੀ- 5 ਫਰਵਰੀ, ਦਿੱਲੀ ਪੁਲਸ ਨੇ ਗਣਤੰਤਰ ਦਿਵਸ ਤੋਂ ਪਹਿਲਾਂ ਦਿੱਲੀ 'ਚ 2 ਥਾਵਾਂ 'ਤੇ ਖਾਲਿਸਤਾਨ ਸਮਰਥਿਤ ਨਾਅਰੇ ਲਿਖਣ ਦੇ ਦੋਸ਼ 'ਚ ਸਿੱਖ ਫਾਰ ਜਸਟਿਸ (ਐੱਸਐੱਫਜੇ) ਨਾਲ ਜੁੜੇ 2 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਕ ਅਧਿਕਾਰੀ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਦੋਸ਼ੀਆਂ ਦੀ ਪਛਾਣ ਦਿੱਲੀ ਦੇ ਐਂਬੂਲੈਂਸ ਚਾਲਕ ਬਲਜਿੰਦਰ ਅਤੇ ਉਸ ਦੇ ਸਾਥੀ ਰੋਹਿਤ ਉਰਫ਼ ਕੀਰਥ ਵਜੋਂ ਹੋਈ ਹੈ। ਪੁਲਸ ਅਨੁਸਾਰ, ਦੋਵਾਂ ਨੇ ਕੈਨੇਡਾ ਸਥਿਤ ਐੱਸਐੱਫਜੇ ਮੁਖੀ ਗੁਰਪਤਵੰਤ ਸਿੰਘ ਪੰਨੂ ਦੇ ਇਸ਼ਾਰੇ 'ਤੇ ਕੰਮ ਕੀਤਾ। ਫਿਰਕੂ ਸਦਭਾਵਨਾ ਨੂੰ ਵਿਗਾੜਨ ਅਤੇ ਸ਼ਹਿਰ 'ਚ ਅਸ਼ਾਂਤੀ ਫੈਲਾਉਣ ਦੇ ਮਕਸਦ ਨਾਲ ਜਨਤਕ ਥਾਵਾਂ 'ਤੇ ਨਾਅਰੇ ਲਿਖਣ ਲਈ 2 ਲੱਖ ਰੁਪਏ ਦੇਣ ਦਾ ਵਾਅਦਾ ਕੀਤਾ ਸੀ। ਪੁਲਸ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ,"ਦੋਸ਼ੀਆਂ ਨੇ ਗਣਤੰਤਰ ਦਿਵਸ ਤੋਂ ਠੀਕ ਪਹਿਲਾਂ ਦਿੱਲੀ 'ਚ 2 ਵੱਖ-ਵੱਖ ਥਾਵਾਂ 'ਤੇ ਖਾਲਿਸਤਾਨ ਸਮਰਥਿਤ ਨਾਅਰੇ ਲਿਖੇ।" ਅਧਿਕਾਰੀ ਨੇ ਦੱਸਿਆ ਕਿ ਜਾਂਚ 'ਚ ਪਤਾ ਲੱਗਾ ਹੈ ਕਿ ਸਾਜ਼ਿਸ਼ ਕੈਨੇਡਾ 'ਚ ਰਚੀ ਗਈ ਸੀ, ਜਿੱਥੇ ਪੰਨੂ ਦੇ ਕਰੀਬੀ ਸਹਿਯੋਗੀ ਨੇ ਦੋਸ਼ੀਆਂ ਨਾਲ ਤਾਲਮੇਲ ਕੀਤਾ ਸੀ। ਉਨ੍ਹਾਂ ਦੱਸਿਆ ਕਿ ਪੰਨੂ ਦੇ ਸਹਿਯੋਗੀ ਨੇ ਬਲਜਿੰਦਰ ਅਤੇ ਰੋਹਿਤ ਨੂੰ ਇਹ ਕੰਮ ਸੌਂਪਿਆ ਸੀ। ਪੁਲਸ ਨੇ ਦੱਸਿਆ ਕਿ ਪੁੱਛ-ਗਿੱਛ ਦੌਰਾਨ ਬਲਜਿੰਦਰ ਨੇ ਖੁਲਾਸਾ ਕੀਤਾ ਕਿ ਉਸ ਨੂੰ ਰੁਪਿਆਂ ਨਾਲ ਸਰੋਤ ਮਦਦ ਦਾ ਵੀ ਲਾਲਚ ਦਿੱਤਾ ਗਿਆ ਸੀ। ਜਦੋਂ ਕਿ ਰੋਹਿਤ ਨੇ ਉਸ ਨੂੰ ਥਾਵਾਂ ਦੀ ਪਛਾਣ ਕਰਨ ਅਤੇ ਇਸ ਕੰਮ ਨੂੰ ਅੰਜਾਮ ਦੇਣ 'ਚ ਮਦਦ ਕੀਤੀ। ਅਧਿਕਾਰੀ ਨੇ ਕਿਹਾ,"ਪੁਲਸ ਪੰਨੂ ਅਤੇ ਉਸ ਦੇ ਨੈੱਟਵਰਕ ਨਾਲ ਜੁੜੇ ਹੋਰ ਲੋਕਾਂ ਦੀ ਭਾਲ ਜਾਰੀ ਰੱਖੇ ਹੋਏ ਹੈ।"

## 1000 ਰੁਪਏ ਕਿਲੋ ਟਮਾਟਰ ! ਖਰੀਦਦਾਰਾਂ ਦੀਆਂ ਲੱਗੀਆਂ ਲਾਈਨਾਂ, ਜਾਣੋ ਕਿਉਂ ਹਨ ਖ਼ਾਸ

ਬੈਤੂਲ–5 ਫਰਵਰੀ, ਮੱਧ ਪ੍ਰਦੇਸ਼ ਦੇ ਬੈਤੂਲ ਜ਼ਿਲ੍ਹੇ ਦੇ ਇਕ ਉੱਨਤ ਕਿਸਾਨ ਅਨਿਲ ਵਰਮਾ ਨੇ ਖੇਤੀ ਦੀ ਦੁਨੀਆ 'ਚ ਇਕ ਨਵਾਂ ਅਧਿਆਏ ਲਿਖ ਦਿੱਤਾ ਹੈ। ਉਨ੍ਹਾਂ ਨੇ ਜ਼ਿਲ੍ਹੇ 'ਚ ਪਹਿਲੀ ਵਾਰ ਕਾਲੇ ਟਮਾਟਰ ਦੀ ਸਫਲ ਖੇਤੀ ਕਰਕੇ ਇਹ ਸਾਬਤ ਕਰ ਦਿੱਤਾ ਹੈ ਕਿ ਨਵੀਂ ਤਕਨੀਕ ਅਤੇ ਨਵੀਨਤਾ ਨਾਲ ਕਿਸਾਨ ਆਪਣੀ ਆਮਦਨ 'ਚ ਕਈ ਗੁਣਾ ਵਾਧਾ ਕਰ ਸਕਦੇ ਹਨ।

ਵਿਦੇਸ਼ੀ ਬੀਜਾਂ ਤੋਂ ਤਿਆਰ ਹੋਈ ਫਸਲ

ਇਹ ਖਾਸ ਕਿਸਮ ਦਾ ਟਮਾਟਰ ਮੂਲ ਰੂਪ 'ਚ ਅਮਰੀਕਾ 'ਚ ਵਿਕਸਿਤ ਕੀਤਾ ਗਿਆ ਸੀ ਅਤੇ ਮੌਜੂਦਾ ਸਮੇਂ ਅਮਰੀਕਾ, ਬ੍ਰਿਟੇਨ, ਜਾਪਾਨ ਅਤੇ ਆਸਟ?ਰੇਲੀਆ ਵਰਗੇ ਦੇਸ਼ਾਂ 'ਚ ਇਸ ਦੀ ਖੇਤੀ ਕੀਤੀ ਜਾਂਦੀ ਹੈ। ਅਨਿਲ ਵਰਮਾ ਨੇ ਇਸ ਦੇ ਬੀਜ ਵਿਦੇਸ਼ਾਂ ਤੋਂ ਮੰਗਵਾਏ ਸਨ, ਜਿਨ੍ਹਾਂ ਦੀ ਕੀਮਤ ਲਗਭਗ 3000 ਰੁਪਏ 'ਚ ਸਿਰਫ 60 ਤੋਂ 70 ਦਾਣੇ ਪਈ ਸੀ। ਇੰਨੀ ਜ਼ਿਆਦਾ ਲਾਗਤ ਦੇ ਬਾਵਜੂਦ, ਫਸਲ ਦੀ ਉੱਚੀ ਕੀਮਤ ਕਾਰਨ ਇਹ ਲਾਹੇਵੰਦ ਸਾਬਤ ਹੋ ਰਹੀ ਹੈ।

ਆਮ ਟਮਾਟਰ ਨਾਲੋਂ ਭਾਰੀ ਅਤੇ ਗੁਣਕਾਰੀ

ਜਿੱਥੇ ਆਮ ਟਮਾਟਰ ਲਾਲ ਹੁੰਦੇ ਹਨ, ਉੱਥੇ ਇਹ ਟਮਾਟਰ ਗੂੜ੍ਹੇ ਜਾਮਣੀ-ਕਾਲੇ ਰੰਗ ਦਾ ਹੈ। ਅਨਿਲ ਵਰਮਾ ਦੇ ਖੇਤ 'ਚ ਉੱਗਿਆ ਇਕ ਟਮਾਟਰ 350 ਤੋਂ 400 ਗ੍ਰਾਮ ਤੱਕ ਦਾ ਹੈ, ਜੋ ਕਿ ਆਮ ਟਮਾਟਰ ਨਾਲੋਂ ਕਿਤੇ ਵੱਡਾ ਅਤੇ ਭਾਰੀ ਹੈ। ਇਸ ਦਾ ਸਵਾਦ ਹਲਕਾ ਮਿੱਠਾ ਅਤੇ ਘੱਟ ਖੱਟਾ ਹੁੰਦਾ ਹੈ, ਜਿਸ ਕਾਰਨ ਸਲਾਦ, ਸੂਪ ਅਤੇ ਖਾਸ ਪਕਵਾਨਾਂ 'ਚ ਇਸ ਦੀ ਮੰਗ ਬਹੁਤ ਜ਼ਿਆਦਾ ਹੈ।

ਸਿਹਤ ਲਈ 'ਵਰਦਾਨ' ਹੈ ਇਹ ਕਾਲਾ ਟਮਾਟਰ

ਮਾਹਿਰਾਂ ਨੇ ਇਸ ਨੂੰ 'ਪ੍ਰੀਮੀਅਮ ਸੁਪਰਫੂਡ' ਦੀ ਸ਼੍ਰੇਣੀ 'ਚ ਰੱਖਿਆ ਹੈ। ਇਸ 'ਚ ਵਿਟਾਮਿਨ ਏ, ਸੀ ਅਤੇ ਕੇ ਦੇ ਨਾਲ-ਨਾਲ ਐਂਥੋਸਾਇਨਿਨ ਅਤੇ ਲਾਈਕੋਪੀਨ ਵਰਗੇ ਸ਼ਕਤੀਸ਼ਾਲੀ ਐਂਟੀਆਕਸੀਡੈਂਟ ਪਾਏ ਜਾਂਦੇ ਹਨ। ਇਹ ਤੱਤ ਦਿਲ ਦੀਆਂ ਬੀਮਾਰੀਆਂ, ਕੈਂਸਰ, ਸੋਜ ਅਤੇ ਅੱਖਾਂ ਦੀਆਂ ਸਮੱਸਿਆਵਾਂ ਤੋਂ ਬਚਾਅ 'ਚ ਮਦਦ ਕਰਦੇ ਹਨ।

ਕਿਸਾਨਾਂ ਲਈ ਭਵਿੱਖ ਦੀ ਖੇਤੀ

ਅਨਿਲ ਵਰਮਾ ਦਾ ਮੰਨਣਾ ਹੈ ਕਿ ਬਦਲਦੇ ਮੌਸਮ ਅਤੇ ਵਧਦੀ ਲਾਗਤ ਦੇ ਦੌਰ 'ਚ ਹਾਈ-ਵੈਲਿਊ ਫਸਲਾਂ ਖੇਤੀ ਨੂੰ ਮੁੜ ਮੁਨਾਫੇ ਦਾ ਸੌਦਾ ਬਣਾ ਸਕਦੀਆਂ ਹਨ। ਫਿਲਹਾਲ ਬਾਜ਼ਾਰ 'ਚ ਇਸ ਦੀ ਕੀਮਤ 1000 ਰੁਪਏ ਪ੍ਰਤੀ ਕਿੱਲੋ ਤੱਕ ਪਹੁੰਚ ਰਹੀ ਹੈ। ਖੇਤੀ ਮਾਹਿਰਾਂ ਅਨੁਸਾਰ ਬੈਤੂਲ ਦੀ ਜਲਵਾਯੂ ਅਤੇ ਮਿੱਟੀ ਇਸ ਖੇਤੀ ਲਈ ਬਹੁਤ ਅਨੁਕੂਲ ਹੈ ਅਤੇ ਅਨਿਲ ਵਰਮਾ ਦੀ ਸਫ਼ਲਤਾ ਤੋਂ ਪ੍ਰੇਰਿਤ ਹੋ ਕੇ ਹੁਣ ਹੋਰ ਕਿਸਾਨ ਵੀ ਇਸ ਪਾਸੇ ਰੁਚੀ ਦਿਖਾ ਰਹੇ ਹਨ।

## ਅਮਿਤ ਸ਼ਾਹ ਨੇ ਲਾਂਚ ਕੀਤੀ ਦੇਸ਼ ਦੀ ਪਹਿਲੀ ਸਹਿਕਾਰੀ 'ਭਾਰਤ ਟੈਕਸੀ', ਮਿਲਣਗੇ ਇਹ ਫਾਇਦੇ

ਨਵੀਂ ਦਿੱਲੀ–5 ਫਰਵਰੀ, ਦੇਸ਼ ਵਿੱਚ ਟੈਕਸੀ ਸੇਵਾਵਾਂ ਦੇ ਖੇਤਰ ਵਿੱਚ ਇੱਕ ਨਵਾਂ ਕ੍ਰਾਂਤੀਕਾਰੀ ਕਦਮ ਚੁੱਕਿਆ ਗਿਆ ਹੈ। ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਵੀਰਵਾਰ ਨੂੰ ਵਿਗਿਆਨ ਭਵਨ ਵਿਖੇ ਦੇਸ਼ ਦੇ ਪਹਿਲੇ ਸਹਿਕਾਰੀ-ਅਧਾਰਤ ਟੈਕਸੀ ਸੇਵਾ ਪਲੇਟਫਾਰਮ 'ਭਾਰਤ ਟੈਕਸੀ' ਦੀ ਅਧਿਕਾਰਤ ਸ਼ੁਰੂਆਤ ਕੀਤੀ। ਇਹ ਸੇਵਾ ਸਿੱਧੇ ਤੌਰ 'ਤੇ ਓਲਾ-ਉਬਰ ਅਤੇ ਰੈਪੀਡੋ ਵਰਗੀਆਂ ਨਿੱਜੀ ਕੰਪਨੀਆਂ ਦੇ ਏਕਾਧਿਕਾਰ ਨੂੰ ਚੁਣੌਤੀ ਦੇਵੇਗੀ। ਭਾਰਤ ਟੈਕਸੀ ਦੇਸ਼ ਦਾ ਪਹਿਲਾ ਅਜਿਹਾ ਪਲੇਟਫਾਰਮ ਹੈ ਜੋ ਡਰਾਈਵਰ-ਓਨਰਸ਼ਿਪ ਮਾਡਲ 'ਤੇ ਅਧਾਰਤ ਹੈ। ਇਸ ਐਪ ਰਾਹੀਂ ਕੰਮ ਕਰਨ ਵਾਲੇ ਡਰਾਈਵਰਾਂ ਤੋਂ ਕੋਈ ਕਮਿਸ਼ਨ ਨਹੀਂ ਲਿਆ ਜਾਵੇਗਾ, ਜਿਸ ਨਾਲ ਉਨ੍ਹਾਂ ਨੂੰ ਆਪਣੀ ਕਮਾਈ ਦਾ ਪੂਰਾ ਹੱਕ ਮਿਲੇਗਾ। ਡਰਾਈਵਰ ਸਿਰਫ਼ ਮਾਮੂਲੀ ਦੈਨਿਕ, ਹਫ਼ਤਾਵਾਰੀ ਜਾਂ ਮਾਸਿਕ ਮੈਂਬਰਸ਼ਿਪ ਫੀਸ ਦੇ ਕੇ ਇਸ ਨਾਲ ਜੁੜ ਸਕਦੇ ਹਨ। ਹੁਣ ਤੱਕ ਇਸ ਸੇਵਾ ਨਾਲ 4 ਲੱਖ ਤੋਂ ਵੱਧ ਡਰਾਈਵਰ (ਜਿਨ੍ਹਾਂ ਨੂੰ 'ਸਾਰਥੀ' ਕਿਹਾ ਜਾਂਦਾ ਹੈ) ਜੁੜ ਚੁੱਕੇ ਹਨ ਅਤੇ ਉਨ੍ਹਾਂ ਨੂੰ 10 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ।




ਆਮ ਲੋਕਾਂ ਲਈ ਸਭ ਤੋਂ ਵੱਡੀ ਰਾਹਤ ਇਹ ਹੈ ਕਿ ਭਾਰਤ ਟੈਕਸੀ ਵਿੱਚ ਸਰਜ ਪ੍ਰਾਈਸਿੰਗ ਦੀ ਸਮੱਸਿਆ ਨਹੀਂ ਹੋਵੇਗੀ। ਅਕਸਰ ਦੇਖਿਆ ਜਾਂਦਾ ਹੈ ਕਿ ਬਾਰਿਸ਼, ਟ?ਰੈਫਿਕ ਜਾਂ ਭੀੜ ਵਾਲੇ ਸਮੇਂ ਨਿੱਜੀ ਕੰਪਨੀਆਂ ਕਿਰਾਇਆ ਦੁੱਗਣਾ ਕਰ ਦਿੰਦੀਆਂ ਹਨ, ਪਰ ਭਾਰਤ ਟੈਕਸੀ ਵਿੱਚ ਕਿਰਾਇਆ ਪਹਿਲਾਂ ਤੋਂ ਤੈਅ ਅਤੇ ਪਾਰਦਰਸ਼ੀ ਹੋਵੇਗਾ। ਇਸ ਰਾਹੀਂ ਲੋਕ ਆਟੋ, ਕਾਰ ਅਤੇ ਬਾਈਕ ਟੈਕਸੀ ਬੁੱਕ ਕਰ ਸਕਣਗੇ।

ਇਹ ਦੁਨੀਆ ਦੀ ਸਭ ਤੋਂ ਵੱਡੀ ਸਹਿਕਾਰੀ ਕੈਬ ਸੇਵਾ ਹੈ, ਜਿਸ ਨੂੰ ਦੇਸ਼ ਦੀਆਂ 8 ਪ੍ਰਮੁੱਖ ਸਹਿਕਾਰੀ ਸੰਸਥਾਵਾਂ ਮਿਲ ਕੇ ਚਲਾ ਰਹੀਆਂ ਹਨ। ਇਨ੍ਹਾਂ ਵਿੱਚ ਅਮੂਲ, ਇਫਕੋ, ਕ੍ਰਿਭਕੋ, ਨਾਫੇਡ, ਐਨ.ਡੀ.ਡੀ.ਬੀ., ਐਨ.ਸੀ.ਈ.ਐਲ., ਐਨ.ਸੀ.ਡੀ.ਸੀ. ਅਤੇ ਨਾਬਾਰਡ ਸ਼ਾਮਲ ਹਨ।

## ਦਿੱਲੀ ਹਾਈ ਕੋਰਟ ਦਾ ਵੱਡਾ ਫੈਸਲਾ: ਭਾਰਤ 'ਚ ਜਨਮੀ ਤਿੱਬਤੀ ਔਰਤ ਭਾਰਤੀ ਨਾਗਰਿਕ ਐਲਾਨ

ਨਵੀਂ ਦਿੱਲੀ- 5 ਫਰਵਰੀ, ਦਿੱਲੀ ਹਾਈ ਕੋਰਟ ਨੇ ਜਨਮ ਦੇ ਅਧਾਰ 'ਤੇ ਨਾਗਰਿਕਤਾ ਦੀ ਸੰਵਿਧਾਨਕ ਗਾਰੰਟੀ ਨੂੰ ਬਰਕਰਾਰ ਰੱਖਦੇ ਹੋਏ ਇਕ ਅਹਿਮ ਫੈਸਲਾ ਸੁਣਾਇਆ ਹੈ। ਅਦਾਲਤ ਨੇ 1966 'ਚ ਧਰਮਸ਼ਾਲਾ (ਹਿਮਾਚਲ ਪ੍ਰਦੇਸ਼) 'ਚ ਜਨਮੀ ਇਕ ਤਿੱਬਤੀ ਮੂਲ ਦੀ ਔਰਤ, ਯਾਂਗਚੇਨ ਦ੍ਰਾਕਮਾਰਗਿਆਪੋਨ ਨੂੰ ਭਾਰਤੀ ਨਾਗਰਿਕ ਐਲਾਨ ਦਿੱਤਾ ਹੈ ਅਤੇ ਅਧਿਕਾਰੀਆਂ ਨੂੰ ਉਸ ਨੂੰ ਤੁਰੰਤ ਭਾਰਤੀ ਪਾਸਪੋਰਟ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਹਨ। ਜਸਟਿਸ ਸਚਿਨ ਦੱਤਾ ਦੀ ਸਿੰਗਲ ਬੈਂਚ ਨੇ ਰਿੱਟ ਪਟੀਸ਼ਨ ਨੂੰ ਸਵੀਕਾਰ ਕਰਦਿਆਂ ਕਿਹਾ ਕਿ ਪਟੀਸ਼ਨਕਰਤਾ ਦਾ ਮਾਮਲਾ ਨਾਗਰਿਕਤਾ ਐਕਟ, 1955 ਦੀ ਧਾਰਾ 3(1)(ਕ) ਦੇ ਦਾਇਰੇ 'ਚ ਆਉਂਦਾ ਹੈ। ਇਹ ਕਾਨੂੰਨ ਸਪੱਸ਼ਟ ਕਰਦਾ ਹੈ ਕਿ 26 ਜਨਵਰੀ 1950 ਤੋਂ 1 ਜੁਲਾਈ 1987 ਦੇ ਵਿਚਕਾਰ ਭਾਰਤ 'ਚ ਜਨਮੇ ਹਰ ਵਿਅਕਤੀ ਨੂੰ ਜਨਮ ਦੇ ਆਧਾਰ 'ਤੇ ਭਾਰਤੀ ਨਾਗਰਿਕਤਾ ਮਿਲਣੀ ਚਾਹੀਦੀ ਹੈ। ਯਾਂਗਚੇਨ ਦਾ ਜਨਮ 15 ਮਈ 1966 ਨੂੰ ਧਰਮਸ਼ਾਲਾ 'ਚ ਹੋਇਆ ਸੀ ਅਤੇ ਉਸ ਦੇ ਅਧਿਕਾਰਤ ਦਸਤਾਵੇਜ਼ਾਂ 'ਚ ਇਹ ਜਾਣਕਾਰੀ ਸਪੱਸ਼ਟ ਤੌਰ 'ਤੇ ਦਰਜ ਹੈ। ਯਾਂਗਚੇਨ 1997 'ਚ ਸਵਿਟਜ਼ਰਲੈਂਡ ਚਲੀ ਗਈ ਸੀ, ਜਿੱਥੇ ਸਵਿਸ ਅਧਿਕਾਰੀਆਂ ਨੇ ਉਸ ਨੂੰ ਸਿਰਫ਼ ਯਾਤਰਾ ਲਈ ਇਕ ਖ਼ਾਸ ਤਰ੍ਹਾਂ ਦਾ 'ਵਿਦੇਸ਼ੀਆਂ ਲਈ ਪਾਸਪੋਰਟ' ਜਾਰੀ ਕੀਤਾ ਸੀ। ਸਾਲ 2014 'ਚ ਇਸ ਦਸਤਾਵੇਜ਼ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਸਵਿਸ ਅਧਿਕਾਰੀਆਂ ਨੇ ਇਸ ਨੂੰ ਰੀਨਿਊ ਕਰਨ ਤੋਂ ਮਨ੍ਹਾ ਕਰ ਦਿੱਤਾ ਅਤੇ ਉਸ ਨੂੰ ਭਾਰਤ ਤੋਂ ਪਾਸਪੋਰਟ ਪ੍ਰਾਪਤ ਕਰਨ ਲਈ ਕਿਹਾ। ਜਦੋਂ ਉਸ ਨੇ ਭਾਰਤੀ ਅਧਿਕਾਰੀਆਂ ਨਾਲ ਸੰਪਰਕ ਕੀਤਾ ਤਾਂ ਯਾਂਗਚੇਨ ਨੂੰ ਦੱਸਿਆ ਗਿਆ ਕਿ ਉਸ ਨੂੰ ਪਾਸਪੋਰਟ ਨਹੀਂ ਮਿਲ ਸਕਦਾ। ਕੇਂਦਰ ਸਰਕਾਰ ਨੇ ਤਰਕ ਦਿੱਤਾ ਸੀ ਕਿ ਵਿਦੇਸ਼ੀ ਯਾਤਰਾ ਦਸਤਾਵੇਜ਼ ਰੱਖਣਾ ਸਵੈ-ਇੱਛਾ ਨਾਲ ਵਿਦੇਸ਼ੀ ਨਾਗਰਿਕਤਾ ਲੈਣ ਵਰਗਾ ਹੈ ਪਰ ਅਦਾਲਤ ਨੇ ਇਸ ਦਲੀਲ ਨੂੰ ਨਹੀਂ ਮੰਨਿਆ ਅਤੇ ਉਸ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ। ਅਦਾਲਤ ਨੇ ਸਪੱਸ਼ਟ ਕੀਤਾ ਕਿ ਅਜਿਹੇ ਅਸਥਾਈ ਯਾਤਰਾ ਦਸਤਾਵੇਜ਼ਾਂ ਨਾਲ ਭਾਰਤੀ ਨਾਗਰਿਕਤਾ ਖ਼ਤਮ ਨਹੀਂ ਹੁੰਦੀ ਹੈ। ਇਹ ਫ਼ੈਸਲਾ ਭਾਰਤ 'ਚ, ਵਿਸ਼ੇਸ਼ ਕਰ ਕੇ ਧਰਮਸ਼ਾਲਾ 'ਚ ਰਹਿ ਰਹੇ ਲੈ ਕੇ ਆਇਆ, ਜੋ ਦਹਾਕਿਆਂ ਤੋਂ ਆਪਣੀ ਨਾਗਰਿਕ ਪਛਾਣ ਨੂੰ ਲੈ ਕੇ ਕਾਨੂੰਨੀ ਬੇਨਿਯਮੀਆਂ ਦਾ ਸਾਹਮਣਾ ਕਰ ਰਹੇ ਹਨ। ਅਦਾਲਤ ਦੇ ਫ਼ੈਸਲੇ ਤੋਂ ਸਾਫ਼ ਹੋ ਗਿਆ ਹੈ ਕਿ ਕਿਸੇ ਸ਼ਰਨਾਰਥੀ ਦੇ ਦੂਜੇ ਵੰਸ਼ ਦੇ ਹੋਣ ਦੇ ਬਾਵਜੂਦ, ਕਾਨੂੰਨ ਦੇ ਅਧੀਨ ਮਿਲਣ ਵਾਲੇ ਨਾਗਰਿਕਤਾ ਦੇ ਅਧਿਕਾਰ ਨੂੰ ਪ੍ਰਸ਼ਾਸਨਿਕ ਦੇਰੀ ਜਾਂ ਨੌਕਰਸ਼ਾਹੀ ਦੇ ਇਨਕਾਰ ਤੋਂ ਖ਼ਤਮ ਨਹੀਂ ਕੀਤਾ ਜਾ ਸਕਦਾ।

## ਨੀਟ-PG ਦਾ ਕੱਟ-ਆਫ ਘਟਾਉਣ ਦੇ ਫੈਸਲੇ 'ਤੇ ਕੇਂਦਰ ਨੂੰ ਨੋਟਿਸ, SC 'ਚ ਅਗਲੀ ਸੁਣਵਾਈ ਭਲਕੇ

ਨਵੀਂ ਦਿੱਲੀ –5 ਫਰਵਰੀ : ਸੁਪਰੀਮ ਕੋਰਟ ਨੇ ਨੈਸ਼ਨਲ ਬੋਰਡ ਆਫ਼ ਐਗਜ਼ਾਮੀਨੇਸ਼ਨਜ਼ ਇਨ ਮੈਡੀਕਲ ਸਾਇੰਸਜ਼ ਦੇ ਨੀਟ-ਪੀ. ਜੀ. 2025-26 'ਚ ਦਾਖਲੇ ਲਈ ਯੋਗਤਾ ਕੱਟ-ਆਫ ਫੀਸਦੀ 'ਚ ਭਾਰੀ ਕਮੀ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਬੁੱਧਵਾਰ ਕੇਂਦਰ ਤੇ ਹੋਰਾਂ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ। ਇਸ ਸਬੰਧ ਵਿਚ ਜਸਟਿਸ ਪੀ. ਐੱਸ. ਨਰਸਿਮ?ਹਾ ਤੇ ਆਲੋਕ ਅਰਾਧੇ ਦੇ ਬੈਂਚ ਨੇ ਕੇਂਦਰ ਸਰਕਾਰ, ਨੈਸ਼ਨਲ ਬੋਰਡ ਆਫ਼ ਐਗਜ਼ਾਮੀਨੇਸ਼ਨਜ਼ ਇਨ ਮੈਡੀਕਲ ਸਾਇੰਸਜ਼, ਨੈਸ਼ਨਲ ਮੈਡੀਕਲ ਕਮਿਸ਼ਨ ਤੇ ਹੋਰਾਂ ਨੂੰ ਨੋਟਿਸ ਜਾਰੀ ਕੀਤੇ। ਮਾਮਲੇ ਦੀ ਅਗਲੀ ਸੁਣਵਾਈ 6 ਫਰਵਰੀ ਨੂੰ ਹੋਵੇਗੀ।


ਦੱਸ ਦੇਈਏ ਕਿ ਬੋਰਡ ਨੇ ਪੂਰੇ ਦੇਸ਼ 'ਚ 18,000 ਤੋਂ ਵੱਧ ਪੋਸਟ ਗ੍ਰੈਜੂਏਟ ਮੈਡੀਕਲ ਸੀਟਾਂ ਖਾਲੀ ਰਹਿਣ ਕਾਰਨ ਰਾਸ਼ਟਰੀ ਯੋਗਤਾ-ਕਮ-ਦਾਖਲਾ ਪ੍ਰੀਖਿਆ (ਨੀਟ-ਪੀ. ਜੀ.) 2025 'ਚ ਦਾਖਲੇ ਲਈ ਯੋਗਤਾ ਦੀ ਫੀਸਦੀ ਨੂੰ ਸੋਧਿਆ ਹੈ। ਰਾਖਵੀਆਂ ਸ਼੍ਰੇਣੀਆਂ ਲਈ ਇਸ ਨੂੰ 40 ਫੀਸਦੀ ਤੋਂ ਘਟਾ ਕੇ ਜ਼ੀਰੋ ਕਰ ਦਿੱਤਾ ਗਿਆ ਹੈ ਤਾਂ ਜੋ ਘੱਟ ਅੰਕ ਹਾਸਲ ਕਰਨ ਵਾਲੇ ਉਮੀਦਵਾਰ ਵੀ ਪੋਸਟ ਗ੍ਰੈਜੂਏਟ ਮੈਡੀਕਲ ਸੀਟਾਂ ਲਈ ਕੌਂਸਲਿੰਗ ਦੇ ਤੀਜੇ ਦੌਰ 'ਚ ਹਿੱਸਾ ਲੈ ਸਕਣ।

## Epstein ਦੀ 'ਬਲੈਕ ਬੁੱਕ' 'ਚ ਭਾਰਤੀ ਨਾਂ ! ਸੋਸ਼ਲ ਮੀਡੀਆ 'ਤੇ ਛਿੜੀ ਵੱਡੀ ਚਰਚਾ

ਇੰਟਰਨੈਸ਼ਨਲ ਡੈਸਕ–5 ਫਰਵਰੀ, ਦੁਨੀਆ ਭਰ 'ਚ ਚਰਚਾ ਦਾ ਵਿਸ਼ਾ ਬਣੇ ਹੋਏ ਅਮਰੀਕਾ ਦੇ ਐਪਸਟਾਈਨ ਸੈਕਸ ਸਕੈਂਡਲ ਦੇ ਦਸਤਾਵੇਜ਼ ਸਾਹਮਣੇ ਹੋਣ ਤੋਂ ਬਾਅਦ ਹੁਣ ਇਸ ਵਿੱਚ ਇੱਕ ਭਾਰਤੀ ਵਿਅਕਤੀ ਦਾ ਨਾਂ ਸਾਹਮਣੇ ਆਉਣ ਮਗਰੋਂ ਹਰ ਕੋਈ ਹੈਰਾਨ ਹੋ ਗਿਆ ਹੈ। ਰਿਪੋਰਟਾਂ ਅਨੁਸਾਰ, ਭਾਰਤ ਦੇ ਸਾਬਕਾ ਚੀਫ ਇਨਫਰਮੇਸ਼ਨ ਕਮਿਸ਼ਨਰ ਅਤੇ ਸੀਨੀਅਰ ਡਿਪਲੋਮੈਟ ਵਾਈ.ਕੇ. ਸਿਨਹਾ ਦਾ ਨਾਂ ਇਨ੍ਹਾਂ ਫਾਈਲਾਂ ਵਿੱਚ ਦਰਜ ਹੈ।

ਕੀ ਹੈ ਪੂਰਾ ਮਾਮਲਾ ?

ਜੈਫਰੀ ਐਪਸਟਾਈਨ, ਜਿਸ 'ਤੇ ਨਾਬਾਲਗ ਲੜਕੀਆਂ ਦੀ ਤਸਕਰੀ ਅਤੇ ਸ਼ੋਸ਼ਣ ਦੇ ਗੰਭੀਰ ਦੋਸ਼ ਸਨ, ਦੇ ਹਜ਼ਾਰਾਂ ਪੰਨਿਆਂ ਦੇ ਅਦਾਲਤੀ ਦਸਤਾਵੇਜ਼ ਜਨਤਕ ਕੀਤੇ ਗਏ ਹਨ। ਇਨ੍ਹਾਂ ਦਸਤਾਵੇਜ਼ਾਂ ਵਿੱਚ ਉਨ੍ਹਾਂ ਲੋਕਾਂ ਦੇ ਨਾਮ ਸ਼ਾਮਲ ਹਨ ਜਿਨ੍ਹਾਂ ਨੇ ਜਾਂ ਤਾਂ ਐਪਸਟਾਈਨ ਨਾਲ ਮੁਲਾਕਾਤ ਕੀਤੀ ਸੀ ਜਾਂ ਉਸ ਦੇ ਨਿੱਜੀ ਟਾਪੂ ਦੀ ਯਾਤਰਾ ਕੀਤੀ ਸੀ।



ਸੋਸ਼ਲ ਮੀਡੀਆ ਅਤੇ ਕੁਝ ਮੀਡੀਆ ਰਿਪੋਰਟਾਂ ਵਿੱਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਸਿਨਹਾ ਦਾ ਨਾਂ ਐਪਸਟਾਈਨ ਦੀ 'ਬਲੈਕ ਬੁੱਕ' ਜਾਂ ਮੁਲਾਕਾਤਾਂ ਦੀ ਸੂਚੀ ਵਿੱਚ ਮਿਲਿਆ ਹੈ। ਇਹ ਸੰਪਰਕ ਉਸ ਸਮੇਂ ਦੇ ਦੱਸੇ ਜਾ ਰਹੇ ਹਨ ਜਦੋਂ ਉਹ ਵਿਦੇਸ਼ ਮੰਤਰਾਲੇ ਵਿੱਚ ਅਹਿਮ ਅਹੁਦੇ 'ਤੇ ਤਾਇਨਾਤ ਸਨ।

ਵਾਇਰਲ ਹੋ ਰਹੀਆਂ ਪੋਸਟਾਂ 'ਚ ਦੱਸਿਆ ਗਿਆ ਹੈ ਕਿ ਪ੍ਰਿੰਸ ਐਂਡ੍ਰਿਊ ਵੀ ਐਪਸਟਾਈਨ ਦੇ ਟਾਪੂ 'ਤੇ ਗਏ ਸਨ ਤੇ ਉਨ੍ਹਾਂ ਦੀਆਂ ਐਪਸਟਾਈਨ ਨਾਲ ਮੁਲਾਕਾਤਾਂ 'ਚ ਯਸ਼ਵਰਧਨ ਕੁਮਾਰ ਸਿਨਹਾ ਨੇ ਅਹਿਮ ਭੂਮਿਕਾ ਨਿਭਾਈ ਸੀ। ਅਸਲ 'ਚ ਇਹ ਸਭ ਦਾਅਵੇ ਇਕ ਔਰਤ ਵੱਲੋਂ ਦਿੱਤੇ ਗਏ ਬਿਆਨਾਂ ਦੇ ਆਧਾਰ 'ਤੇ ਐਪਸਟਾਈਨ ਫਾਈਲਜ਼ ਦੇ ਜਾਰੀ ਕੀਤੇ ਗਏ ਨਵੇਂ ਦਸਤਾਵੇਜ਼ਾਂ 'ਚ ਕੀਤੇ ਗਏ ਹਨ। ਔਰਤ ਨੇ ਦੱਸਿਆ ਕਿ ਇਹ ਸਿਲਸਿਲਾ 1995-2003 ਦੇ ਵਿਚਾਲੇ ਦਾ ਹੈ ਤੇ ਐਪਸਟਾਈਨ ਟਾਪੂ 'ਤੇ ਉਸ ਨਾਲ ਵੀ ਕਈ ਵਾਰ ਜਬਰ-ਜਨਾਹ ਹੋਇਆ। ਇਹੀ ਨਹੀਂ, ਉਸ ਨੂੰ ਬਾਕੀ ਕੁੜੀਆਂ ਨੂੰ ਕਿਸੇ ਕਿਸਮ ਦੇ ਟੀਕੇ ਲਾਉਣ ਲਈ ਵੀ ਮਜਬੂਰ ਕੀਤਾ ਗਿਆ ਸੀ। ਉਸ ਨੇ ਹੀ ਇਹ ਵੀ ਦੱਸਿਆ ਕਿ ਇਸ ਮਾਮਲੇ 'ਚ ਲੰਡਨ 'ਚ ਭਾਰਤੀ ਕੌਂਸੁਲੇਟ ਵਾਈ.ਕੇ. ਸਿਨਹਾ ਦਾ ਨਾਂ ਵੀ ਸ਼ਾਮਲ ਹੈ ਤੇ ਕਿਹਾ ਕਿ ਕਿਸੇ ਨਾ ਕਿਸੇ ਤਰੀਕੇ ਉਸ ਨੇ ਹੀ ਪ੍ਰਿੰਸ ਐਂਡ੍ਰਿਊ ਤੇ ਜੈਫਰੀ ਐਪਸਟਾਈਨ ਦੀ ਮੁਲਾਕਾਤ ਕਰਵਾਈ ਸੀ।

ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਐਪਸਟਾਈਨ ਦੀ ਸੂਚੀ ਵਿੱਚ ਨਾਂ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਉਹ ਵਿਅਕਤੀ ਕਿਸੇ ਅਪਰਾਧ ਵਿੱਚ ਸ਼ਾਮਲ ਸੀ। ਕਈ ਨਾਂ ਸਿਰਫ਼ ਵਪਾਰਕ ਮੁਲਾਕਾਤਾਂ ਜਾਂ ਸਮਾਜਿਕ ਇਕੱਠਾਂ ਕਾਰਨ ਸੂਚੀ ਵਿੱਚ ਸ਼ਾਮਲ ਹਨ। ਹਾਲਾਂਕਿ, ਐਪਸਟਾਈਨ ਦੇ ਕਾਲੇ ਕਾਰਨਾਮਿਆਂ ਕਾਰਨ ਹੁਣ ਹਰ ਨਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

## ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ ਮੌਕੇ ਰਾਜ ਪੱਧਰੀ ਸਮਾਗਮ; ਦੂਸਰੇ ਦਿਨ ਸ਼ਰਧਾ, ਸੇਵਾ ਤੇ ਸਮਰਪਣ ਦਾ ਸ਼ਾਨਦਾਰ ਸੰਗਮ

ਗੜ੍ਹਸ਼ੰਕਰ/ਹੁਸ਼ਿਆਰਪੁਰ, 5 ਫਰਵਰੀ : ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪਵਿੱਤਰ ਪ੍ਰਕਾਸ਼ ਪੁਰਬ ਮੌਕੇ ਪੰਜਾਬ ਸਰਕਾਰ ਵੱਲੋਂ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਆਯੋਜਿਤ ਰਾਜ ਪੱਧਰੀ ਸਮਾਗਮ ਦਾ ਦੂਜਾ ਦਿਨ ਅਤਿ ਸ਼ਰਧਾ, ਧਾਰਮਿਕ ਮਾਣ ਅਤੇ ਅਧਿਆਤਮਿਕ ਮਾਹੌਲ ਵਿੱਚ ਰੰਗਿਆ ਗਿਆ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਜੀ ਮੈਮੋਰੀਅਲ, ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਰੱਖੇ ਗਏ ਸ੍ਰੀ ਅਖੰਡ ਸਾਹਿਬ ਜੀ ਦੇ ਪਾਵਨ ਪਾਠ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਚਰਨਾਂ ਵਿਚ ਹਾਜ਼ਰੀ ਲਗਾਈ ਅਤੇ ਸਾਰੀ ਮਾਨਵਤਾ ਦੀ ਭਲਾਈ, ਸੁੱਖ ਸਮਰਿਧੀ ਅਤੇ ਭਾਈਚਾਰੇ ਦੀ ਅਰਦਾਸ ਕੀਤੀ। ਇਹ ਵਿਸ਼ਾਲ ਸਮਾਗਮ 6 ਫਰਵਰੀ ਤੱਕ ਜਾਰੀ ਰਹੇਗਾ, ਜਦੋਂ ਸ੍ਰੀ ਅਖੰਡ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਸਮਾਗਮ ਦੇ ਆਖ਼ਰੀ ਦਿਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਗੁਰੂ ਚਰਨਾਂ ਵਿੱਚ ਮੱਥਾ ਟੇਕਣਗੇ ਅਤੇ ਸੂਬੇ ਦੀ ਤਰੱਕੀ, ਸ਼ਾਂਤੀ ਅਤੇ ਸਦਭਾਵਨਾ ਲਈ ਅਰਦਾਸ ਕਰਨਗੇ। ਸਮਾਗਮ ਦੇ ਦੌਰਾਨ ਸੰਤ ਸਮਾਜ ਦੀ ਮਾਣਮੱਤੀ ਮੌਜੂਦਗੀ ਨੇ ਸਮਾਗਮ ਨੂੰ ਅਧਿਆਤਮਿਕ ਉਚਾਈਆਂ 'ਤੇ ਪਹੁੰਚਾਇਆ। ਇਸ ਮੌਕੇ ਸੰਤ ਬਾਬਾ ਇੰਦਰ ਦਾਸ ਜੀ (ਡੇਰਾ ਸਤ ਸਾਹਿਬ, ਮੇਘੋਵਾਲ ਗੰਜੀਆਂ), ਸੰਤ ਮਹਿੰਦਰ ਦਾਸ ਜੀ, ਸੰਤ ਪ੍ਰੇਮ ਦਾਸ ਜੀ ਅਤੇ ਸੰਤ ਸੰਜੀਵ ਦਾਸ ਜੀ ਸ਼ਾਮਿਲ ਹੋਏ। ਉਨ੍ਹਾਂ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ – ਸਮਾਨਤਾ, ਪਿਆਰ, ਦਇਆ ਅਤੇ ਮਨੁੱਖਤਾ – ਨੂੰ ਜੀਵਨ ਵਿੱਚ ਅਪਣਾਉਣ ਦਾ ਸੰਦੇਸ਼ ਸਾਂਝਾ ਕੀਤਾ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ, ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਅਤੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਡਾ. ਜਸਵੀਰ ਸਿੰਘ ਗੜ੍ਹੀ ਨੇ ਗੁਰੂ ਜੀ ਦੇ ਚਰਨਾਂ ਵਿੱਚ ਸ਼ਰਧਾ ਨਾਲ ਮੱਥਾ ਟੇਕਿਆ ਅਤੇ ਸੂਬੇ ਅਤੇ ਦੇਸ਼ ਦੀ ਖੁਸ਼ਹਾਲੀ ਲਈ ਅਰਦਾਸ ਕੀਤੀ। ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਜੀਵਨ ਸਮਾਜ ਨੂੰ ਸਮਾਨਤਾ, ਭਾਈਚਾਰੇ ਅਤੇ ਸਮਾਜਿਕ ਨਿਆਂ ਦਾ ਮਾਰਗ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਗੁਰੂ ਜੀ ਦੀਆਂ ਸਿੱਖਿਆਵਾਂ ਅੱਜ ਵੀ ਓਨੀਆਂ ਹੀ ਪ੍ਰਸੰਗਿਕ ਹਨ ਜਿੰਨੀਆਂ ਉਸ ਸਮੇਂ ਸਨ ਅਤੇ ਸਾਨੂੰ ਆਪਸੀ ਸਦਭਾਵਨਾ, ਸਹਿਣਸ਼ੀਲਤਾ ਅਤੇ ਸੇਵਾ ਦੀ ਭਾਵਨਾ ਨਾਲ ਸਮਾਜ ਦੇ ਨਿਰਮਾਣ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਨੇ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਜਨਤਾ ਤੱਕ ਪਹੁੰਚਾਉਣ ਲਈ ਸੂਬਾ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਵੀ ਸ਼ਲਾਘਾ ਕੀਤੀ। ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਗੁਰੂ ਰਵਿਦਾਸ ਮਹਾਰਾਜ ਜੀ ਦਾ ਸੰਦੇਸ਼ ਜਾਤ-ਪਾਤ, ਭੇਦਭਾਵ ਅਤੇ ਊਚ-ਨੀਚ ਤੋਂ ਉੱਪਰ ਉੱਠ ਕੇ ਮਨੁੱਖਤਾ ਦੀ ਸੇਵਾ ਕਰਨਾ ਹੈ।



ਉਨ੍ਹਾਂ ਕਿਹਾ ਕਿ ਸਾਲ 2027 ਵਿੱਚ ਗੁਰੂ ਰਵਿਦਾਸ ਮਹਾਰਾਜ ਜੀ ਦਾ 650ਵਾਂ ਪ੍ਰਕਾਸ਼ ਪੁਰਬ ਇਤਿਹਾਸਕ ਅਤੇ ਵਿਸ਼ਾਲ ਪੱਧਰ 'ਤੇ ਮਨਾਇਆ ਜਾਵੇਗਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ 649ਵੇਂ ਪ੍ਰਕਾਸ਼ ਪੁਰਬ ਦੇ ਮੌਕੇ 'ਤੇ 4 ਫਰਵਰੀ ਤੋਂ ਸਾਲ ਭਰ ਚੱਲਣ ਵਾਲੇ ਜਸ਼ਨਾਂ ਦੀ ਇਕ ਲੜੀ ਸ਼ੁਰੂ ਕੀਤੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਸਮਾਜ ਨੂੰ ਇਕਜੁੱਟ ਕਰਨ, ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਅਤੇ ਨੌਜਵਾਨ ਪੀੜ੍ਹੀ ਨੂੰ ਸਕਾਰਾਤਮਕ ਦਿਸ਼ਾ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਐਸ.ਸੀ. ਕਮਿਸ਼ਨ ਦੇ ਚੇਅਰਮੈਨ ਡਾ. ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੇ ਵਿਚਾਰਾਂ ਅਤੇ ਕਾਰਜਾਂ ਰਾਹੀਂ ਸਮਾਜ ਵਿੱਚ ਪ੍ਰਚੱਲਿਤ ਬੁਰਾਈਆਂ ਵਿਰੁੱਧ ਆਵਾਜ਼ ਬੁਲੰਦ ਕੀਤੀ ਅਤੇ ਸਮਾਨਤਾ ਅਧਾਰਿਤ ਸਮਾਜ ਦੀ ਨੀਂਹ ਰੱਖੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਗੁਰੂ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਨਾ ਲੈ ਕੇ ਸਮਾਜਿਕ ਨਿਆਂ ਅਤੇ ਕਮਜ਼ੋਰ ਵਰਗਾਂ ਦੇ ਉਥਾਨ ਲਈ ਨਿਰੰਤਰ ਕੰਮ ਕਰ ਰਹੀ ਹੈ। ਇਸ ਦੌਰਾਨ ਡੀ.ਆਈ.ਜੀ ਜਲੰਧਰ ਰੇਂਜ ਨਵੀਨ ਸਿੰਗਲਾ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਐਸ.ਐਸ.ਪੀ ਸੰਦੀਪ ਮਲਿਕ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ, ਐਸ.ਡੀ.ਐਮ ਮੁਕੇਰੀਆਂ ਓਇਸ਼ੀ ਮੰਡਲ, ਐਸ.ਡੀ.ਐਮ ਗੜ੍ਹਸ਼ੰਕਰ ਸੰਜੀਵ ਕੁਮਾਰ, ਐਸ.ਡੀ.ਐਮ ਦਸੂਹਾ ਕੰਵਲਜੀਤ ਸਿੰਘ, ਐਸ.ਡੀ.ਐਮ ਟਾਂਡਾ ਲਵਪ੍ਰੀਤ ਸਿੰਘ, ਸਹਾਇਕ ਕਮਿਸ਼ਨਰ ਪਰਮਪ੍ਰੀਤ ਸਿੰਘ ਤੋਂ ਇਲਾਵਾ ਹੋਰ ਸਿਵਲ ਅਤੇ ਪੁਲਿਸ ਅਧਿਕਾਰੀ ਵੀ ਮੌਜੂਦ ਸਨ।